Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ ਯੂ. ਐੱਸ. ਏ.

Chief Editor: Gurjatinder Singh Randhawa

Punjab Mail USA

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 915, 16th to 22nd July, 2026, Ph: 916-320-9444, E-mail: punjabmailusa@yahoo.com, Web: punjabmailusa.com

## ਪੰਜਾਬ ਕਾਂਗਰਸ 'ਚ ਸਿਆਸੀ ਘਮਾਸਾਨ ਹੋਰ ਤੇਜ਼

■ ਚੰਨੀ, ਬਾਜਵਾ, ਰਾਜਾ ਵੜਿੰਗ ਸਮੇਤ ਸੀਨੀਅਰ ਆਗੂਆਂ ਦੀ ਦਿੱਲੀ 'ਚ ਸਰਗਰਮੀ

■ 2027 ਦੀਆਂ ਚੋਣਾਂ ਤੋਂ ਪਹਿਲਾਂ ਹਾਈਕਮਾਂਡ ਵੱਲੋਂ ਮੀਟਿੰਗਾਂ ਤੇਜ਼



**ਨਵੀਂ ਦਿੱਲੀ/ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਕਾਂਗਰਸ ਵਿਚ ਚੱਲ ਰਹੀ ਅੰਦਰੂਨੀ ਖਿੱਚੋਤਾਣ ਹੁਣ ਨਵੇਂ ਦੌਰ ਵਿਚ ਦਾਖਲ ਹੋ ਗਈ ਹੈ। 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਕਾਂਗਰਸ ਹਾਈਕਮਾਂਡ ਨੇ ਦਿੱਲੀ ਵਿਚ ਮੀਟਿੰਗਾਂ ਦਾ ਸਿਲਸਿਲਾ ਤੇਜ਼ ਕਰ ਦਿੱਤਾ ਹੈ। ਪੰਜਾਬ ਦੇ ਕਈ ਸੀਨੀਅਰ ਆਗੂ ਲਗਾਤਾਰ ਦਿੱਲੀ ਪਹੁੰਚ ਰਹੇ ਹਨ, ਜਿਸ ਕਾਰਨ ਸਿਆਸੀ ਹਲਕਿਆਂ ਵਿਚ ਇਹ ਚਰਚਾ ਤੇਜ਼ ਹੋ ਗਈ ਹੈ ਕਿ ਪਾਰਟੀ ਆਉਣ ਵਾਲੀਆਂ ਚੋਣਾਂ ਲਈ ਆਪਣੀ ਰਣਨੀਤੀ ਨੂੰ ਨਵੇਂ ਸਿਰੇ ਤੋਂ ਤਿਆਰ ਕਰ ਰਹੀ ਹੈ।

ਸੂਤਰਾਂ ਅਨੁਸਾਰ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਹੋਰ ਸੀਨੀਅਰ ਆਗੂਆਂ ਨਾਲ ਕਾਂਗਰਸ ਹਾਈਕਮਾਂਡ ਵੱਲੋਂ ਵੱਖ-ਵੱਖ ਪੱਧਰਾਂ 'ਤੇ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਇਨ੍ਹਾਂ ਮੀਟਿੰਗਾਂ ਵਿਚ ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ, ਸੰਗਠਨ ਦੀ ਕਾਰਗੁਜ਼ਾਰੀ, ਵਰਕਰਾਂ ਦੀ ਨਾਰਾਜ਼ਗੀ ਅਤੇ 2027 ਦੀਆਂ ਚੋਣਾਂ ਲਈ ਪਾਰਟੀ ਦੀ ਤਿਆਰੀ 'ਤੇ ਵਿਸਥਾਰ ਨਾਲ ਚਰਚਾ ਹੋ ਰਹੀ ਹੈ।

ਦਿੱਲੀ ਵਿਚ ਹੋ ਰਹੀਆਂ ਮੀਟਿੰਗਾਂ ਦਾ ਇੱਕ ਵੱਡਾ ਕਾਰਨ ਪੰਜਾਬ ਕਾਂਗਰਸ ਅੰਦਰ ਚੱਲ ਰਹੀ ਧੜੇਬੰਦੀ ਨੂੰ ਵੀ ਮੰਨਿਆ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਪਾਰਟੀ ਦੇ ਕਈ ਸੀਨੀਅਰ ਆਗੂ ਸੂਬਾ ਲੀਡਰਸ਼ਿਪ ਦੀ ਕਾਰਗੁਜ਼ਾਰੀ ਨੂੰ ਲੈ ਕੇ ਆਪਣੇ ਵਿਚਾਰ ਖੁੱਲ੍ਹ ਕੇ ਰੱਖ ਰਹੇ ਹਨ। ਖਾਸ ਤੌਰ 'ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦੀ ਅਗਵਾਈ ਨੂੰ ਲੈ ਕੇ ਵੀ ਵੱਖ-ਵੱਖ ਧਿਰਾਂ ਵੱਲੋਂ ਸਵਾਲ ਉਠਾਏ ਗਏ ਹਨ। ਇਸ ਕਾਰਨ ਹਾਈਕਮਾਂਡ ਲਈ ਇਹ ਮਾਮਲਾ ਹੋਰ ਮਹੱਤਵਪੂਰਨ ਬਣ ਗਿਆ ਹੈ।

ਰਿਪੋਰਟਾਂ ਮੁਤਾਬਕ, ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਫਿਲਹਾਲ ਰਾਜਾ ਵੜਿੰਗ ਦੀ ਅਗਵਾਈ 'ਤੇ ਆਪਣਾ ਭਰੋਸਾ ਕਾਇਮ ਰੱਖਿਆ ਹੈ।

■ ਬਾਕੀ ਖਬਰ ਸਫਾ 28 'ਤੇ

## 2027 ਦੀਆਂ ਚੋਣਾਂ ਲਈ ਸਿਆਸੀ ਪਾਰਟੀਆਂ ਨੇ ਵਧਾਈ ਸਰਗਰਮੀ

■ ਸੱਤਾਧਾਰੀ 'ਆਪ' ਤੋਂ ਲੈ ਕੇ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਵੱਲੋਂ ਚੋਣ ਰਣਨੀਤੀ 'ਤੇ ਫੋਕਸ




**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਵਿਚ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਹਾਲੇ ਕਰੀਬ ਇੱਕ ਸਾਲ ਤੋਂ ਵੱਧ ਦਾ ਸਮਾਂ ਬਾਕੀ ਹੈ, ਪਰ ਸੂਬੇ ਦੀਆਂ ਮੁੱਖ ਸਿਆਸੀ ਪਾਰਟੀਆਂ ਨੇ ਹੁਣ ਤੋਂ ਹੀ ਆਪਣੀ ਚੋਣ ਤਿਆਰੀ ਤੇਜ਼ ਕਰ ਦਿੱਤੀ ਹੈ। ਸੱਤਾਧਾਰੀ ਆਮ ਆਦਮੀ ਪਾਰਟੀ (ਆਪ), ਕਾਂਗਰਸ, ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਸ਼੍ਰੋਮਣੀ ਅਕਾਲੀ ਦਲ ਸੰਗਠਨ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਨਾਲ ਸਿੱਧਾ ਸੰਪਰਕ ਵਧਾਉਣ ਵਿਚ ਜੁਟੀਆਂ ਹੋਈਆਂ ਹਨ।

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਆਪਣੀਆਂ ਸਰਕਾਰੀ ਯੋਜਨਾਵਾਂ ਅਤੇ ਵਿਕਾਸ ਕਾਰਜਾਂ ਨੂੰ ਲੋਕਾਂ ਤੱਕ ਪਹੁੰਚਾਉਣ ਦੀ ਮੁਹਿੰਮ ਚਲਾ ਰਹੀ ਹੈ। ਪਾਰਟੀ ਦਾ ਦਾਅਵਾ ਹੈ ਕਿ ਸਿੱਖਿਆ, ਸਿਹਤ, ਭ੍ਰਿਸ਼ਟਾਚਾਰ ਵਿਰੋਧੀ ਕਾਰਵਾਈ ਅਤੇ ਲੋਕ ਭਲਾਈ ਦੇ ਫੈਸਲਿਆਂ ਦੇ ਆਧਾਰ 'ਤੇ ਉਹ ਦੁਬਾਰਾ ਜਨਤਾ ਦਾ ਭਰੋਸਾ ਹਾਸਲ ਕਰੇਗੀ।

ਦੂਜੇ ਪਾਸੇ, ਕਾਂਗਰਸ ਅੰਦਰੂਨੀ ਮਤਭੇਦਾਂ ਨੂੰ ਦੂਰ ਕਰਕੇ ਸੰਗਠਨ ਨੂੰ ਇੱਕਜੁੱਟ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਦਿੱਲੀ ਵਿਚ ਲਗਾਤਾਰ ਮੀਟਿੰਗਾਂ ਰਾਹੀਂ ਹਾਈਕਮਾਂਡ ਪੰਜਾਬ ਇਕਾਈ ਨੂੰ ਮਜ਼ਬੂਤ ਕਰਨ ਅਤੇ ਚੋਣਾਂ ਲਈ ਸਾਂਝੀ ਰਣਨੀਤੀ ਤਿਆਰ ਕਰਨ ਵਿਚ ਲੱਗੀ ਹੋਈ ਹੈ।

ਭਾਜਪਾ ਵੀ ਪੰਜਾਬ ਵਿਚ ਆਪਣਾ ਆਧਾਰ ਵਧਾਉਣ ਲਈ ਸਰਗਰਮ ਹੈ। ਪਾਰਟੀ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਦੇ ਨਾਲ-ਨਾਲ ਨਵੇਂ ਆਗੂਆਂ ਨੂੰ ਜੋੜਨ ਅਤੇ ਸੰਗਠਨ ਦਾ ਵਿਸਥਾਰ ਕਰਨ 'ਤੇ ਧਿਆਨ ਦੇ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਭਾਵਿਤ ਪੰਜਾਬ ਦੌਰੇ ਨੂੰ ਵੀ ਭਾਜਪਾ ਆਪਣੀ ਸਿਆਸੀ ਮੁਹਿੰਮ ਲਈ ਅਹਿਮ ਮੰਨ ਰਹੀ ਹੈ।

ਉੱਧਰ, ਸ਼੍ਰੋਮਣੀ ਅਕਾਲੀ ਦਲ ਵੀ ਪਾਰਟੀ ਨੂੰ ਮੁੜ ਮਜ਼ਬੂਤ ਕਰਨ ਲਈ ਜ਼ਿਲ੍ਹਾ ਅਤੇ ਹਲਕਾ ਪੱਧਰ 'ਤੇ ਮੀਟਿੰਗਾਂ ਕਰ ਰਿਹਾ ਹੈ।

■ ਬਾਕੀ ਖਬਰ ਸਫਾ 28 'ਤੇ

## ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਤੁਰੰਤ ਖੋਲ੍ਹਣ ਲਈ ਐਡਵੋਕੇਟ ਧਾਮੀ ਵੱਲੋਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਪੱਤਰ



**ਅੰਮ੍ਰਿਤਸਰ, (ਪੰਜਾਬ ਮੇਲ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਤੁਰੰਤ ਖੋਲ੍ਹੇ ਜਾਣ ਦੀ ਮੰਗ ਕੀਤੀ ਹੈ। ਐਡਵੋਕੇਟ ਧਾਮੀ ਵੱਲੋਂ ਲਿਖੇ ਗਏ ਪੱਤਰ ਵਿਚ ਕਿਹਾ ਗਿਆ ਕਿ ਸ੍ਰੀ ਕਰਤਾਰਪੁਰ ਸਾਹਿਬ ਉਹ ਪਾਵਨ ਧਰਤੀ ਹੈ, ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦੇ ਉਪਦੇਸ਼ ਦੇ ਨਾਲ-ਨਾਲ ਭਾਈਚਾਰਕ ਸਾਂਝ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਇਸ ਪਾਵਨ ਅਸਥਾਨ ਨਾਲ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ ਅਤੇ ਸੰਗਤਾਂ ਇਸ ਦੇ ਦਰਸ਼ਨਾਂ ਦੀ ਤਾਂਘ ਹਮੇਸ਼ਾ ਰੱਖਦੀਆਂ ਹਨ।

ਪੱਤਰ ਵਿਚ ਕਿਹਾ ਗਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਨਵੰਬਰ 2019 ਵਿਚ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੁੱਲ੍ਹਣ ਨਾਲ ਦੁਨੀਆਂ ਭਰ ਦੇ ਸਿੱਖਾਂ ਦੀਆਂ ਰੋਜ਼ਾਨਾ ਕੀਤੀਆਂ ਅਰਦਾਸਾਂ ਪੂਰੀਆਂ ਹੋਈਆਂ ਸਨ ਅਤੇ ਲੱਖਾਂ ਸ਼ਰਧਾਲੂਆਂ ਨੇ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਪ੍ਰਗਟਾਈ ਸੀ। ਕੁਝ ਸਮਾਂ ਪਹਿਲਾਂ ਦੋਵਾਂ ਦੇਸ਼ਾਂ ਅੰਦਰ ਬਣੇ ਸੁਰੱਖਿਆ ਹਾਲਾਤਾਂ ਕਾਰਨ ਲਾਂਘੇ ਦੀ ਆਵਾਜਾਈ ਰੋਕੇ ਜਾਣ ਨਾਲ ਵਿਸ਼ਵ ਭਰ ਦੇ ਸਿੱਖ ਭਾਈਚਾਰੇ ਵਿਚ ਡੂੰਘੀ ਨਿਰਾਸ਼ਾ ਅਤੇ ਪੀੜਾ ਹੈ।

■ ਬਾਕੀ ਖਬਰ ਸਫਾ 28 'ਤੇ

## ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਕਨਵੋਕੇਸ਼ਨ 'ਚ ਅਟਾਰਨੀ-ਐਟ-ਲਾਅ ਜਸਪ੍ਰੀਤ ਸਿੰਘ ਆਨਰੇਰੀ ਡਾਕਟਰੇਟ ਨਾਲ ਸਨਮਾਨਿਤ



**ਅੰਮ੍ਰਿਤਸਰ, (ਪੰਜਾਬ ਮੇਲ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ 51ਵੀਂ ਕਨਵੋਕੇਸ਼ਨ ਦੌਰਾਨ ਨਿਊਯਾਰਕ (ਅਮਰੀਕਾ) ਦੇ ਪ੍ਰਸਿੱਧ ਅਟਾਰਨੀ-ਐਟ-ਲਾਅ ਸ. ਜਸਪ੍ਰੀਤ ਸਿੰਘ ਨੂੰ ਉਨ੍ਹਾਂ ਦੀਆਂ ਵਿਲੱਖਣ ਪੇਸ਼ੇਵਰ ਪ੍ਰਾਪਤੀਆਂ, ਸਿੱਖਿਆ ਅਤੇ ਸਮਾਜ ਸੇਵਾ ਦੇ ਖੇਤਰ ਵਿਚ ਅਹਿਮ ਯੋਗਦਾਨ ਲਈ ਯੂਨੀਵਰਸਿਟੀ ਵੱਲੋਂ ਆਨਰੇਰੀ ਡਾਕਟਰ ਆਫ ਲਾਅਜ਼ (Honoris Causa) ਦੀ ਮਾਣਯੋਗ ਡਿਗਰੀ ਨਾਲ ਸਨਮਾਨਿਤ ਕੀਤਾ ਗਿਆ।

ਇਹ ਸਨਮਾਨ ਪੰਜਾਬ ਦੇ ਰਾਜਪਾਲ ਅਤੇ ਯੂਨੀਵਰਸਿਟੀ ਦੇ ਚਾਂਸਲਰ ਸ਼੍ਰੀ ਗੁਲਾਬ ਚੰਦ ਕਟਾਰੀਆ ਅਤੇ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਸਾਂਝੇ ਤੌਰ 'ਤੇ ਪ੍ਰਦਾਨ ਕੀਤਾ। ਕਨਵੋਕੇਸ਼ਨ ਸਮਾਗਮ ਦੌਰਾਨ ਕੁੱਲ 456 ਵਿਦਿਆਰਥੀਆਂ ਨੂੰ ਡਿਗਰੀਆਂ ਅਤੇ ਸਨਮਾਨ ਦਿੱਤੇ ਗਏ, ਜਿਨ੍ਹਾਂ ਵਿਚ 3 ਚਾਂਸਲਰ ਮੈਡਲ, 35 ਮੈਮੋਰੀਅਲ ਮੈਡਲ, 82 ਖੋਜ ਵਿਦਿਆਰਥੀਆਂ ਨੂੰ ਪੀ.ਐੱਚ.ਡੀ. ਅਤੇ 336 ਵਿਦਿਆਰਥੀਆਂ ਨੂੰ ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ।

ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਕਿਹਾ ਕਿ ਸ. ਜਸਪ੍ਰੀਤ ਸਿੰਘ ਨੇ ਅਮਰੀਕੀ ਇਮੀਗ੍ਰੇਸ਼ਨ ਕਾਨੂੰਨ ਦੇ ਖੇਤਰ ਵਿਚ 24 ਸਾਲਾਂ ਤੋਂ ਵੱਧ ਸਮੇਂ ਦੌਰਾਨ ਦਸ ਹਜ਼ਾਰ ਤੋਂ ਵੱਧ ਇਮੀਗ੍ਰੇਸ਼ਨ ਮਾਮਲਿਆਂ ਨੂੰ ਸਫਲਤਾਪੂਰਵਕ ਸੰਭਾਲਿਆ ਹੈ ਅਤੇ ਹਜ਼ਾਰਾਂ ਪੰਜਾਬੀ ਪਰਿਵਾਰਾਂ ਨੂੰ ਕਾਨੂੰਨੀ ਸਹਾਇਤਾ ਪ੍ਰਦਾਨ ਕੀਤੀ ਹੈ।

■ ਬਾਕੀ ਖਬਰ ਸਫਾ 14 'ਤੇ

## ਅਮਰੀਕੀਆਂ ਲਈ ਪਾਸਪੋਰਟ ਬਣਵਾਉਣਾ ਹੋਵੇਗਾ ਹੋਰ ਆਸਾਨ

■ ਘਰ ਬੈਠੇ ਹੀ ਖਿੱਚ ਸਕਣਗੇ ਪਾਸਪੋਰਟ ਫੋਟੋ, ਨਵਾਂ ਫੇਸ਼ਲ ਰਿਕੋਗਨੀਸ਼ਨ ਸਿਸਟਮ ਟੈਸਟਿੰਗ ਹੇਠ




**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਪਾਸਪੋਰਟ ਬਣਵਾਉਣ ਦੀ ਪ੍ਰਕਿਰਿਆ ਆਉਣ ਵਾਲੇ ਸਮੇਂ 'ਚ ਪਹਿਲਾਂ ਨਾਲੋਂ ਕਾਫ਼ੀ ਆਸਾਨ ਹੋ ਸਕਦੀ ਹੈ। ਅਮਰੀਕੀ ਵਿਦੇਸ਼ ਮੰਤਰਾਲਾ ਇੱਕ ਨਵੇਂ ਫੇਸ਼ਲ ਰਿਕੋਗਨੀਸ਼ਨ (ਚਿਹਰਾ ਪਛਾਣ) ਆਧਾਰਿਤ ਡਿਜ਼ੀਟਲ ਸਿਸਟਮ ਦੀ ਜਾਂਚ ਕਰ ਰਿਹਾ ਹੈ, ਜਿਸ ਨਾਲ ਨਾਗਰਿਕਾਂ ਨੂੰ ਪਾਸਪੋਰਟ ਫੋਟੋ ਖਿੱਚਵਾਉਣ ਲਈ ਫੋਟੋ ਸਟੂਡੀਓ ਜਾਂ ਫਾਰਮੇਸੀ ਸਟੋਰਾਂ ਦੇ ਚੱਕਰ ਨਹੀਂ ਲਗਾਉਣੇ ਪੈਣਗੇ।

ਮੌਜੂਦਾ ਸਮੇਂ ਵਿਚ ਪਾਸਪੋਰਟ ਲਈ ਅਰਜ਼ੀ ਦੇਣ ਵਾਲੇ ਲੋਕਾਂ ਨੂੰ ਨਿਰਧਾਰਤ ਮਾਪਦੰਡਾਂ ਅਨੁਸਾਰ ਫੋਟੋ ਖਿੱਚਵਾਉਣ ਲਈ ਸੀ.ਵੀ.ਐੱਸ., ਵਾਲਗ੍ਰੀਨਜ਼ ਜਾਂ ਹੋਰ ਮਨਜ਼ੂਰਸ਼ੁਦਾ ਫੋਟੋ ਸੈਂਟਰਾਂ ਦਾ ਸਹਾਰਾ ਲੈਣਾ ਪੈਂਦਾ ਹੈ। ਕਈ ਵਾਰ ਗਲਤ ਸਾਈਜ਼, ਬੈਕਗ੍ਰਾਊਂਡ ਜਾਂ ਰੌਸ਼ਨੀ ਕਾਰਨ ਫੋਟੋ ਰੱਦ ਹੋ ਜਾਂਦੀ ਹੈ, ਜਿਸ ਨਾਲ ਅਰਜ਼ੀ ਵਿਚ ਦੇਰੀ ਅਤੇ ਵਾਧੂ ਖਰਚਾ ਵੀ ਆ ਜਾਂਦਾ ਹੈ। ਨਵੇਂ ਸਿਸਟਮ ਦੇ ਲਾਗੂ ਹੋਣ ਤੋਂ ਬਾਅਦ ਅਰਜ਼ੀਕਾਰ ਆਪਣੇ ਸਮਾਰਟਫੋਨ, ਟੈਬਲੈਟ ਜਾਂ ਕੰਪਿਊਟਰ ਰਾਹੀਂ ਘਰ ਬੈਠੇ ਹੀ ਪਾਸਪੋਰਟ ਫੋਟੋ ਖਿੱਚ ਕੇ ਅਪਲੋਡ ਕਰ ਸਕਣਗੇ।

■ ਬਾਕੀ ਖਬਰ ਸਫਾ 28 'ਤੇ

## ਅਮਰੀਕਾ ਨੇ ਵੀਜ਼ਾ-ਮੁਕਤ ਯਾਤਰਾ ਦੇ ਨਿਯਮ ਕੀਤੇ ਹੋਰ ਸਖ਼ਤ




**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਨੇ ਵੀਜ਼ਾ ਵੇਵਰ ਪ੍ਰੋਗਰਾਮ (ਵੀ.ਡਬਲਯੂ.ਪੀ.) ਤਹਿਤ ਵੀਜ਼ਾ-ਮੁਕਤ ਯਾਤਰਾ ਲਈ ਯੋਗਤਾ ਨਿਯਮ ਹੋਰ ਸਖ਼ਤ ਕਰ ਦਿੱਤੇ ਹਨ। ਇਸ ਕਾਰਨ ਕੁਝ ਅਜਿਹੇ ਯਾਤਰੀ, ਜੋ ਪਹਿਲਾਂ ਇਲੈਕਟ੍ਰਾਨਿਕ ਸਿਸਟਮ ਫਾਰ ਟਰੈਵਲ ਔਥਰਾਈਜ਼ੇਸ਼ਨ (ਈ.ਐੱਸ.ਟੀ.ਏ.) ਰਾਹੀਂ ਬਿਨਾਂ ਵੀਜ਼ੇ ਦੇ ਅਮਰੀਕਾ ਜਾ ਸਕਦੇ ਸਨ, ਹੁਣ ਉਨ੍ਹਾਂ ਨੂੰ ਰੈਗੂਲਰ ਅਮਰੀਕੀ ਵੀਜ਼ਾ ਲਈ ਅਰਜ਼ੀ ਦੇਣੀ ਪਵੇਗੀ। ਇਹ ਪਾਬੰਦੀਆਂ ਪੂਰੇ ਦੇਸ਼ਾਂ 'ਤੇ ਨਹੀਂ, ਸਗੋਂ ਖ਼ਾਸ ਯਾਤਰੀਆਂ ਦੀ ਯੋਗਤਾ 'ਤੇ ਲਾਗੂ ਹੁੰਦੀਆਂ ਹਨ।

ਅਮਰੀਕਾ ਦਾ ਵੀਜ਼ਾ ਵੇਵਰ ਪ੍ਰੋਗਰਾਮ ਭਾਗੀਦਾਰ ਦੇਸ਼ਾਂ ਦੇ ਨਾਗਰਿਕਾਂ ਨੂੰ ਸੈਰ-ਸਪਾਟੇ ਜਾਂ ਕਾਰੋਬਾਰ ਲਈ 90 ਦਿਨ ਤੱਕ ਬਿਨਾਂ ਰਵਾਇਤੀ ਵੀਜ਼ੇ ਦੇ ਯਾਤਰਾ ਦੀ ਇਜਾਜ਼ਤ ਦਿੰਦਾ ਹੈ। ਹਾਲਾਂਕਿ ਯਾਤਰਾ ਤੋਂ ਪਹਿਲਾਂ ਈ.ਐੱਸ.ਟੀ.ਏ. ਮਨਜ਼ੂਰੀ ਲੈਣੀ ਲਾਜ਼ਮੀ ਹੁੰਦੀ ਹੈ ਅਤੇ ਹਰ ਯਾਤਰੀ ਨੂੰ ਨਿਰਧਾਰਤ ਸੁਰੱਖਿਆ ਮਾਪਦੰਡ ਪੂਰੇ ਕਰਨੇ ਪੈਂਦੇ ਹਨ।

ਨਵੇਂ ਨਿਯਮਾਂ ਅਨੁਸਾਰ ਉਹ ਲੋਕ ਵੀਜ਼ਾ ਵੇਵਰ ਪ੍ਰੋਗਰਾਮ ਦੀ ਸਹੂਲਤ ਨਹੀਂ ਲੈ ਸਕਣਗੇ, ਜਿਨ੍ਹਾਂ ਨੇ 1 ਮਾਰਚ 2011 ਤੋਂ ਬਾਅਦ ਇਰਾਨ, ਇਰਾਕ, ਉੱਤਰੀ ਕੋਰੀਆ, ਸੀਰੀਆ, ਲੀਬੀਆ, ਸੋਮਾਲੀਆ, ਸੂਡਾਨ ਜਾਂ ਯਮਨ ਦੀ ਯਾਤਰਾ ਕੀਤੀ ਹੈ। ਇਸ ਤੋਂ ਇਲਾਵਾ, 12 ਜਨਵਰੀ 2021 ਤੋਂ ਬਾਅਦ ਕਿਊਬਾ ਦੀ ਯਾਤਰਾ ਕਰਨ ਵਾਲੇ ਕੁਝ ਯਾਤਰੀ ਅਤੇ ਪਾਬੰਦੀ ਵਾਲੇ ਦੇਸ਼ਾਂ ਦੀ ਦੋਹਰੀ ਨਾਗਰਿਕਤਾ ਰੱਖਣ ਵਾਲੇ ਵਿਅਕਤੀ ਵੀ ਈ.ਐੱਸ.ਟੀ.ਏ. ਲਈ ਅਯੋਗ ਹੋ ਸਕਦੇ ਹਨ। ਕੁਝ ਸੀਮਤ ਛੋਟਾਂ ਵੀ ਮੌਜੂਦ ਹਨ।

■ ਬਾਕੀ ਖਬਰ ਸਫਾ 14 'ਤੇ

# ਜਸਵੰਤ ਸਿੰਘ ਖਾਲੜਾ ’ਤੇ ਬਣੀ ਫ਼ਿਲਮ ‘ਸਤਲੁਜ’ ਨੂੰ ਲੈ ਕੇ ਨਵਾਂ ਵਿਵਾਦ

- **ਓ.ਟੀ.ਟੀ. ਤੋਂ ਹਟਾਏ ਜਾਣ ਮਗਰੋਂ ਦੇਸ਼ ਭਰ ’ਚ ਛਿੜੀ ਬਹਿਸ**
- **ਸਰਕਾਰ ਅਤੇ ਫ਼ਿਲਮ ਨਿਰਮਾਤਾਵਾਂ ਦੇ ਵੱਖ-ਵੱਖ ਦਾਅਵੇ**




**ਚੰਡੀਗੜ੍ਹ/ਨਵੀਂ ਦਿੱਲੀ, (ਪੰਜਾਬ ਮੇਲ)-** ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ ’ਤੇ ਆਧਾਰਿਤ ਦਿਲਜੀਤ ਦੋਸਾਂਝ ਅਭਿਨੀਤ ਫ਼ਿਲਮ ‘ਸਤਲੁਜ’ ਇੱਕ ਵਾਰ ਫਿਰ ਦੇਸ਼ ਭਰ ਵਿਚ ਚਰਚਾ ਦਾ ਵਿਸ਼ਾ ਬਣ ਗਈ ਹੈ। ਫ਼ਿਲਮ ਨੂੰ ਭਾਰਤ ਵਿਚ ਓ.ਟੀ.ਟੀ. ਪਲੇਟਫਾਰਮ ਤੋਂ ਹਟਾਏ ਜਾਣ ਤੋਂ ਬਾਅਦ ਇਸ ਨੂੰ ਲੈ ਕੇ ਸਿਆਸੀ, ਸਮਾਜਿਕ ਅਤੇ ਕਾਨੂੰਨੀ ਬਹਿਸ ਤੇਜ਼ ਹੋ ਗਈ ਹੈ।

ਇਹ ਫ਼ਿਲਮ ਪਹਿਲਾਂ ‘ਪੰਜਾਬ 95’ ਦੇ ਨਾਮ ਨਾਲ ਬਣਾਈ ਗਈ ਸੀ। ਲੰਬੇ ਸਮੇਂ ਤੱਕ ਸੈਂਸਰ ਪ੍ਰਕਿਰਿਆ ਵਿਚ ਫਸੇ ਰਹਿਣ ਤੋਂ ਬਾਅਦ ਇਸ ਨੂੰ ‘ਸਤਲੁਜ’ ਨਾਮ ਹੇਠ ਓ.ਟੀ.ਟੀ. ਪਲੇਟਫਾਰਮ ਜ਼ੀ5 ’ਤੇ ਰਿਲੀਜ਼ ਕੀਤਾ ਗਿਆ ਸੀ। ਪਰ ਰਿਲੀਜ਼ ਦੇ ਸਿਰਫ਼ ਦੋ ਦਿਨਾਂ ਬਾਅਦ ਹੀ ਇਹ ਫ਼ਿਲਮ ਭਾਰਤ ਵਿਚ ਉਪਲਬਧ ਨਹੀਂ ਰਹੀ, ਜਿਸ ਤੋਂ ਬਾਅਦ ਵਿਵਾਦ ਹੋਰ ਗਹਿਰਾ ਗਿਆ।

ਸਰਕਾਰੀ ਸੂਤਰਾਂ ਅਨੁਸਾਰ, ਫ਼ਿਲਮ ਦੀ ਸਮੱਗਰੀ ਦੀ ਸਮੀਖਿਆ ਕਰਨ ਵਾਲੀ ਇੱਕ ਸਰਕਾਰੀ ਕਮੇਟੀ ਨੇ ਰਾਸ਼ਟਰੀ ਸੁਰੱਖਿਆ ਅਤੇ ਸੰਵੇਦਨਸ਼ੀਲਤਾ ਨਾਲ ਜੁੜੀਆਂ ਚਿੰਤਾਵਾਂ ਦਾ ਹਵਾਲਾ ਦਿੰਦਿਆਂ ਇਸ ’ਤੇ ਪਾਬੰਦੀ ਜਾਰੀ ਰੱਖਣ ਦੀ ਸਿਫ਼ਾਰਸ਼ ਕੀਤੀ ਹੈ। ਇਸ ਤੋਂ ਇਲਾਵਾ, ਸਰਕਾਰ ਵੱਲੋਂ ਇਹ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਕੀ ਫ਼ਿਲਮ ਨੂੰ ਲੋੜੀਂਦੇ ਸਰਟੀਫਿਕੇਸ਼ਨ ਤੋਂ ਬਿਨਾਂ ਜਨਤਕ ਤੌਰ ’ਤੇ ਦਿਖਾਇਆ ਗਿਆ ਸੀ।

ਦੂਜੇ ਪਾਸੇ, ਫ਼ਿਲਮ ਦੇ ਨਿਰਮਾਤਾਵਾਂ, ਕਲਾਕਾਰਾਂ ਅਤੇ ਕਈ ਮਨੁੱਖੀ ਅਧਿਕਾਰ ਕਾਰਕੁਨਾਂ ਦਾ ਕਹਿਣਾ ਹੈ ਕਿ ਇਹ ਫ਼ਿਲਮ ਇੱਕ ਇਤਿਹਾਸਕ ਘਟਨਾ ਅਤੇ ਮਨੁੱਖੀ ਅਧਿਕਾਰਾਂ ਦੇ ਮੁੱਦੇ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਫ਼ਿਲਮ ਨੂੰ ਵਾਰ-ਵਾਰ ਰੋਕਣ ਨਾਲ ਕਲਾਤਮਕ ਅਭਿਵਿਕਤੀ ਅਤੇ ਇਤਿਹਾਸਕ ਚਰਚਾ ’ਤੇ ਅਸਰ ਪੈਂਦਾ ਹੈ।

ਇਸੇ ਦੌਰਾਨ, ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਖਾਲੜਾ ਨੇ ਵੀ ਅਪੀਲ ਕੀਤੀ ਹੈ ਕਿ ਪੰਜਾਬ ਵਿਚ 1980 ਅਤੇ 1990 ਦੇ ਦਹਾਕੇ ਦੌਰਾਨ ਲਾਪਤਾ ਹੋਏ ਲੋਕਾਂ ਅਤੇ ਕਥਿਤ ਗੈਰ-ਕਾਨੂੰਨੀ ਹੱਤਿਆਵਾਂ ਦੀ ਜਾਂਚ ਲਈ ਇੱਕ ਸੁਤੰਤਰ ਲੋਕ ਕਮਿਸ਼ਨ ਬਣਾਇਆ ਜਾਵੇ। ਉਨ੍ਹਾਂ ਦੀ ਇਹ ਮੰਗ ਵੀ ਫ਼ਿਲਮ ਨੂੰ ਲੈ ਕੇ ਚੱਲ ਰਹੀ ਬਹਿਸ ਦੇ ਮਾਹੌਲ ਵਿਚ ਸਾਹਮਣੇ ਆਈ ਹੈ।

ਫ਼ਿਲਹਾਲ ‘ਸਤਲੁਜ’ ਨੂੰ ਲੈ ਕੇ ਵਿਵਾਦ ਜਾਰੀ ਹੈ ਅਤੇ ਇਹ ਮਾਮਲਾ ਹੁਣ ਸਿਰਫ਼ ਇੱਕ ਫ਼ਿਲਮ ਤੱਕ ਸੀਮਤ ਨਹੀਂ ਰਿਹਾ, ਸਗੋਂ ਸੈਂਸਰਸ਼ਿਪ, ਅਭਿਵਿਕਤੀ ਦੀ ਆਜ਼ਾਦੀ, ਇਤਿਹਾਸ ਦੀ ਪੇਸ਼ਕਾਰੀ ਅਤੇ ਕਾਨੂੰਨੀ ਪ੍ਰਕਿਰਿਆ ਵਰਗੇ ਮੁੱਦਿਆਂ ’ਤੇ ਵੀ ਰਾਸ਼ਟਰੀ ਪੱਧਰ ਦੀ ਚਰਚਾ ਦਾ ਕੇਂਦਰ ਬਣ ਗਿਆ ਹੈ।

# ਪ੍ਰਧਾਨ ਮੰਤਰੀ ਮੋਦੀ ਦੇ ਪੰਜਾਬ ਦੌਰੇ ਤੋਂ ਪਹਿਲਾਂ ਸੁਰੱਖਿਆ ਪ੍ਰਬੰਧ ਹਾਈ ਅਲਰਟ ’ਤੇ!

- **ਮੋਹਾਲੀ ਦੇ ਤਿੰਨ ਸਕੂਲਾਂ ਅਤੇ ਮੇਅਰ ਦਫ਼ਤਰ ਨੂੰ ਧਮਕੀ ਭਰੇ ਈ-ਮੇਲ**
- **ਪੁਲਿਸ ਅਤੇ ਸੁਰੱਖਿਆ ਏਜੰਸੀਆਂ ਚੌਕਸ**



**ਚੰਡੀਗੜ੍ਹ/ਮੋਹਾਲੀ, (ਪੰਜਾਬ ਮੇਲ)-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 17 ਜੁਲਾਈ ਨੂੰ ਹੋਣ ਵਾਲੇ ਪੰਜਾਬ ਦੌਰੇ ਤੋਂ ਪਹਿਲਾਂ ਸੂਬੇ ਵਿਚ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਸਖ਼ਤ ਕਰ ਦਿੱਤਾ ਗਿਆ ਹੈ। ਮੋਹਾਲੀ ਦੇ ਤਿੰਨ ਨਿੱਜੀ ਸਕੂਲਾਂ ਅਤੇ ਮੇਅਰ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਵਾਲੇ ਈ-ਮੇਲ ਮਿਲਣ ਤੋਂ ਬਾਅਦ ਪੁਲਿਸ, ਖੁਫੀਆ ਏਜੰਸੀਆਂ ਅਤੇ ਬੰਬ ਨਿਰੋਧਕ ਦਸਤਿਆਂ ਨੂੰ ਤੁਰੰਤ ਅਲਰਟ ਕਰ ਦਿੱਤਾ ਗਿਆ।

ਧਮਕੀ ਭਰੇ ਈ-ਮੇਲ ਮਿਲਣ ਤੋਂ ਬਾਅਦ ਪੁਲਿਸ ਨੇ ਪ੍ਰਭਾਵਿਤ ਸਕੂਲਾਂ ਅਤੇ ਮੇਅਰ ਦਫ਼ਤਰ ਨੂੰ ਤੁਰੰਤ ਖਾਲੀ ਕਰਵਾਇਆ। ਬੰਬ ਨਿਰੋਧਕ ਦਸਤੇ, ਡੌਗ ਸਕੁਐਡ ਅਤੇ ਫੋਰੈਂਸਿਕ ਮਾਹਿਰਾਂ ਨੇ ਇਮਾਰਤਾਂ ਦੀ ਬਾਰੀਕੀ ਨਾਲ ਜਾਂਚ ਕੀਤੀ, ਪਰ ਕਿਸੇ ਵੀ ਥਾਂ ਤੋਂ ਕੋਈ ਸ਼ੱਕੀ ਵਸਤੂ ਜਾਂ ਵਿਸਫੋਟਕ ਸਮੱਗਰੀ ਨਹੀਂ ਮਿਲੀ। ਮੁੱਢਲੀ ਜਾਂਚ ਵਿਚ ਇਹ ਧਮਕੀ ਝੂਠੀ ਜਾਪਦੀ ਹੈ, ਪਰ ਪੁਲਿਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੀ ਹੈ।

ਇਸ ਘਟਨਾ ਤੋਂ ਬਾਅਦ ਮੋਹਾਲੀ, ਚੰਡੀਗੜ੍ਹ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਸੁਰੱਖਿਆ ਹੋਰ ਵਧਾ ਦਿੱਤੀ ਗਈ ਹੈ। ਸੰਵੇਦਨਸ਼ੀਲ ਥਾਵਾਂ, ਸਰਕਾਰੀ ਦਫ਼ਤਰਾਂ, ਸਕੂਲਾਂ, ਰੇਲਵੇ ਸਟੇਸ਼ਨਾਂ ਅਤੇ ਜਨਤਕ ਸਥਾਨਾਂ ’ਤੇ ਪੁਲਿਸ ਦੀ ਤਾਇਨਾਤੀ ਵਧਾਈ ਗਈ ਹੈ। ਨਾਲ ਹੀ, ਖੁਫੀਆ ਏਜੰਸੀਆਂ ਵੀ ਈ-ਮੇਲ ਭੇਜਣ ਵਾਲੇ ਵਿਅਕਤੀ ਜਾਂ ਗਰੁੱਪ ਦੀ ਪਛਾਣ ਕਰਨ ਲਈ ਜਾਂਚ ਕਰ ਰਹੀਆਂ ਹਨ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ 17 ਜੁਲਾਈ ਨੂੰ ਪੰਜਾਬ ਵਿਚ ਕਈ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਨ ਅਤੇ ਜਨਤਾ ਨੂੰ ਸੰਬੋਧਨ ਕਰਨ ਵਾਲੇ ਹਨ। ਇਸ ਦੌਰੇ ਨੂੰ ਦੇਖਦਿਆਂ ਪਹਿਲਾਂ ਹੀ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਜਾ ਰਹੇ ਸਨ, ਪਰ ਤਾਜ਼ਾ ਧਮਕੀਆਂ ਤੋਂ ਬਾਅਦ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕਰ ਦਿੱਤਾ ਗਿਆ ਹੈ।

ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕਿਸੇ ਵੀ ਸ਼ੱਕੀ ਗਤੀਵਿਧੀ ਜਾਂ ਲਾਵਾਰਿਸ ਵਸਤੂ ਬਾਰੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਜਾਵੇ। ਅਧਿਕਾਰੀਆਂ ਨੇ ਇਹ ਵੀ ਕਿਹਾ ਹੈ ਕਿ ਫਿਲਹਾਲ ਘਬਰਾਉਣ ਦੀ ਕੋਈ ਲੋੜ ਨਹੀਂ ਹੈ, ਪਰ ਸੁਰੱਖਿਆ ਦੇ ਮੱਦੇਨਜ਼ਰ ਹਰ ਜਾਣਕਾਰੀ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਅਤੇ ਮਾਮਲੇ ਦੀ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ।

# ਪੰਜਾਬ ਦੇ ਨਵੇਂ ਰਾਜਪਾਲ ਨੂੰ ਲੈ ਕੇ ਸਿਆਸੀ ਹਲਕਿਆਂ ’ਚ ਚਰਚਾ ਤੇਜ਼

- **ਪ੍ਰਫੁੱਲ ਪਟੇਲ ਦੇ ਨਾਮ ਦੀ ਚਰਚਾ, ਪਰ ਕੇਂਦਰ ਸਰਕਾਰ ਵੱਲੋਂ ਅਜੇ ਕੋਈ ਅਧਿਕਾਰਕ ਐਲਾਨ ਨਹੀਂ**

**ਚੰਡੀਗੜ੍ਹ/ਨਵੀਂ ਦਿੱਲੀ, (ਪੰਜਾਬ ਮੇਲ) -** ਪੰਜਾਬ ਦੇ ਨਵੇਂ ਰਾਜਪਾਲ ਦੀ ਨਿਯੁਕਤੀ ਨੂੰ ਲੈ ਕੇ ਸਿਆਸੀ ਹਲਕਿਆਂ ’ਚ ਚਰਚਾ ਤੇਜ਼ ਹੋ ਗਈ ਹੈ। ਕੁਝ ਮੀਡੀਆ ਰਿਪੋਰਟਾਂ ਵਿਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਕੇਂਦਰ ਸਰਕਾਰ ਜਲਦੀ ਹੀ ਪੰਜਾਬ ਵਿਚ ਰਾਜਪਾਲ ਦੇ ਅਹੁਦੇ ’ਤੇ ਤਬਦੀਲੀ ਕਰ ਸਕਦੀ ਹੈ ਅਤੇ ਇਸ ਲਈ ਪ੍ਰਫੁੱਲ ਪਟੇਲ ਦਾ ਨਾਮ ਸੰਭਾਵਿਤ ਉਮੀਦਵਾਰਾਂ ਵਿਚ ਸ਼ਾਮਲ ਹੈ। ਹਾਲਾਂਕਿ, ਇਸ ਬਾਰੇ ਅਜੇ ਤੱਕ ਨਾ ਤਾਂ ਰਾਸ਼ਟਰਪਤੀ ਭਵਨ ਅਤੇ ਨਾ ਹੀ ਕੇਂਦਰ ਸਰਕਾਰ ਵੱਲੋਂ ਕੋਈ ਅਧਿਕਾਰਕ ਐਲਾਨ ਕੀਤਾ ਗਿਆ ਹੈ।

ਮੀਡੀਆ ਰਿਪੋਰਟਾਂ ਅਨੁਸਾਰ, ਪ੍ਰਫੁੱਲ ਪਟੇਲ ਇਸ ਸਮੇਂ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਪ੍ਰਸ਼ਾਸਕ ਵਜੋਂ ਸੇਵਾਵਾਂ ਨਿਭਾ ਰਹੇ ਹਨ ਅਤੇ ਪ੍ਰਸ਼ਾਸਨਿਕ ਤਜ਼ਰਬੇ ਦੇ ਆਧਾਰ ’ਤੇ ਉਨ੍ਹਾਂ ਦੇ ਨਾਮ ਦੀ ਚਰਚਾ ਹੋ ਰਹੀ ਹੈ। ਰਿਪੋਰਟਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਉਹ ਕੇਂਦਰੀ ਲੀਡਰਸ਼ਿਪ ਦੇ ਕਰੀਬੀ ਮੰਨੇ ਜਾਂਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਪੰਜਾਬ ਦਾ ਰਾਜਪਾਲ ਬਣਾਏ ਜਾਣ ਦੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਹਨ।

ਫਿਲਹਾਲ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਆਪਣੇ ਅਹੁਦੇ ’ਤੇ ਕੰਮ ਕਰ ਰਹੇ ਹਨ ਅਤੇ ਉਹ ਲਗਾਤਾਰ ਸਰਕਾਰੀ ਅਤੇ ਸੰਵਿਧਾਨਕ ਪ੍ਰੋਗਰਾਮਾਂ ਵਿਚ ਸ਼ਾਮਲ ਹੋ ਰਹੇ ਹਨ। ਪੰਜਾਬ ਰਾਜਭਵਨ ਅਤੇ ਪੰਜਾਬ ਸਰਕਾਰ ਦੀਆਂ ਅਧਿਕਾਰਕ ਵੈੱਬਸਾਈਟਾਂ ’ਤੇ ਵੀ ਇਸ ਵੇਲੇ ਗੁਲਾਬ ਚੰਦ ਕਟਾਰੀਆ ਹੀ ਰਾਜਪਾਲ ਵਜੋਂ ਦਰਜ ਹਨ।

ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਪੰਜਾਬ ਵਿਚ ਰਾਜਪਾਲ ਦਾ ਅਹੁਦਾ ਸੰਵਿਧਾਨਕ ਪੱਖੋਂ ਬਹੁਤ ਮਹੱਤਵਪੂਰਨ ਹੈ। ਸੂਬਾ ਸਰਕਾਰ ਅਤੇ ਰਾਜਭਵਨ ਵਿਚਾਲੇ ਕਈ ਮੁੱਦਿਆਂ ’ਤੇ ਪਹਿਲਾਂ ਵੀ ਮਤਭੇਦ ਰਹੇ ਹਨ। ਅਜਿਹੇ ਵਿਚ ਜੇਕਰ ਕੇਂਦਰ ਸਰਕਾਰ ਭਵਿੱਖ ਵਿਚ ਕੋਈ ਤਬਦੀਲੀ ਕਰਦੀ ਹੈ, ਤਾਂ ਇਸ ਦੇ ਸਿਆਸੀ ਅਤੇ ਪ੍ਰਸ਼ਾਸਨਿਕ ਦੋਵੇਂ ਪੱਖਾਂ ’ਤੇ ਅਸਰ ਪੈ ਸਕਦਾ ਹੈ।

ਫਿਲਹਾਲ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਪ੍ਰਫੁੱਲ ਪਟੇਲ ਦੇ ਨਾਮ ਨੂੰ ਲੈ ਕੇ ਚਰਚਾ ਸਿਰਫ਼ ਮੀਡੀਆ ਰਿਪੋਰਟਾਂ ਅਤੇ ਸਿਆਸੀ ਅਟਕਲਾਂ ਤੱਕ ਸੀਮਤ ਹੈ। ਪੰਜਾਬ ਦੇ ਨਵੇਂ ਰਾਜਪਾਲ ਦੀ ਨਿਯੁਕਤੀ ਬਾਰੇ ਕੋਈ ਅਧਿਕਾਰਕ ਫ਼ੈਸਲਾ ਜਾਂ ਐਲਾਨ ਨਹੀਂ ਕੀਤਾ ਗਿਆ ਹੈ।

# ਜਸਵੰਤ ਸਿੰਘ ਖਾਲੜਾ ਤੇ ਹੋਰ ਬੇਕਸੂਰ ਲੋਕਾਂ ਲਈ 30 ਸਾਲਾਂ ਬਾਅਦ ਹੋਈ ਸਮੂਹਿਕ ਅਰਦਾਸ

**ਤਰਨਤਾਰਨ, (ਪੰਜਾਬ ਮੇਲ)-** 1984 ਤੇ ਉਸ ਤੋਂ ਬਾਅਦ ਮਾਰੇ ਗਏ ਬੇਕਸੂਰ ਲੋਕਾਂ ਅਤੇ ਉਨ੍ਹਾਂ ਦੀ ਜਾਣਕਾਰੀ ਦੁਨੀਆਂ ਸਾਹਮਣੇ ਰੱਖਣ ਵਾਲੇ ਜਸਵੰਤ ਸਿੰਘ ਖਾਲੜਾ ਦੀ ਯਾਦ ’ਚ ਤਕਰੀਬਨ 30 ਸਾਲਾਂ ਬਾਅਦ ਸਤਲੁਜ ਦਰਿਆ ਦੇ ਕੰਢੇ ਹਰੀਕੇ ਪੱਤਣ ਵਿਖੇ ਸਮੂਹਿਕ ਅਰਦਾਸ ਕਰਵਾਈ ਗਈ। ਇਸ ਤੋਂ ਪਹਿਲਾਂ ਹਰੀਕੇ ਪੱਤਣ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਨੇ ਜਸਵੰਤ ਸਿੰਘ ਖਾਲੜਾ ਤੇ ਹੋਰ ਬੇਕਸੂਰ ਸਿੱਖਾਂ ਨੂੰ ਯਾਦ ਕਰਦਿਆਂ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ। ਦਰਅਸਲ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਵਿਸ਼ੇਸ਼ ਸਮਾਗਮ ਦਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ ਇਸ ਸਮਾਗਮ ਦੌਰਾਨ ਜਸਵੰਤ ਸਿੰਘ ਖਾਲੜਾ ਅਤੇ ਉਸ ਦੌਰ ਵਿਚ ਜਾਨ ਗਵਾਉਣ ਵਾਲੇ ਹੋਰ ਬੇਕਸੂਰ ਲੋਕਾਂ ਦੀ ਆਤਮਿਕ ਸ਼ਾਂਤੀ ਅਤੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਵਾਉਣ ਲਈ ਅਰਦਾਸ ਕੀਤੀ ਜਾਵੇਗੀ।

# ਬੰਦੀ ਸਿੰਘਾਂ ਦੀ ਰਿਹਾਈ ਲਈ ਕੌਮੀ ਇਨਸਾਫ਼ ਮੋਰਚੇ ਦਾ ਪ੍ਰਦਰਸ਼ਨ

- **ਬਰਨਾਲਾ ’ਚ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਦੇ ਘਰ ਦੇ ਬਾਹਰ ਨਾਅਰੇਬਾਜ਼ੀ**
- **ਕੇਂਦਰ ਸਰਕਾਰ ਤੋਂ ਸਜ਼ਾ ਪੂਰੀ ਕਰ ਚੁੱਕੇ ਬੰਦੀਆਂ ਦੀ ਰਿਹਾਈ ਦੀ ਮੰਗ**

**ਬਰਨਾਲਾ, (ਪੰਜਾਬ ਮੇਲ)-** ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਕੌਮੀ ਇਨਸਾਫ਼ ਮੋਰਚੇ ਵੱਲੋਂ ਬਰਨਾਲਾ ਵਿਚ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਦੀ ਰਿਹਾਇਸ਼ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਕੇਂਦਰ ਸਰਕਾਰ ਅਤੇ ਭਾਜਪਾ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਮੰਗ ਕੀਤੀ ਕਿ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

ਮੋਰਚੇ ਦੇ ਆਗੂਆਂ ਨੇ ਕਿਹਾ ਕਿ ਕਈ ਬੰਦੀ ਸਿੰਘ ਕਾਨੂੰਨੀ ਤੌਰ ’ਤੇ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ, ਪਰ ਇਸ ਦੇ ਬਾਵਜੂਦ ਉਹ ਅਜੇ ਵੀ ਵੱਖ-ਵੱਖ ਜੇਲ੍ਹਾਂ ਵਿਚ ਬੰਦ ਹਨ। ਉਨ੍ਹਾਂ ਦਾ ਦੋਸ਼ ਹੈ ਕਿ ਇਹ ਮਾਮਲਾ ਸਿਰਫ਼ ਕਾਨੂੰਨੀ ਨਹੀਂ, ਸਗੋਂ ਮਨੁੱਖੀ ਅਧਿਕਾਰਾਂ ਨਾਲ ਵੀ ਜੁੜਿਆ ਹੋਇਆ ਹੈ ਅਤੇ ਇਸ ਦਾ ਹੱਲ ਜਲਦ ਕੀਤਾ ਜਾਣਾ ਚਾਹੀਦਾ ਹੈ।

ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ, ਤਾਂ ਆਉਣ ਵਾਲੇ ਦਿਨਾਂ ’ਚ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪੰਜਾਬ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਵੀ ਇਸ ਮੁੱਦੇ ’ਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਅਜਿਹੇ ਪ੍ਰੋਗਰਾਮ ਜਾਰੀ ਰਹਿਣਗੇ।

ਦੂਜੇ ਪਾਸੇ, ਪ੍ਰਦਰਸ਼ਨ ਦੇ ਮੱਦੇਨਜ਼ਰ ਬਰਨਾਲਾ ਵਿਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਕੇਵਲ ਸਿੰਘ ਢਿੱਲੋਂ ਦੀ ਰਿਹਾਇਸ਼ ਦੇ ਬਾਹਰ ਪੁਲਿਸ ਦੀ ਭਾਰੀ ਤਾਇਨਾਤੀ ਕੀਤੀ ਗਈ, ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਿਆ ਜਾ ਸਕੇ। ਪ੍ਰਦਰਸ਼ਨ ਦੌਰਾਨ ਕਾਨੂੰਨ-ਵਿਵਸਥਾ ਦੀ ਕੋਈ ਵੱਡੀ ਘਟਨਾ ਸਾਹਮਣੇ ਨਹੀਂ ਆਈ।

ਜ਼ਿਕਰਯੋਗ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਪੰਜਾਬ ਦੀ ਸਿਆਸਤ ਅਤੇ ਪੰਥਕ ਜਥੇਬੰਦੀਆਂ ਲਈ ਲੰਬੇ ਸਮੇਂ ਤੋਂ ਇੱਕ ਅਹਿਮ ਮਸਲਾ ਰਿਹਾ ਹੈ। ਵੱਖ-ਵੱਖ ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਜਿਨ੍ਹਾਂ ਕੈਦੀਆਂ ਨੇ ਆਪਣੀ ਸਜ਼ਾ ਪੂਰੀ ਕਰ ਲਈ ਹੈ, ਉਨ੍ਹਾਂ ਨੂੰ ਕਾਨੂੰਨ ਅਨੁਸਾਰ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਦੂਜੇ ਪਾਸੇ, ਸਰਕਾਰ ਦਾ ਕਹਿਣਾ ਹੈ ਕਿ ਅਜਿਹੇ ਮਾਮਲਿਆਂ ’ਚ ਸੰਵਿਧਾਨਕ ਅਤੇ ਕਾਨੂੰਨੀ ਪ੍ਰਕਿਰਿਆ ਅਨੁਸਾਰ ਹੀ ਫ਼ੈਸਲੇ ਲਏ ਜਾਂਦੇ ਹਨ।

# ਪੰਜਾਬ ਦੀ ਸਿਆਸਤ ’ਚ ਆਉਣ ਵਾਲੇ ਦਿਨ ਰਹਿਣਗੇ ਅਹਿਮ

- **ਕਾਂਗਰਸ ਦੀ ਅੰਦਰੂਨੀ ਖਿੱਚੋਤਾਣ, ਕਿਸਾਨ ਅੰਦੋਲਨ, ਪ੍ਰਧਾਨ ਮੰਤਰੀ ਦਾ ਦੌਰਾ ਅਤੇ ਰਾਜਪਾਲ ਨੂੰ ਲੈ ਕੇ ਚਰਚਾਵਾਂ ਸਿਆਸੀ ਮਾਹੌਲ ਨੂੰ ਦੇਣਗੀਆਂ ਨਵੀਂ ਦਿਸ਼ਾ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੀ ਰਾਜਨੀਤੀ ਆਉਣ ਵਾਲੇ ਦਿਨਾਂ ਵਿਚ ਹੋਰ ਗਰਮ ਰਹਿਣ ਦੀ ਸੰਭਾਵਨਾ ਹੈ। ਸੂਬੇ ਵਿਚ ਇੱਕੋ ਸਮੇਂ ਕਈ ਵੱਡੇ ਸਿਆਸੀ ਅਤੇ ਪ੍ਰਸ਼ਾਸਨਿਕ ਮੁੱਦੇ ਚਰਚਾ ਦਾ ਕੇਂਦਰ ਬਣੇ ਹੋਏ ਹਨ। ਕਾਂਗਰਸ ਅੰਦਰ ਚੱਲ ਰਹੀ ਖਿੱਚੋਤਾਣ, ਕਿਸਾਨ ਜਥੇਬੰਦੀਆਂ ਦੇ ਅੰਦੋਲਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੰਜਾਬ ਦੌਰਾ ਅਤੇ ਨਵੇਂ ਰਾਜਪਾਲ ਦੀ ਨਿਯੁਕਤੀ ਸਬੰਧੀ ਚੱਲ ਰਹੀਆਂ ਅਟਕਲਾਂ ਆਉਣ ਵਾਲੇ ਦਿਨਾਂ ਵਿਚ ਸੂਬੇ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

ਪੰਜਾਬ ਕਾਂਗਰਸ ਵਿਚ ਲੀਡਰਸ਼ਿਪ ਅਤੇ ਸੰਗਠਨ ਨੂੰ ਲੈ ਕੇ ਵਿਵਾਦ ਅਜੇ ਵੀ ਜਾਰੀ ਹੈ। ਦਿੱਲੀ ਵਿਚ ਹਾਈਕਮਾਂਡ ਵੱਲੋਂ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਪਾਰਟੀ ਨੂੰ ਇੱਕਜੁੱਟ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਵੇਖਣਾ ਦਿਲਚਸਪ ਹੋਵੇਗਾ ਕਿ ਹਾਈਕਮਾਂਡ ਪੰਜਾਬ ਇਕਾਈ ਵਿਚ ਕੋਈ ਵੱਡਾ ਫ਼ੈਸਲਾ ਲੈਂਦੀ ਹੈ ਜਾਂ ਮੌਜੂਦਾ ਢਾਂਚੇ ਨਾਲ ਹੀ ਅੱਗੇ ਵਧਦੀ ਹੈ।

ਦੂਜੇ ਪਾਸੇ, ਕਿਸਾਨ ਜਥੇਬੰਦੀਆਂ ਵੱਲੋਂ ਜ਼ਮੀਨ ਪੂਲਿੰਗ ਨੀਤੀ, ਖੇਤੀਬਾੜੀ ਅਤੇ ਹੋਰ ਮੰਗਾਂ ਨੂੰ ਲੈ ਕੇ ਸੰਘਰਸ਼ ਜਾਰੀ ਹੈ। ਜੇਕਰ ਸਰਕਾਰ ਅਤੇ ਕਿਸਾਨ ਆਗੂਆਂ ਵਿਚਾਲੇ ਸਹਿਮਤੀ ਨਹੀਂ ਬਣਦੀ, ਤਾਂ ਆਉਣ ਵਾਲੇ ਸਮੇਂ ਵਿਚ ਅੰਦੋਲਨ ਹੋਰ ਤੇਜ਼ ਹੋ ਸਕਦਾ ਹੈ, ਜਿਸ ਦਾ ਸਿਆਸੀ ਪ੍ਰਭਾਵ ਵੀ ਦੇਖਣ ਨੂੰ ਮਿਲ ਸਕਦਾ ਹੈ।

17 ਜੁਲਾਈ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੰਜਾਬ ਦੌਰਾ ਵੀ ਸਿਆਸੀ ਤੌਰ ’ਤੇ ਅਹਿਮ ਮੰਨਿਆ ਜਾ ਰਿਹਾ ਹੈ। ਦੌਰੇ ਦੌਰਾਨ ਉਹ ਕਈ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਨਗੇ। ਭਾਜਪਾ ਇਸ ਨੂੰ ਆਪਣੇ ਵਿਕਾਸ ਏਜੰਡੇ ਨਾਲ ਜੋੜ ਕੇ ਪੇਸ਼ ਕਰ ਰਹੀ ਹੈ, ਜਦਕਿ ਵਿਰੋਧੀ ਪਾਰਟੀਆਂ ਇਸ ਦੌਰੇ ਨੂੰ ਲੈ ਕੇ ਆਪਣੇ ਸਿਆਸੀ ਸਵਾਲ ਉਠਾ ਰਹੀਆਂ ਹਨ।

ਇਸ ਦੇ ਨਾਲ ਹੀ ਪੰਜਾਬ ਦੇ ਨਵੇਂ ਰਾਜਪਾਲ ਦੀ ਨਿਯੁਕਤੀ ਨੂੰ ਲੈ ਕੇ ਵੀ ਸਿਆਸੀ ਹਲਕਿਆਂ ਵਿਚ ਚਰਚਾ ਜਾਰੀ ਹੈ। ਹਾਲਾਂਕਿ ਕੇਂਦਰ ਸਰਕਾਰ ਵੱਲੋਂ ਅਜੇ ਤੱਕ ਕੋਈ ਅਧਿਕਾਰਕ ਐਲਾਨ ਨਹੀਂ ਕੀਤਾ ਗਿਆ, ਪਰ ਇਸ ਮੁੱਦੇ ਨੇ ਵੀ ਸਿਆਸੀ ਸਰਗਰਮੀਆਂ ਨੂੰ ਤੇਜ਼ ਕਰ ਦਿੱਤਾ ਹੈ।

ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਸਾਰੀਆਂ ਮੁੱਖ ਪਾਰਟੀਆਂ ਹੁਣ ਆਪਣੀ-ਆਪਣੀ ਰਣਨੀਤੀ ਨੂੰ ਅੰਤਿਮ ਰੂਪ ਦੇਣ ਵਿਚ ਜੁਟੀਆਂ ਹੋਈਆਂ ਹਨ। ਆਮ ਆਦਮੀ ਪਾਰਟੀ ਆਪਣੀਆਂ ਸਰਕਾਰੀ ਯੋਜਨਾਵਾਂ ਦੇ ਆਧਾਰ ’ਤੇ ਲੋਕਾਂ ਵਿਚ ਜਾਣ ਦੀ ਕੋਸ਼ਿਸ਼ ਕਰ ਰਹੀ ਹੈ, ਜਦਕਿ ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਵੀ ਸੰਗਠਨ ਨੂੰ ਮਜ਼ਬੂਤ ਕਰਨ ਅਤੇ ਜਨ ਸੰਪਰਕ ਵਧਾਉਣ ਲਈ ਸਰਗਰਮ ਹਨ।

ਕੁੱਲ ਮਿਲਾ ਕੇ, ਆਉਣ ਵਾਲੇ ਹਫ਼ਤੇ ਪੰਜਾਬ ਦੀ ਰਾਜਨੀਤੀ ਲਈ ਕਾਫ਼ੀ ਅਹਿਮ ਸਾਬਤ ਹੋ ਸਕਦੇ ਹਨ। ਹਾਈਕਮਾਂਡ ਦੇ ਫ਼ੈਸਲੇ, ਕਿਸਾਨ ਅੰਦੋਲਨ ਦੀ ਦਿਸ਼ਾ, ਪ੍ਰਧਾਨ ਮੰਤਰੀ ਦੇ ਦੌਰੇ ਦੇ ਸਿਆਸੀ ਸੰਦੇਸ਼ ਅਤੇ ਰਾਜਪਾਲ ਸਬੰਧੀ ਕਿਸੇ ਵੀ ਸੰਭਾਵਿਤ ਐਲਾਨ ’ਤੇ ਸੂਬੇ ਦੀ ਸਿਆਸਤ ਦੀਆਂ ਨਜ਼ਰਾਂ ਟਿਕੀਆਂ ਰਹਿਣਗੀਆਂ।

# ਕੈਂਟ ਵਿਚ 16ਵੇਂ ਬੱਚਿਆਂ ਦੇ ਖੇਡ ਮੇਲੇ ਦਾ ਸ਼ਾਨਦਾਰ ਆਗਾਜ਼

## 23 ਅਗਸਤ ਤੱਕ ਹਰ ਸ਼ਨੀਵਾਰ ਅਤੇ ਐਤਵਾਰ ਹੋਣਗੀਆਂ ਖੇਡ ਗਤੀਵਿਧੀਆਂ



ਗੁਰਚਰਨ ਸਿੰਘ ਢਿੱਲੋਂ
206-412-1559





ਗੁਰਦੀਪ ਸਿੰਘ ਸਿੱਧੂ
206-697-8155

















Copyright@Punjab Mail USA

ਕੈਂਟ (ਵਾਸ਼ਿੰਗਟਨ), (ਗੁਰਪ੍ਰੀਤ ਸਿੰਘ ਸਿੱਧੂ/ਪੰਜਾਬ ਮੇਲ)- ਕੈਂਟ ਦੇ ਵਿਲਸਨ ਪਲੇਅਗਰਾਊਂਡ ਵਿਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 16ਵੇਂ ਬੱਚਿਆਂ ਦੇ ਖੇਡ ਮੇਲੇ ਦਾ ਸ਼ਾਨਦਾਰ ਆਗਾਜ਼ ਕੀਤਾ ਗਿਆ। ਇਹ ਖੇਡ ਮੇਲਾ 23 ਅਗਸਤ ਤੱਕ ਹਰ ਸ਼ਨੀਵਾਰ ਅਤੇ ਐਤਵਾਰ ਸ਼ਾਮ ਕਰੀਬ 5 ਵਜੇ ਤੋਂ 7 ਵਜੇ ਤੱਕ ਨਿਯਮਿਤ ਤੌਰ 'ਤੇ ਕਰਵਾਇਆ ਜਾਵੇਗਾ। ਸਮਾਗਮ ਦੀ ਸ਼ੁਰੂਆਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਖ਼ਸ਼ਿਸ਼ ਨੂੰ ਨਮਨ ਕਰਕੇ ਕੀਤੀ ਗਈ।



ਪ੍ਰਬੰਧਕ ਗੁਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਬੱਚਿਆਂ ਨੂੰ ਮੋਬਾਈਲਾਂ, ਟੀ.ਵੀ. ਅਤੇ ਹੋਰ ਇਲੈਕਟ੍ਰਾਨਿਕ ਸਾਧਨਾਂ ਤੋਂ ਦੂਰ ਰੱਖ ਕੇ ਖੇਡਾਂ ਨਾਲ ਜੋੜਨਾ ਇਸ ਉਪਰਾਲੇ ਦਾ ਮੁੱਖ ਮਕਸਦ ਹੈ। ਉਨ੍ਹਾਂ ਕਿਹਾ ਕਿ ਖੇਡਾਂ ਬੱਚਿਆਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਲਈ ਬਹੁਤ ਜ਼ਰੂਰੀ ਹਨ ਅਤੇ ਇਸ ਨਾਲ ਅਨੁਸ਼ਾਸਨ, ਟੀਮ ਭਾਵਨਾ ਅਤੇ ਆਪਸੀ ਪਿਆਰ ਦੀ ਭਾਵਨਾ ਵੀ ਪੈਦਾ ਹੁੰਦੀ ਹੈ।

ਇਸ ਮੌਕੇ ਤੇ ਵੱਖ-ਵੱਖ ਉਮਰ ਵਰਗਾਂ ਦੇ ਬੱਚਿਆਂ ਨੇ ਉਤਸ਼ਾਹ ਨਾਲ ਖੇਡ ਗਤੀਵਿਧੀਆਂ ਵਿਚ ਹਿੱਸਾ ਲਿਆ। ਮਾਪਿਆਂ ਅਤੇ ਸਮਾਜ ਦੇ ਹੋਰ ਮੈਂਬਰਾਂ ਨੇ ਵੀ ਵੱਡੀ ਗਿਣਤੀ ਵਿਚ ਪਹੁੰਚ ਕੇ ਬੱਚਿਆਂ ਦੀ ਹੌਂਸਲਾ ਅਫ਼ਜ਼ਾਈ ਕੀਤੀ। ਐਤਵਾਰ ਜਸਬੀਰ ਗੁਣਾਚੌਰੀਆ ਤੇ ਅਮਨ ਧਾਲੀਵਾਲ ਦਾ ਬੱਚਿਆਂ ਦੀ ਗਰਾਊਂਡ 'ਚ ਆਉਣ 'ਤੇ ਮਾਨ ਸਨਮਾਨ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਦੇਵ ਜੱਜ, ਹਰਦੀਪ ਗਿੱਲ, ਬਲਵੰਤ ਔਲਖ, ਜਗਦੇਵ ਸੰਧੂ, ਸਰਬਜੀਤ ਝੱਲੀ, ਸੁਖਚੈਨ ਸੰਧੂ ਆਦਿ ਵੀ ਹਾਜ਼ਰ ਸਨ।

ਪ੍ਰਬੰਧਕਾਂ ਨੇ ਕਿਹਾ ਕਿ ਆਉਣ ਵਾਲੇ ਹਫ਼ਤਿਆਂ ਵਿਚ ਹੋਰ ਵੀ ਕਈ ਖੇਡ ਮੁਕਾਬਲੇ ਕਰਵਾਏ ਜਾਣਗੇ ਅਤੇ ਸਮਾਪਤੀ ਸਮਾਗਮ ਮੌਕੇ ਜੇਤੂ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ।





# ਅਟਾਰਨੀ ਐਟ ਲਾਅ ਜਸਪ੍ਰੀਤ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਮਰੀਕਾ ਦੇ ਪ੍ਰਸਿੱਧ ਅਟਾਰਨੀ ਐਟ ਲਾਅ ਸ. ਜਸਪ੍ਰੀਤ ਸਿੰਘ ਪਰਿਵਾਰ ਸਮੇਤ।

**ਅੰਮ੍ਰਿਤਸਰ, (ਪੰਜਾਬ ਮੇਲ)-** ਅਮਰੀਕਾ ਦੇ ਪ੍ਰਸਿੱਧ ਅਟਾਰਨੀ ਐਟ ਲਾਅ ਸ. ਜਸਪ੍ਰੀਤ ਸਿੰਘ ਨੇ ਆਪਣੇ ਪਰਿਵਾਰ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਚਰਨਾਂ ਵਿਚ ਸ਼ਰਧਾ ਭੇਟ ਕੀਤੀ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਉਨ੍ਹਾਂ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਡਾ. ਕਰਮਜੀਤ ਸਿੰਘ ਵੀ ਮੌਜੂਦ ਸਨ।

ਇਸ ਮੌਕੇ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਓ.ਐੱਸ.ਡੀ. ਸ. ਸਤਬੀਰ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਅਤੇ ਧਾਰਮਿਕ ਸਾਹਿਤ ਦੇ ਕੇ ਸਨਮਾਨਿਤ ਕੀਤਾ।

ਇਸ ਸਮੇਂ ਭਾਈ ਰਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਵਿਦੇਸ਼ ਵਿਚ ਵੱਸਦੇ ਹੋਏ ਵੀ ਸ. ਜਸਪ੍ਰੀਤ ਸਿੰਘ ਵੱਲੋਂ ਸਿੱਖ ਧਰਮ, ਸਿੱਖ ਇਤਿਹਾਸ ਅਤੇ ਗੁਰਮਤਿ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਲਈ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਹੁਤ ਹੀ ਸ਼ਲਾਘਾਯੋਗ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਸਿੱਖ ਅਧਿਐਨ ਲਈ ਸਥਾਪਿਤ ਕੀਤੀ ਗਈ ਚੇਅਰ ਸਿੱਖ ਇਤਿਹਾਸ, ਗੁਰਬਾਣੀ ਅਤੇ ਸਿੱਖ ਫ਼ਲਸਫ਼ੇ ਸਬੰਧੀ ਖੋਜ ਕਾਰਜਾਂ ਨੂੰ ਨਵਾਂ ਆਧਾਰ ਪ੍ਰਦਾਨ ਕਰੇਗੀ। ਉਨ੍ਹਾਂ ਕਿਹਾ ਕਿ ਸਮਰੱਥ ਸਿੱਖਾਂ ਵੱਲੋਂ ਸਿੱਖੀ ਦੇ ਪ੍ਰਚਾਰ, ਖੋਜ ਅਤੇ ਵਿਦਿਅਕ ਖੇਤਰ ਵਿਚ ਦਿੱਤਾ ਜਾ ਰਿਹਾ ਯੋਗਦਾਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾਦਾਇਕ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਸ. ਜਸਪ੍ਰੀਤ ਸਿੰਘ ਲੰਬੇ ਸਮੇਂ ਤੋਂ ਸਿੱਖ ਅਧਿਐਨ ਅਤੇ ਖੋਜ ਕਾਰਜਾਂ ਨੂੰ ਉਤਸ਼ਾਹਿਤ ਕਰਨ ਲਈ ਨਿਰੰਤਰ ਸਹਿਯੋਗ ਦੇ ਰਹੇ ਹਨ। ਉਨ੍ਹਾਂ ਦੀ ਦੂਰਅੰਦੇਸ਼ੀ ਅਤੇ ਸੇਵਾਭਾਵਨਾ ਸਦਕਾ ਸਥਾਪਿਤ ਕੀਤੀ ਗਈ ਸਿੱਖ ਅਧਿਐਨ ਚੇਅਰ ਭਵਿੱਖ ਵਿਚ ਸਿੱਖ ਵਿਰਾਸਤ ਨਾਲ ਸਬੰਧਤ ਖੋਜ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰੇਗੀ।

ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਸ. ਜਸਪ੍ਰੀਤ ਸਿੰਘ ਅਟਾਰਨੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰਨਾ ਉਨ੍ਹਾਂ ਲਈ ਜੀਵਨ ਦਾ ਸੁਭਾਗ ਹੈ। ਉਨ੍ਹਾਂ ਕਿਹਾ ਕਿ ਮਨੁੱਖ ਨੂੰ ਜੀਵਨ ਵਿਚ ਪ੍ਰਾਪਤ ਹੋਣ ਵਾਲੀ ਹਰ ਸਫ਼ਲਤਾ ਪ੍ਰਮਾਤਮਾ ਦੀ ਬਖ਼ਸ਼ਿਸ਼ ਅਤੇ ਗੁਰੂ ਸਾਹਿਬ ਦੀ ਅਪਾਰ ਕਿਰਪਾ ਦਾ ਹੀ ਸਿੱਟਾ ਹੁੰਦੀ ਹੈ। ਉਨ੍ਹਾਂ ਆਖਿਆ ਕਿ ਸਿੱਖੀ ਦੀ ਮਹਾਨ ਵਿਰਾਸਤ ਨਾਲ ਜੁੜੇ ਰਹਿਣਾ ਅਤੇ ਇਸ ਦੇ ਪ੍ਰਚਾਰ-ਪ੍ਰਸਾਰ ਵਿਚ ਆਪਣਾ ਯੋਗਦਾਨ ਪਾਉਣਾ ਹਰ ਸਿੱਖ ਦਾ ਫ਼ਰਜ਼ ਹੈ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੇ ਗਏ ਸਨਮਾਨ ਲਈ ਧੰਨਵਾਦ ਵੀ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ ਅਤੇ ਸੂਚਨਾ ਅਧਿਕਾਰੀ ਸ. ਅੰਮ੍ਰਿਤਪਾਲ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾ. ਅਮਰਜੀਤ ਸਿੰਘ, ਸੂਚਨਾ ਅਧਿਕਾਰੀ ਸ. ਜਤਿੰਦਰਪਾਲ ਸਿੰਘ ਆਦਿ ਹਾਜ਼ਰ ਸਨ।

# ਫਲੋਰੀਡਾ ’ਚ ਪਿਉ ਨੂੰ ਗੋਲ਼ੀ ਮਾਰਨ ਤੋਂ ਬਾਅਦ ਪੁੱਤ ਨੇ ਖ਼ੁਦ ਨੂੰ ਵੀ ਗੋਲ਼ੀ ਮਾਰੀ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਬੀਤੀਂ ਰਾਤ ਫਲੋਰੀਡਾ ਸੂਬੇ ਦੇ ਲਾਰਗੋ ਸਿਟੀ ਨੇੜੇ ਪਿਨੇਲਸ ਕਾਉਂਟੀ ਵਿਚ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਵਿਚ ਇੱਕ ਭਾਰਤੀ-ਗੁਜਰਾਤੀ ਪਿਤਾ ਅਤੇ ਪੁੱਤਰ ਦੀ ਮੌਤ ਹੋ ਗਈ। 27 ਸਾਲਾ ਪਾਰਥ ਪਟੇਲ, ਜੋ ਕਿ ਓਹਾਇਓ ਰਾਜ ਤੋਂ ਫਲੋਰੀਡਾ ਵਿਚ ਆਪਣੇ ਪਰਿਵਾਰ ਨੂੰ ਮਿਲਣ ਆਇਆ ਸੀ, ਦੀ ਮਾਨਸਿਕ ਸਥਿਤੀ ਠੀਕ ਨਹੀਂ ਸੀ। ਇਸ ਦੌਰਾਨ ਆਪਣੇ ਪਿਤਾ ਹਿਤੇਸ਼ ਪਟੇਲ (55) ਦੁਆਰਾ ਕੀਤੀ ਗਈ ਇੱਕ ਆਮ ਟਿੱਪਣੀ ਤੋਂ ਭੜਕੇ ਹੋਏ ਪੁੱਤਰ ਪਾਰਥ ਪਟੇਲ ਨੇ ਆਪਣੇ ਪਿਤਾ ’ਤੇ ਗੋਲੀਬਾਰੀ ਕੀਤੀ ਅਤੇ ਫਿਰ ਆਪਣੇ ਆਪ ਨੂੰ ਗੋਲ਼ੀ ਮਾਰ ਕੇ ਆਪਣੀ ਜਾਨ ਲੈ ਲਈ। ਪਿਨੇਲਸ ਕਾਉਂਟੀ ਸ਼ੈਰਿਫ ਦੇ ਦਫਤਰ ਨੇ ਲਾਰਗੋ ਨੇੜੇ ਹੋਈ ਗੋਲੀਬਾਰੀ ਵਿਚ ਦੋ ਮ੍ਰਿਤਕਾਂ ਦੀ ਪਛਾਣ ਜਾਰੀ ਕੀਤੀ ਹੈ। ਪੁਲਿਸ ਨੇ ਇਹ ਵੀ ਪੁਸ਼ਟੀ ਕੀਤੀ ਹੈ ਕਿ ਮ੍ਰਿਤਕ ਪਿਤਾ ਅਤੇ ਪੁੱਤਰ ਸਨ, ਜਿਸ ਵਿਚ ਪੁੱਤਰ ਦਾ ਨਾਮ ਪਾਰਥ ਪਟੇਲ ਦੱਸਿਆ ਗਿਆ ਹੈ, ਜਦੋਂਕਿ ਪਿਤਾ ਦਾ ਨਾਮ ਹਿਤੇਸ਼ ਪਟੇਲ ਦੱਸਿਆ ਗਿਆ ਹੈ। ਜਦੋਂ ਪੁਲਿਸ ਘਟਨਾ ਵਾਲੀ ਥਾਂ ’ਤੇ ਪਹੁੰਚੀ, ਤਾਂ ਪਾਰਥ ਪਟੇਲ ਅਤੇ ਉਸ ਦੇ ਪਿਤਾ ਖ਼ੂਨ ਨਾਲ ਲੱਥਪੱਥ ਹਾਲਤ ਵਿਚ ਉੱਥੇ ਪਏ ਸਨ। ਆਪਣੇ ਆਪ ਨੂੰ ਗੋਲੀ ਮਾਰਨ ਨਾਲ ਪਾਰਥ ਦੀ ਮੌਕੇ ’ਤੇ ਹੀ ਮੌਤ ਹੋ ਗਈ ਸੀ, ਜਦੋਂ ਕਿ ਉਸ ਦਾ ਪਿਤਾ ਅਜੇ ਵੀ ਸਾਹ ਲੈ ਰਿਹਾ ਸੀ। ਪੁਲਿਸ ਨੇ ਹਿਤੇਸ਼ ਪਟੇਲ ਨੂੰ ਗੰਭੀਰ ਹਾਲਤ ਵਿਚ ਨੇੜਲੇ ਹਸਪਤਾਲ ਪਹੁੰਚਾਇਆ ਪਰ ਥੋੜ੍ਹੀ ਦੇਰ ਬਾਅਦ ਉਸਦੀ ਵੀ ਮੌਤ ਹੋ ਗਈ। ਮਾਮਲੇ ਦੀ ਸ਼ੁਰੂਆਤੀ ਜਾਂਚ ਵਿਚ ਇਹ ਵੀ ਸਾਹਮਣੇ ਆਇਆ ਕਿ ਪਾਰਥ ਪਟੇਲ ਡਬਲਿਨ, ਓਹਾਇਓ ਵਿਚ ਰਹਿੰਦਾ ਸੀ ਅਤੇ ਉਸ ਨੂੰ ਮਾਨਸਿਕ ਸਿਹਤ ਸੰਬੰਧੀ ਸਮੱਸਿਆਵਾਂ ਸਨ, ਜਿਸ ਲਈ ਉਸਦਾ ਇਲਾਜ ਚੱਲ ਰਿਹਾ ਸੀ। ਪਾਰਥ ਫਲੋਰੀਡਾ ’ਚ ਆਪਣੇ ਮਾਪਿਆਂ ਨੂੰ ਮਿਲਣ ਆਇਆ ਸੀ, ਪਰ ਆਪਣੇ ਦੀ ਕਿਸੇ ਗੱਲ ’ਤੇ ਪਾਰਥ ਭੜਕ ਗਿਆ। ਪਿਤਾ ਅਤੇ ਪੁੱਤਰ ਵਿਚਕਾਰ ਬਹਿਸ ਵੱਧ ਗਈ ਅਤੇ ਪਾਰਥ ਨੇ ਆਪਣੇ ਰਿਵਾਲਵਰ ਨਾਲ ਆਪਣੇ ਪਿਤਾ ਨੂੰ ਗੋਲੀ ਮਾਰ ਦਿੱਤੀ ਅਤੇ ਬਾਅਦ ਵਿਚ ਖੁਦ ਨੂੰ ਵੀ ਗੋਲੀ ਮਾਰ ਲਈ।

# ਟਰੰਪ ਨੇ ਇਰਾਕ ਦੇ ਨਵੇਂ ਪ੍ਰਧਾਨ ਮੰਤਰੀ ਅਲੀ ਅਲ-ਜ਼ੈਦੀ ਨਾਲ ਕੀਤੀ ਮੁਲਾਕਾਤ

## ਵ੍ਹਾਈਟ ਹਾਊਸ ’ਚ ਸੁਰੱਖਿਆ, ਈਰਾਨ ਸਮਰਥਿਤ ਮਿਲੀਸ਼ੀਆ ਅਤੇ ਊਰਜਾ ਨਿਵੇਸ਼ ਰਹੇ ਮੁੱਖ ਮੁੱਦੇ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵ੍ਹਾਈਟ ਹਾਊਸ ਵਿਚ ਇਰਾਕ ਦੇ ਨਵੇਂ ਪ੍ਰਧਾਨ ਮੰਤਰੀ ਅਲੀ ਅਲ-ਜ਼ੈਦੀ ਨਾਲ ਮਹੱਤਵਪੂਰਨ ਦੁਵੱਲੀ ਮੀਟਿੰਗ ਕੀਤੀ। ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਇਹ ਅਲੀ ਅਲ-ਜ਼ੈਦੀ ਦਾ ਪਹਿਲਾ ਅਧਿਕਾਰਕ ਅਮਰੀਕੀ ਦੌਰਾ ਹੈ, ਜਿਸ ਨੂੰ ਦੋਵਾਂ ਦੇਸ਼ਾਂ ਦੇ ਸਬੰਧਾਂ ਲਈ ਅਹਿਮ ਮੰਨਿਆ ਜਾ ਰਿਹਾ ਹੈ।

ਮੀਟਿੰਗ ਦੌਰਾਨ ਸਭ ਤੋਂ ਵੱਧ ਧਿਆਨ ਇਰਾਕ ਵਿਚ ਸਰਗਰਮ ਈਰਾਨ ਸਮਰਥਿਤ ਹਥਿਆਰਬੰਦ ਮਿਲੀਸ਼ੀਆ ਗਰੁੱਪਾਂ ਦੇ ਮੁੱਦੇ ’ਤੇ ਰਿਹਾ। ਟਰੰਪ ਪ੍ਰਸ਼ਾਸਨ ਨੇ ਇਰਾਕ ’ਤੇ ਜ਼ੋਰ ਦਿੱਤਾ ਕਿ ਉਹ ਇਨ੍ਹਾਂ ਗਰੁੱਪਾਂ ਦੇ ਪ੍ਰਭਾਵ ਨੂੰ ਘਟਾਉਣ ਅਤੇ ਉਨ੍ਹਾਂ ਨੂੰ ਹਥਿਆਰਾਂ ਤੋਂ ਵਾਂਝੇ ਕਰਨ ਲਈ ਠੋਸ ਕਦਮ ਚੁੱਕੇ। ਅਮਰੀਕਾ ਦਾ ਮੰਨਣਾ ਹੈ ਕਿ ਇਹ ਗਰੁੱਪ ਖੇਤਰੀ ਸਥਿਰਤਾ ਅਤੇ ਅਮਰੀਕੀ ਹਿੱਤਾਂ ਲਈ ਚੁਣੌਤੀ ਬਣੇ ਹੋਏ ਹਨ।

ਇਸ ਮੁਲਾਕਾਤ ਵਿਚ ਦੋਵਾਂ ਨੇਤਾਵਾਂ ਨੇ ਸੁਰੱਖਿਆ ਸਹਿਯੋਗ, ਅੱਤਵਾਦ ਵਿਰੋਧੀ ਕਾਰਵਾਈਆਂ ਅਤੇ ਇਰਾਕੀ ਸੁਰੱਖਿਆ ਬਲਾਂ ਨੂੰ ਹੋਰ ਮਜ਼ਬੂਤ ਕਰਨ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ। ਇਰਾਕ ਨੇ ਅਮਰੀਕਾ ਤੋਂ ਖੁਫੀਆ ਜਾਣਕਾਰੀ ਸਾਂਝੀ ਕਰਨ ਅਤੇ ਸੁਰੱਖਿਆ ਸਹਿਯੋਗ ਜਾਰੀ ਰੱਖਣ ਦੀ ਇੱਛਾ ਜਤਾਈ ਹੈ।

ਊਰਜਾ ਖੇਤਰ ਵੀ ਇਸ ਮੀਟਿੰਗ ਦਾ ਇੱਕ ਵੱਡਾ ਕੇਂਦਰ ਰਿਹਾ। ਇਰਾਕ ਅਮਰੀਕੀ ਕੰਪਨੀਆਂ ਨੂੰ ਆਪਣੇ ਤੇਲ, ਗੈਸ ਅਤੇ ਬਿਜਲੀ ਖੇਤਰ ਵਿਚ ਵੱਡੇ ਨਿਵੇਸ਼ ਲਈ ਸੱਦਾ ਦੇ ਰਿਹਾ ਹੈ। ਦੋਵਾਂ ਪੱਖਾਂ ਵਿਚਾਲੇ ਕਈ ਸਮਝੌਤਾ ਯਾਦਦਾਸ਼ਤਾਂ ’ਤੇ ਵੀ ਚਰਚਾ ਹੋਈ, ਜਿਨ੍ਹਾਂ ਰਾਹੀਂ ਅਮਰੀਕੀ ਨਿਵੇਸ਼ ਵਧਾਉਣ ਅਤੇ ਇਰਾਕ ਦੀ ਊਰਜਾ ਸਮਰੱਥਾ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਮਰੀਕੀ ਪ੍ਰਸ਼ਾਸਨ ਨੇ ਇਹ ਵੀ ਸੰਕੇਤ ਦਿੱਤਾ ਕਿ ਭਵਿੱਖ ਵਿਚ ਦੋਵਾਂ ਦੇਸ਼ਾਂ ਵਿਚਾਲੇ ਸਹਿਯੋਗ ਇਸ ਗੱਲ ’ਤੇ ਨਿਰਭਰ ਕਰੇਗਾ ਕਿ ਇਰਾਕ ਈਰਾਨ ਸਮਰਥਿਤ ਹਥਿਆਰਬੰਦ ਗਰੁੱਪਾਂ ਨੂੰ ਕਾਬੂ ਕਰਨ ਅਤੇ ਦੇਸ਼ ਵਿਚ ਸਥਿਰਤਾ ਕਾਇਮ ਕਰਨ ਲਈ ਕਿੰਨੀ ਪ੍ਰਭਾਵਸ਼ਾਲੀ ਕਾਰਵਾਈ ਕਰਦਾ ਹੈ।

ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਮੱਧ ਪੂਰਬ ਵਿਚ ਵਧੇ ਤਣਾਅ ਅਤੇ ਅਮਰੀਕਾ-ਈਰਾਨ ਟਕਰਾਅ ਦੇ ਮੱਦੇਨਜ਼ਰ ਇਹ ਮੁਲਾਕਾਤ ਕਾਫ਼ੀ ਅਹਿਮ ਹੈ।

# ਚਿਰਾਗ ਵੀਰ ਸਿੰਘ ਸਰਾਓ ਯੂ.ਐੱਸ. ਏਅਰਫੋਰਸ ਅਕੈਡਮੀ ’ਚ ਸ਼ਾਮਲ ਹੋਣ ਵਾਲਾ ਪਹਿਲਾ ਕੇਸਧਾਰੀ ਸਿੱਖ ਬਣਿਆ

## ਧਾਰਮਿਕ ਚਿੰਨ੍ਹਾਂ ਸਮੇਤ ਸੇਵਾ ਨਿਭਾਉਣ ਦੀ ਮਿਲੀ ਇਜਾਜ਼ਤ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਰਹਿਣ ਵਾਲੇ ਸਿੱਖ ਭਾਈਚਾਰੇ ਲਈ ਇੱਕ ਬੇਹੱਦ ਮਾਣ ਵਾਲੀ ਖ਼ਬਰ ਸਾਹਮਣੇ ਆਈ ਹੈ। ਸਿੱਖ ਨੌਜਵਾਨ ਚਿਰਾਗ ਵੀਰ ਸਿੰਘ ਸਰਾਓ ਕੋਲੋਰੈਡੋ ਸਪ੍ਰਿੰਗਜ਼ ਸਥਿਤ ਵੱਕਾਰੀ ‘ਯੂ.ਐੱਸ. ਏਅਰ ਫੋਰਸ ਅਕੈਡਮੀ’ (ਯੂ.ਐੱਸ. ਏ.ਐੱਫ.ਏ.) ਵਿਚ ਸ਼ਾਮਲ ਹੋਣ ਵਾਲੇ ਪਹਿਲੇ ਕੇਸਧਾਰੀ ਸਿੱਖ ਅਮਰੀਕੀ ਬਣ ਗਏ ਹਨ। ਅਮਰੀਕਨ ਸਿੱਖ ਕੌਂਸਲ ਵੱਲੋਂ ਇਸ ਇਤਿਹਾਸਕ ਪ੍ਰਾਪਤੀ ਦੀ ਅਧਿਕਾਰਤ ਪੁਸ਼ਟੀ ਕੀਤੀ ਗਈ ਹੈ। ਕੌਂਸਲ ਮੁਤਾਬਕ, ਚਿਰਾਗ ਵੀਰ ਸਿੰਘ ਨੂੰ 4 ਅਪ੍ਰੈਲ ਨੂੰ ਅਕੈਡਮੀ ਵਿਚ ਨਿਯੁਕਤ ਕੀਤਾ ਗਿਆ ਸੀ ਅਤੇ ਲੰਮੀ ਪ੍ਰਕਿਰਿਆ ਤੋਂ ਬਾਅਦ 20 ਜੂਨ ਨੂੰ ਉਨ੍ਹਾਂ ਨੂੰ ਵਿਸ਼ੇਸ਼ ‘ਧਾਰਮਿਕ ਛੋਟ’ ਪ੍ਰਦਾਨ ਕੀਤੀ ਗਈ। ਇਸ ਇਜਾਜ਼ਤ ਤਹਿਤ ਉਹ ਆਪਣੀ ਮੂਲ ਸਿੱਖ ਪਛਾਣ ਨੂੰ ਬਰਕਰਾਰ ਰੱਖਦੇ ਹੋਏ ਅਨਕੱਟੇ ਕੇਸ (ਵਾਲ) ਅਤੇ ਦਾੜ੍ਹੇ ਸਣੇ ਆਪਣੇ ਧਾਰਮਿਕ ਚਿੰਨ੍ਹਾਂ ਦੇ ਨਾਲ ਹਵਾਈ ਫੌਜ ਵਿਚ ਸੇਵਾ ਨਿਭਾ ਸਕਣਗੇ।

ਚਿਰਾਗ ਵੀਰ ਸਿੰਘ ਸਰਾਓ ਅਧਿਕਾਰਤ ਤੌਰ ’ਤੇ 24 ਜੂਨ ਨੂੰ ਅਕੈਡਮੀ ਦੇ ‘ਇਨ-ਪ੍ਰੋਸੈਸਿੰਗ ਡੇ’ ਮੌਕੇ ਸ਼ਾਮਲ ਹੋਏ ਸਨ ਅਤੇ ਇਸ ਵੇਲੇ ਉਹ ਛੇ ਹਫ਼ਤਿਆਂ ਦੇ ਸਖ਼ਤ ਬੂਟ ਕੈਂਪ (ਮਿਲਟਰੀ ਸਿਖਲਾਈ) ਵਿਚੋਂ ਲੰਘ ਰਹੇ ਹਨ।

ਦੱਸਣਯੋਗ ਹੈ ਕਿ ਹਵਾਈ ਫੌਜ ਦੀ ਇਸ ਮੁੱਖ ਅਕੈਡਮੀ ਵਿਚ ਚੁਣੇ ਜਾਣ ਤੋਂ ਪਹਿਲਾਂ ਚਿਰਾਗ ਨੇ ਆਪਣੀ ਕਾਬਲੀਅਤ ਦੇ ਦਮ ’ਤੇ ਏਅਰ ਫੋਰਸ ਰਿਜ਼ਰਵ ਅਫਸਰਸ ਸਿਖਲਾਈ ਕੋਰ (ਆਰ.ਓ.ਟੀ.ਸੀ.) ਅਤੇ ਨੇਵਲ ਆਰ.ਓ.ਟੀ.ਸੀ. ਦੋਵਾਂ ਤੋਂ ਪੂਰੀ ਸਕਾਲਰਸ਼ਿਪ ਹਾਸਲ ਕੀਤੀ ਸੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਅਮਰੀਕਾ ਦੀਆਂ ਨਾਮੀ ਯੂਨੀਵਰਸਿਟੀਆਂ ਜਿਵੇਂ ਯੂਨੀਵਰਸਿਟੀ ਆਫ਼ ਸਦਰਨ ਕੈਲੀਫੋਰਨੀਆ ਅਤੇ ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਵਿਚ ਵੀ ਦਾਖ਼ਲੇ ਦੀ ਪੇਸ਼ਕਸ਼ ਮਿਲੀ ਸੀ।

ਕੌਂਸਲ ਨੇ ਚਿਰਾਗ ਦੇ ਸ਼ਾਨਦਾਰ ਪਿਛੋਕੜ ਬਾਰੇ ਦੱਸਦਿਆਂ ਕਿਹਾ ਕਿ ਉਹ ਪੜ੍ਹਾਈ ਵਿਚ ਅਵੱਲ ਰਹਿਣ ਦੇ ਨਾਲ-ਨਾਲ ਇੱਕ ਵਧੀਆ ਖਿਡਾਰੀ ਵੀ ਹਨ। ਉਹ ‘ਈਗਲ ਸਕਾਊਟ’ (ਸਕਾਊਟਿੰਗ ਵਿਚ ਸਰਵਉੱਚ ਰੈਂਕ) ਰਹਿ ਚੁੱਕੇ ਹਨ, ਤਾਈਕਵਾਂਡੋ ਵਿਚ ਸੈਕੰਡ-ਡਿਗਰੀ ਬਲੈਕ ਬੈਲਟ ਧਾਰਕ ਹਨ ਅਤੇ ਯੂਨੀਵਰਸਿਟੀ ਦੀ ਵਾਰਸਿਟੀ ਵਾਟਰ ਪੋਲੋ ਟੀਮ ਵੱਲੋਂ ਮੁਕਾਬਲਿਆਂ ਵਿਚ ਹਿੱਸਾ ਲੈਂਦੇ ਰਹੇ ਹਨ।

ਜ਼ਿਕਰਯੋਗ ਹੈ ਕਿ ਕੋਲੋਰੈਡੋ ਸਪ੍ਰਿੰਗਜ਼ ਸਥਿਤ ਯੂਨਾਈਟਿਡ ਸਟੇਟਸ ਏਅਰ ਫੋਰਸ ਅਕੈਡਮੀ ਅਮਰੀਕਾ ਦੀਆਂ ਪੰਜ ਸੰਘੀ ਸੇਵਾ ਅਕੈਡਮੀਆਂ ਵਿਚੋਂ ਇੱਕ ਹੈ। ਇੱਥੇ ਨੌਜਵਾਨਾਂ ਨੂੰ ਉੱਚ ਸਿੱਖਿਆ ਦੇ ਨਾਲ-ਨਾਲ ਸਖ਼ਤ ਮਿਲਟਰੀ ਅਤੇ ਲੀਡਰਸ਼ਿਪ ਟ੍ਰੇਨਿੰਗ ਦਿੱਤੀ ਜਾਂਦੀ ਹੈ। ਇੱਥੋਂ ਗ੍ਰੈਜੂਏਟ ਹੋਣ ਵਾਲੇ ਕੈਡਿਟਾਂ ਨੂੰ ਅਮਰੀਕੀ ਹਵਾਈ ਫੌਜ (ਯੂ.ਐੱਸ. ਏਅਰਫੋਰਸ) ਜਾਂ ਅਮਰੀਕੀ ਸਪੇਸ ਫੌਜ (ਯੂ.ਐੱਸ. ਸਪੇਸ ਫੋਰਸ) ਵਿਚ ਸਿੱਧੇ ਸੈਕੰਡ ਲੈਫਟੀਨੈਂਟ ਵਜੋਂ ਤਾਇਨਾਤ ਕੀਤਾ ਜਾਂਦਾ ਹੈ।

# ਕੈਲੀਫੋਰਨੀਆ ’ਚ ਜੀਪ ਡਰਾਈਵਰ ਨੂੰ ਸੈਮੀ-ਟਰੱਕ ਸਾਹਮਣੇ ਬ੍ਰੇਕ ਮਾਰਨੀ ਪਈ ਮਹਿੰਗੀ; 60 ਦਿਨ ਦੀ ਜੇਲ੍ਹ

**ਸੈਨਹੋਜ਼ੇ, (ਪੰਜਾਬ ਮੇਲ)-** ਕੈਲੀਫੋਰਨੀਆ ਵਿਚ ਇੱਕ ਜੀਪ ਡਰਾਈਵਰ ਨੂੰ ਸੜਕ ’ਤੇ ਗੁੱਸਾ ਦਿਖਾਉਣਾ ਅਤੇ ਬੀਮਾ ਕੰਪਨੀ ਨਾਲ ਕਥਿਤ ਧੋਖਾਧੜੀ ਕਰਨ ਦੀ ਕੋਸ਼ਿਸ਼ ਮਹਿੰਗੀ ਪੈ ਗਈ। ਟਰੱਕ ਦੇ ਡੈਸ਼ਕੈਮ ਵਿਚ ਕੈਦ ਹੋਈ ਵੀਡੀਓ ਦੇ ਆਧਾਰ ’ਤੇ ਅਦਾਲਤ ਨੇ ਉਸ ਨੂੰ 60 ਦਿਨ ਕਾਊਂਟੀ ਜੇਲ੍ਹ, ਦੋ ਸਾਲ ਦੀ ਪ੍ਰੋਬੇਸ਼ਨ ਅਤੇ 4,000 ਡਾਲਰ ਤੋਂ ਵੱਧ ਮੁਆਵਜ਼ਾ ਅਦਾ ਕਰਨ ਦੇ ਹੁਕਮ ਦਿੱਤੇ ਹਨ।

ਅਧਿਕਾਰੀਆਂ ਮੁਤਾਬਕ, ਜਨਵਰੀ 2025 ਵਿਚ ਕੇਨੇਥ ਫਾਮ ਟ੍ਰੈਨ ਨਾਂ ਦੇ ਡਰਾਈਵਰ ਨੇ ਹਾਈਵੇ 101 ’ਤੇ ਇੱਕ ਸੈਮੀ-ਟਰੱਕ ਦੇ ਸਾਹਮਣੇ ਕਈ ਵਾਰ ਜਾਣਬੁੱਝ ਕੇ ਅਚਾਨਕ ਬ੍ਰੇਕ ਲਗਾਈ। ਟਰੱਕ ਡਰਾਈਵਰ ਨੇ ਬਚਣ ਦੀ ਕੋਸ਼ਿਸ਼ ਕੀਤੀ, ਪਰ ਆਖ਼ਰਕਾਰ ਟਰੱਕ ਜੀਪ ਨਾਲ ਟਕਰਾ ਗਿਆ। ਇਹ ਸਾਰੀ ਘਟਨਾ ਟਰੱਕ ਦੇ ਡੈਸ਼ਕੈਮ ਵਿਚ ਰਿਕਾਰਡ ਹੋ ਗਈ।

ਹਾਦਸੇ ਤੋਂ ਬਾਅਦ ਜੀਪ ਡਰਾਈਵਰ ਨੇ ਪੁਲਿਸ ਅਤੇ ਆਪਣੀ ਬੀਮਾ ਕੰਪਨੀ ਨੂੰ ਦੱਸਿਆ ਕਿ ਟਰੱਕ ਦੀ ਗਲਤੀ ਕਾਰਨ ਹਾਦਸਾ ਹੋਇਆ ਅਤੇ ਉਸ ਨੇ ਬੀਮੇ ਦੀ ਰਕਮ ਲੈਣ ਲਈ ਕਲੇਮ ਵੀ ਦਾਇਰ ਕਰ ਦਿੱਤਾ। ਪਰ ਡੈਸ਼ਕੈਮ ਵੀਡੀਓ ਅਤੇ ਇੱਕ ਚਸ਼ਮਦੀਦ ਗਵਾਹ ਦੇ ਬਿਆਨ ਨੇ ਉਸ ਦਾ ਦਾਅਵਾ ਝੂਠਾ ਸਾਬਤ ਕਰ ਦਿੱਤਾ।

ਜਿਊਰੀ ਨੇ ਉਸ ਨੂੰ ਫੈਲੋਨੀ ਇੰਸ਼ੋਰੈਂਸ ਫਰਾਡ, ਫੈਲੋਨੀ ਵੈਂਡਲਿਜ਼ਮ ਅਤੇ ਲਾਪਰਵਾਹ ਡਰਾਈਵਿੰਗ ਦਾ ਦੋਸ਼ੀ ਕਰਾਰ ਦਿੱਤਾ। ਕੈਲੀਫੋਰਨੀਆ ਇੰਸ਼ੋਰੈਂਸ ਕਮਿਸ਼ਨਰ ਨੇ ਕਿਹਾ ਕਿ ਅਜਿਹੇ ਮਾਮਲੇ ਲੋਕਾਂ ਦੀ ਜਾਨ ਨੂੰ ਖ਼ਤਰੇ ਵਿਚ ਪਾਉਂਦੇ ਹਨ ਅਤੇ ਬੀਮੇ ਦੀਆਂ ਕੀਮਤਾਂ ਵੀ ਵਧਾਉਂਦੇ ਹਨ।

# ICE ਏਜੰਟਾਂ ਦੀ ਗੋਲੀਬਾਰੀ ’ਚ ਘੱਟੋ-ਘੱਟ 21 ਲੋਕ ਜ਼ਖਮੀ; 5 ਦੀ ਮੌਤ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਵਿਚ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈਸ) ਦੀਆਂ ਕਾਰਵਾਈਆਂ ਦੌਰਾਨ ਗੋਲੀਬਾਰੀ ਦੇ ਮਾਮਲਿਆਂ ਨੂੰ ਲੈ ਕੇ ਚਿੰਤਾ ਵਧ ਰਹੀ ਹੈ। ਇੱਕ ਰਿਪੋਰਟ ਮੁਤਾਬਕ ਪਿਛਲੇ ਸਾਲ ਤੋਂ ਹੁਣ ਤੱਕ ਘੱਟੋ-ਘੱਟ 21 ਲੋਕ ਆਈਸ ਜਾਂ ਹੋਰ ਸੰਘੀ ਇਮੀਗ੍ਰੇਸ਼ਨ ਏਜੰਟਾਂ ਦੀ ਗੋਲੀਬਾਰੀ ਦਾ ਸ਼ਿਕਾਰ ਹੋਏ ਹਨ।

ਇਨ੍ਹਾਂ ਵਿਚੋਂ 5 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦਕਿ ਮਰਨ ਵਾਲਿਆਂ ਵਿਚ ਤਿੰਨ ਅਮਰੀਕੀ ਨਾਗਰਿਕ ਵੀ ਸ਼ਾਮਲ ਹਨ। ਕਈ ਘਟਨਾਵਾਂ ਵਿੱਚ ਲੋਕਾਂ ਨੂੰ ਉਨ੍ਹਾਂ ਦੀਆਂ ਕਾਰਾਂ ਦੇ ਅੰਦਰ ਹੀ ਗੋਲੀ ਮਾਰੀ ਗਈ, ਜਿਸ ਕਾਰਨ ਇਨ੍ਹਾਂ ਕਾਰਵਾਈਆਂ ’ਤੇ ਸਵਾਲ ਉੱਠ ਰਹੇ ਹਨ।

ਰਿਪੋਰਟ ਅਨੁਸਾਰ ਕਈ ਮਾਮਲਿਆਂ ਵਿਚ ਗੋਲੀਬਾਰੀ ਉਸ ਵੇਲੇ ਹੋਈ, ਜਦੋਂ ਏਜੰਟ ਗ੍ਰਿਫ਼ਤਾਰੀ ਜਾਂ ਵਾਹਨ ਰੋਕਣ ਦੀ ਕਾਰਵਾਈ ਕਰ ਰਹੇ ਸਨ। ਕੁਝ ਘਟਨਾਵਾਂ ਵਿਚ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਆਪਣੀ ਸੁਰੱਖਿਆ ਲਈ ਗੋਲੀ ਚਲਾਉਣੀ ਪਈ, ਜਦਕਿ ਕੁਝ ਮਾਮਲਿਆਂ ਦੀ ਸੁਤੰਤਰ ਜਾਂਚ ਦੀ ਮੰਗ ਵੀ ਕੀਤੀ ਜਾ ਰਹੀ ਹੈ। ਟਰੰਪ ਪ੍ਰਸ਼ਾਸਨ ਵੱਲੋਂ ਦੇਸ਼ ਭਰ ਵਿਚ ਗੈਰ-ਕਾਨੂੰਨੀ ਇਮੀਗ੍ਰੇਸ਼ਨ ਖ਼ਿਲਾਫ਼ ਸਖ਼ਤ ਕਾਰਵਾਈ ਅਤੇ ਆਈਸ ਗ੍ਰਿਫ਼ਤਾਰੀਆਂ ਵਿਚ ਤੇਜ਼ੀ ਲਿਆਂਦੀ ਗਈ ਹੈ। ਇਸ ਦੇ ਨਾਲ ਹੀ ਸੰਘੀ ਏਜੰਟਾਂ ਵੱਲੋਂ ਬਲ ਦੀ ਵਰਤੋਂ ਅਤੇ ਗੋਲੀਬਾਰੀ ਦੇ ਮਾਮਲੇ ਵੀ ਵਧੇਰੇ ਚਰਚਾ ਦਾ ਵਿਸ਼ਾ ਬਣੇ ਹੋਏ ਹਨ।

ਮਨੁੱਖੀ ਅਧਿਕਾਰ ਸੰਸਥਾਵਾਂ ਅਤੇ ਸਿਵਲ ਲਿਬਰਟੀ ਗਰੁੱਪਾਂ ਨੇ ਇਨ੍ਹਾਂ ਘਟਨਾਵਾਂ ਦੀ ਪਾਰਦਰਸ਼ੀ ਜਾਂਚ ਅਤੇ ਆਈਸ ਦੀਆਂ ਕਾਰਵਾਈਆਂ ਵਿਚ ਵਧੇਰੇ ਜਵਾਬਦੇਹੀ ਦੀ ਮੰਗ ਕੀਤੀ ਹੈ।

# VALLEJO TEEYAN

## MELA 2026



**Sunday July 19th, 2026 from 12-6pm**

**Free Entry**

*Only for Ladies and Children*

Organizer



Sunita Verma

Hosted By



Asha Sharma

## At Dan Foley Cultural Center

**(Behind Sutter Solano Hospital)**
**1498 N Camino Alto, Vallejo, CA 94589**

**Special Attractions include Mehndi, Indian Clothing and Jewelry Booths.**

**Come and enjoy a day filled with entertainment and festiveties, including Punjabi Folk songs and dances, Gidha, Boliyan and much more...**

*To Participate Rent Space for a booth, or Sponsor, Please Contact:*

**SUNITA VERMA : 707-853-9006**

**Email: sonalideep@gmail.com**

Copyright@Punjab Mail USA


Flamingo
ARIA
Touch of Elegance Decor
Let Us make your event & dream come true
Catering & Banquet Hall
Full Service Catering Anywhere in California
Catering Up to 5000 Guest anywhere in California with full services
510-325-8433, 916-334-6000

Pardeep Paul

CHINNA JEWELLERS INC
7454 Stockton Blvd Suite A, Sacramento, CA 95823

Inderjit Singh

Din D Sharma Real Estate
Specialie in: Residental, Hotel, Motel Gas Stations and Liqyour Stores etc.
Residential, Loan Mod, Short Sale & Commercial Real Estate
510 Meadow Valley Cir. Fairfield, CA 94534
Phone 707-864-6181, Fax : 707-864-4276
din.sharma@aol.com

D D Sharma
Real Estate Consultant
DRE #0744678


amar GROCERY
INDIAN, PAKISTANI & FIJIAN GROCERY
1107 Texas Street, Fairfield, CA 94533
707-399-7100
amargrocery1107@gmail.com
Household utensils
Fresh produce
Clothing and jewelry and much more

# ਫੈਡਰਲ ਜੱਜ ਦਾ ਟਰੰਪ ਪ੍ਰਸ਼ਾਸਨ ਨੂੰ ਝਟਕਾ

**■ ਕੁਝ ਗ੍ਰੀਨ ਕਾਰਡ, ਵਰਕ ਪਰਮਿਟ ਅਤੇ ਟਰੈਵਲ ਡੌਕੂਮੈਂਟ ਅਰਜ਼ੀਆਂ ਦੀ ਪ੍ਰੋਸੈਸਿੰਗ ਮੁੜ ਸ਼ੁਰੂ ਕਰਨ ਦੇ ਹੁਕਮ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਨਾਲ ਜੁੜੇ ਇੱਕ ਮਹੱਤਵਪੂਰਨ ਫੈਸਲੇ ਵਿਚ ਓਹਾਇਓ ਦੀ ਫੈਡਰਲ ਅਦਾਲਤ ਨੇ ਟਰੰਪ ਪ੍ਰਸ਼ਾਸਨ ਨੂੰ ਵੱਡਾ ਕਾਨੂੰਨੀ ਝਟਕਾ ਦਿੱਤਾ ਹੈ। ਦੱਖਣੀ ਓਹਾਇਓ ਦੇ ਫੈਡਰਲ ਜੱਜ ਅਲਜੀਨਨ ਐੱਲ. ਮਾਰਬਲੀ ਨੇ ਹੁਕਮ ਦਿੱਤਾ ਹੈ ਕਿ ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (ਯੂ.ਐੱਸ.ਸੀ.ਆਈ.ਐੱਸ.) ਅਤੇ ਹੋਮਲੈਂਡ ਸਕਿਓਰਿਟੀ ਵਿਭਾਗ (ਡੀ.ਐੱਚ.ਐੱਸ.) ਕੁਝ ਵਿਦੇਸ਼ੀ ਨਾਗਰਿਕਾਂ ਦੀਆਂ ਲੰਬੇ ਸਮੇਂ ਤੋਂ ਰੋਕੀਆਂ ਗਈਆਂ ਇਮੀਗ੍ਰੇਸ਼ਨ ਅਰਜ਼ੀਆਂ ਦੀ ਪ੍ਰੋਸੈਸਿੰਗ ਤੁਰੰਤ ਮੁੜ ਸ਼ੁਰੂ ਕਰਨ।

ਇਹ ਫੈਸਲਾ 25 ਵਿਦੇਸ਼ੀ ਨਾਗਰਿਕਾਂ ਵੱਲੋਂ ਦਾਇਰ ਕੀਤੇ ਗਏ ਮੁਕੱਦਮੇ ਵਿਚ ਆਇਆ ਹੈ। ਮੁਕੱਦਮੇ ਵਿਚ ਦੋਸ਼ ਲਗਾਇਆ ਗਿਆ ਸੀ ਕਿ ਟਰੰਪ ਪ੍ਰਸ਼ਾਸਨ ਦੀਆਂ ਨਵੀਆਂ ਨੀਤੀਆਂ ਕਾਰਨ ਗ੍ਰੀਨ ਕਾਰਡ, ਵਰਕ ਪਰਮਿਟ ਅਤੇ ਹੋਰ ਇਮੀਗ੍ਰੇਸ਼ਨ ਲਾਭਾਂ ਨਾਲ ਸੰਬੰਧਿਤ ਅਰਜ਼ੀਆਂ ਨੂੰ ਮਹੀਨਿਆਂ ਤੋਂ ਬਿਨਾਂ ਕਿਸੇ ਫੈਸਲੇ ਦੇ ਰੋਕਿਆ ਹੋਇਆ ਸੀ। ਅਦਾਲਤ ਨੇ ਇਸ ਸਥਿਤੀ ਨੂੰ ਅਰਜ਼ੀਕਾਰਾਂ ਲਈ ਬੇਲੋੜੀ ਅਨਿਸ਼ਚਿਤਤਾ ਅਤੇ ਨੁਕਸਾਨਦਾਇਕ ਕਰਾਰ ਦਿੱਤਾ।

ਮੁਕੱਦਮਾ ਕਰਨ ਵਾਲੇ ਲੋਕ ਬਰਮਾ, ਕੈਨੇਡਾ, ਇਰਾਨ, ਨਾਈਜੀਰੀਆ, ਸੀਰੀਆ, ਤਨਜ਼ਾਨੀਆ ਅਤੇ ਵੈਨੇਜ਼ੁਏਲਾ ਨਾਲ ਸੰਬੰਧਿਤ ਹਨ। ਜੱਜ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਇਹ ਸਾਰੇ ਲੋਕ ਪਹਿਲਾਂ ਹੀ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਹਨ। ਇਨ੍ਹਾਂ ਵਿਚ ਹਸਪਤਾਲ ਦਾ ਫਾਰਮਾਸਿਸਟ, ਰਜਿਸਟਰਡ ਨਰਸ, ਫੈਡਰਲ ਫੰਡ ਪ੍ਰਾਪਤ ਕੈਂਸਰ ਖੋਜਕਾਰ, ਯੂਨੀਵਰਸਿਟੀ ਪ੍ਰੋਫੈਸਰ, ਵਿਗਿਆਨ ਅਤੇ ਇੰਜੀਨੀਅਰਿੰਗ ਖੇਤਰ ਦੇ ਪੇਸ਼ੇਵਰ ਅਤੇ ਆਪਣੇ ਪਰਿਵਾਰਾਂ ਨਾਲ ਰਹਿ ਰਹੇ ਹੋਰ ਲੋਕ ਸ਼ਾਮਲ ਹਨ।

ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਇਹ ਲੋਕ ਅਮਰੀਕਾ ਵਿਚ ਪਹਿਲਾਂ ਹੀ ਮੌਜੂਦ ਹਨ, ਇਸ ਲਈ ਉਨ੍ਹਾਂ ਦੀਆਂ ਅਰਜ਼ੀਆਂ ਨੂੰ ਅਣਮਿੱਥੇ ਸਮੇਂ ਲਈ ਲਟਕਾ ਕੇ ਰੱਖਣਾ ਰਾਸ਼ਟਰੀ ਸੁਰੱਖਿਆ ਦੇ ਨਾਂ 'ਤੇ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਜੱਜ ਨੇ ਇਹ ਵੀ ਕਿਹਾ ਕਿ ਸਰਕਾਰ ਇਹ ਸਾਬਤ ਕਰਨ ਵਿਚ ਅਸਫਲ ਰਹੀ ਹੈ ਕਿ ਸਿਰਫ਼ ਅਰਜ਼ੀਆਂ ਦੀ ਪ੍ਰੋਸੈਸਿੰਗ ਰੋਕਣ ਨਾਲ ਦੇਸ਼ ਦੀ ਸੁਰੱਖਿਆ ਨੂੰ ਕੋਈ ਅਸਲ ਲਾਭ ਮਿਲਦਾ ਹੈ। ਅਦਾਲਤ ਨੇ ਯੂ.ਐੱਸ.ਸੀ.ਆਈ.ਐੱਸ. ਨੂੰ ਹੁਕਮ ਦਿੱਤਾ ਹੈ ਕਿ ਗ੍ਰੀਨ ਕਾਰਡ ਲਈ ਦਾਇਰ ਫਾਰਮ ਆਈ-485 (ਐਡਜਸਮੈਂਟ ਆਫ ਸਟੇਟਸ) ਅਤੇ ਟਰੈਵਲ ਡੌਕੂਮੈਂਟ ਲਈ ਫਾਰਮ ਆਈ-131 ਦੀਆਂ ਅਰਜ਼ੀਆਂ ਦੀ ਪ੍ਰੋਸੈਸਿੰਗ ਮੁੜ ਸ਼ੁਰੂ ਕੀਤੀ ਜਾਵੇ। ਇਸ ਦੇ ਨਾਲ ਹੀ ਫਾਰਮ ਆਈ-765 (ਵਰਕ ਪਰਮਿਟ) ਨਾਲ ਸੰਬੰਧਿਤ ਸਾਰੀਆਂ ਬਕਾਇਆ ਅਰਜ਼ੀਆਂ 'ਤੇ 30 ਦਿਨਾਂ ਦੇ ਅੰਦਰ ਫੈਸਲਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਸਰਕਾਰ 30 ਦਿਨਾਂ ਦੇ ਅੰਦਰ ਆਪਣੀ ਪਾਲਣਾ ਰਿਪੋਰਟ ਅਦਾਲਤ ਵਿਚ ਦਾਖ਼ਲ ਕਰੇ।

ਹਾਲਾਂਕਿ ਅਦਾਲਤ ਨੇ ਇਹ ਸਪੱਸ਼ਟ ਕੀਤਾ ਹੈ ਕਿ ਇਸ ਹੁਕਮ ਦਾ ਮਤਲਬ ਇਹ ਨਹੀਂ ਕਿ ਸਾਰੇ ਅਰਜ਼ੀਕਾਰਾਂ ਨੂੰ ਆਪਣੇ ਆਪ ਗ੍ਰੀਨ ਕਾਰਡ, ਵਰਕ ਪਰਮਿਟ ਜਾਂ ਹੋਰ ਇਮੀਗ੍ਰੇਸ਼ਨ ਲਾਭ ਮਿਲ ਜਾਣਗੇ। ਅਦਾਲਤ ਨੇ ਕੇਵਲ ਇਹ ਕਿਹਾ ਹੈ ਕਿ ਸਰਕਾਰ ਅਰਜ਼ੀਆਂ ਨੂੰ ਬਿਨਾਂ ਕਿਸੇ ਫੈਸਲੇ ਦੇ ਅਣਮਿੱਥੇ ਸਮੇਂ ਲਈ ਲਟਕਾ ਨਹੀਂ ਸਕਦੀ ਅਤੇ ਹਰ ਅਰਜ਼ੀ ਦਾ ਫੈਸਲਾ ਮੌਜੂਦਾ ਇਮੀਗ੍ਰੇਸ਼ਨ ਕਾਨੂੰਨਾਂ ਅਨੁਸਾਰ ਕੀਤਾ ਜਾਣਾ ਚਾਹੀਦਾ ਹੈ।

ਇਹ ਫੈਸਲਾ ਫਿਲਹਾਲ ਸਿਰਫ਼ ਇਸ ਕੇਸ ਦੇ 25 ਅਰਜ਼ੀਕਾਰਾਂ 'ਤੇ ਹੀ ਲਾਗੂ ਹੁੰਦਾ ਹੈ। ਫਿਰ ਵੀ ਇਮੀਗ੍ਰੇਸ਼ਨ ਕਾਨੂੰਨ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਫੈਸਲਾ ਭਵਿੱਖ ਵਿਚ ਅਜਿਹੇ ਹੋਰ ਮਾਮਲਿਆਂ ਲਈ ਇੱਕ ਮਹੱਤਵਪੂਰਨ ਕਾਨੂੰਨੀ ਮਿਸਾਲ ਬਣ ਸਕਦਾ ਹੈ ਅਤੇ ਹਜ਼ਾਰਾਂ ਹੋਰ ਇਮੀਗ੍ਰੈਂਟਾਂ ਦੇ ਕੇਸਾਂ 'ਤੇ ਵੀ ਇਸ ਦਾ ਪ੍ਰਭਾਵ ਪੈ ਸਕਦਾ ਹੈ।

ਇਸ ਤੋਂ ਪਹਿਲਾਂ ਰੋਡ ਆਈਲੈਂਡ ਦੀ ਇੱਕ ਫੈਡਰਲ ਅਦਾਲਤ ਵੀ ਯੂ.ਐੱਸ.ਸੀ.ਆਈ.ਐੱਸ. ਦੀਆਂ ਅਜਿਹੀਆਂ ਨੀਤੀਆਂ 'ਤੇ ਸਵਾਲ ਉਠਾ ਚੁੱਕੀ ਹੈ, ਜਿਨ੍ਹਾਂ ਤਹਿਤ ਕੁਝ ਦੇਸ਼ਾਂ ਦੇ ਨਾਗਰਿਕਾਂ ਦੀਆਂ ਗ੍ਰੀਨ ਕਾਰਡ, ਵਰਕ ਪਰਮਿਟ, ਨਾਗਰਿਕਤਾ ਅਤੇ ਅਸਾਈਲਮ ਨਾਲ ਸੰਬੰਧਿਤ ਅਰਜ਼ੀਆਂ ਦੀ ਪ੍ਰੋਸੈਸਿੰਗ ਰੋਕ ਦਿੱਤੀ ਗਈ ਸੀ। ਉਸ ਮਾਮਲੇ ਵਿਚ ਵੀ ਅਦਾਲਤ ਨੇ ਸਰਕਾਰ ਨੂੰ ਆਪਣੀਆਂ ਨੀਤੀਆਂ 'ਤੇ ਅਮਲ ਰੋਕਣ ਲਈ ਕਿਹਾ ਸੀ।

## ਬੇਕਰਜ਼ਫੀਲਡ 'ਚ ਨਵਜੰਮੇ ਬੱਚੇ ਦੀ ਹੱਤਿਆ ਮਾਮਲੇ ਦੇ ਆਖਰੀ ਦੋਸ਼ੀ ਨੂੰ 6 ਸਾਲ ਦੀ ਕੈਦ

**ਬੇਕਰਜ਼ਫੀਲਡ, (ਪੰਜਾਬ ਮੇਲ)-** ਕਰਨ ਕਾਊਂਟੀ ਦੀ ਅਦਾਲਤ ਨੇ ਸਾਲ 2018 ਵਿਚ ਇੱਕ ਨਵਜੰਮੇ ਬੱਚੇ ਦੀ ਮੌਤ ਅਤੇ ਉਸ ਦੀ ਲਾਸ਼ ਘਰ ਦੇ ਪਿਛਲੇ ਵਿਹੜੇ ਵਿਚ ਦਫ਼ਨਾਉਣ ਦੇ ਮਾਮਲੇ ਵਿਚ ਆਖਰੀ ਦੋਸ਼ੀ ਬਖਸ਼ਿੰਦਰਪਾਲ ਸਿੰਘ ਮਾਨ ਨੂੰ ਛੇ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਮਾਨ ਨੇ ਪਿਛਲੇ ਸਾਲ ਇਸ ਮਾਮਲੇ ਵਿਚ ਦੋਸ਼ਾਂ ਦਾ ਵਿਰੋਧ ਨਾ ਕਰਨ ਦੀ ਪਟੀਸ਼ਨ ਦਾਖ਼ਲ ਕੀਤੀ ਸੀ। ਅਦਾਲਤ ਨੇ ਉਸ ਨੂੰ ਪਹਿਲਾਂ ਜੇਲ੍ਹ ਵਿਚ ਬਿਤਾਏ ਸਮੇਂ ਦਾ ਕਰੈਡਿਟ ਵੀ ਦਿੱਤਾ ਹੈ। ਕੈਨੇਡੀਅਨ ਅਧਿਕਾਰੀਆਂ ਨੇ ਉਸ ਨੂੰ 2021 ਵਿਚ ਗ੍ਰਿਫ਼ਤਾਰ ਕੀਤਾ ਸੀ।



ਸਰਕਾਰੀ ਵਕੀਲਾਂ ਅਨੁਸਾਰ ਬੱਚੇ ਦੀ ਨਾਨੀ ਬੇਅੰਤ ਕੌਰ ਢਿੱਲੋਂ ਨੇ ਨਵੰਬਰ 2018 ਵਿਚ ਬੱਚੇ ਨੂੰ ਪਾਣੀ ਵਿਚ ਡੁਬੋ ਕੇ ਮਾਰ ਦਿੱਤਾ ਸੀ। ਜਾਂਚ ਦੌਰਾਨ ਉਸ ਨੇ ਕਥਿਤ ਤੌਰ 'ਤੇ ਕਿਹਾ ਸੀ ਕਿ ਉਸ ਨੂੰ ਡਰ ਸੀ ਕਿ ਉਸ ਦੀ ਅਣਵਿਆਹੀ ਨਾਬਾਲਗ ਧੀ ਦੀ ਗਰਭਵਤੀ ਹੋਣ ਦੀ ਗੱਲ ਨਾਲ ਪਰਿਵਾਰ ਦੀ ਬਦਨਾਮੀ ਹੋਵੇਗੀ। ਬੇਅੰਤ ਕੌਰ ਨੂੰ 2021 ਵਿਚ 25 ਸਾਲ ਤੋਂ ਉਮਰ ਕੈਦ ਤੱਕ ਦੀ ਸਜ਼ਾ ਸੁਣਾਈ ਗਈ ਸੀ। ਬੱਚੇ ਦੇ ਨਾਨਾ ਜਗਸੀਰ ਸਿੰਘ ਉੱਤੇ ਵੀ ਅਪਰਾਧੀ ਦੀ ਮਦਦ ਕਰਨ, ਬੱਚੇ ਨਾਲ ਦੁਰਵਿਵਹਾਰ ਅਤੇ ਸਾਜ਼ਿਸ਼ ਦੇ ਦੋਸ਼ ਲਗਾਏ ਗਏ ਸਨ। ਪੁਲਿਸ ਅਨੁਸਾਰ ਉਸ ਨੇ ਬੱਚੇ ਦੀ ਲਾਸ਼ ਵਿਹੜੇ ਵਿਚ ਦਫ਼ਨਾਉਣ ਦੀ ਇਜਾਜ਼ਤ ਦਿੱਤੀ ਅਤੇ ਆਪਣੀ ਧੀ ਨੂੰ ਡਾਕਟਰੀ ਸਹਾਇਤਾ ਨਹੀਂ ਦਿਵਾਈ। ਮਾਮਲੇ ਦਾ ਫ਼ੈਸਲਾ ਹੋਣ ਤੋਂ ਪਹਿਲਾਂ ਮਾਰਚ 2019 ਵਿਚ ਉਸ ਦੀ ਖ਼ੁਦਕੁਸ਼ੀ ਨਾਲ ਮੌਤ ਹੋ ਗਈ ਸੀ।

## ਕੈਲੀਫੋਰਨੀਆ ਦੀ ਮਹਿਲਾ ਨੇ ਜਿੱਤਿਆ 1.2 ਬਿਲੀਅਨ ਡਾਲਰ ਦਾ ਮੇਗਾ ਮਿਲੀਅਨਜ਼ ਜੈਕਪਾਟ

**ਕੈਲੀਫੋਰਨੀਆ, (ਪੰਜਾਬ ਮੇਲ)-** ਕੈਲੀਫੋਰਨੀਆ ਦੀ ਇੱਕ ਮਹਿਲਾ ਨੇ ਇਕੱਲੇ ਹੀ 1.2 ਬਿਲੀਅਨ ਡਾਲਰ (ਲਗਭਗ 120 ਕਰੋੜ ਡਾਲਰ) ਦਾ ਇਤਿਹਾਸਕ ਮੈਗਾ ਮਿਲੀਅਨਜ਼ ਜੈਕਪਾਟ ਜਿੱਤ ਕੇ ਰਿਕਾਰਡ ਬਣਾਇਆ ਹੈ। ਕੈਲੀਫੋਰਨੀਆ ਲਾਟਰੀ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਰੋਜ਼ਮੇਰੀ ਕਾਸਾਰੋਟੀ ਦੇਸ਼ ਭਰ ਵਿਚ ਇਕੱਲੀ ਵਿਅਕਤੀ ਸੀ, ਜਿਸ ਨੇ ਡਰਾਅ ਦੇ ਸਾਰੇ ਛੇ ਨੰਬਰ ਸਹੀ ਮਿਲਾਏ।

ਵਿਜੇਤਾ ਟਿਕਟ 27 ਦਸੰਬਰ ਦੇ ਡਰਾਅ ਲਈ ਕੈਲੀਫੋਰਨੀਆ ਦੇ ਕਾਟਨਵੁੱਡ ਸ਼ਹਿਰ ਵਿਚ ਸਥਿਤ ਸਨਸ਼ਾਈਨ ਫੂਡ ਐਂਡ ਗੈਸ ਸਰਕਲ ਕੇ ਸਟੋਰ ਤੋਂ ਖਰੀਦੀ ਗਈ ਸੀ।

ਰੋਜ਼ਮੇਰੀ ਕਾਸਾਰੋਟੀ ਨੇ ਜਨਤਕ ਤੌਰ 'ਤੇ ਸਾਹਮਣੇ ਆਉਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਕਿਹਾ ਹੈ ਕਿ ਉਹ ਆਪਣੀ ਨਿੱਜੀ ਜ਼ਿੰਦਗੀ ਨੂੰ ਗੁਪਤ ਰੱਖਣਾ ਚਾਹੁੰਦੀ ਹੈ। ਉਨ੍ਹਾਂ ਨੇ ਸਾਲਾਨਾ ਕਿਸ਼ਤਾਂ ਦੀ ਬਜਾਏ ਇੱਕਮੁਸ਼ਤ ਰਕਮ ਲੈਣ ਦਾ ਫ਼ੈਸਲਾ ਕੀਤਾ, ਜਿਸ ਕਾਰਨ ਉਨ੍ਹਾਂ ਨੂੰ ਲਗਭਗ 571 ਮਿਲੀਅਨ ਡਾਲਰ ਪ੍ਰਾਪਤ ਹੋਣਗੇ। ਜੇਕਰ ਉਹ ਸਾਲਾਨਾ ਕਿਸ਼ਤਾਂ ਚੁਣਦੇ, ਤਾਂ ਕੁੱਲ ਰਕਮ ਲਗਭਗ 1.26 ਬਿਲੀਅਨ ਡਾਲਰ ਬਣਦੀ।

ਜਿਸ ਸਰਕਲ ਕੇ ਸਟੋਰ ਤੋਂ ਜੇਤੂ ਟਿਕਟ ਵਿਕੀ, ਉਸ ਦੇ ਮਾਲਕ ਈਸ਼ਰ ਗਿੱਲ ਨੂੰ ਵੀ ਕੈਲੀਫੋਰਨੀਆ ਲਾਟਰੀ ਵੱਲੋਂ 10 ਲੱਖ ਡਾਲਰ (1 ਮਿਲੀਅਨ) ਦਾ ਬੋਨਸ ਦਿੱਤਾ ਗਿਆ। ਈਸ਼ਰ ਗਿੱਲ ਨੇ ਕਿਹਾ ਕਿ ਉਨ੍ਹਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਦੇ ਸਟੋਰ ਤੋਂ ਇਤਿਹਾਸਕ ਜੇਤੂ ਟਿਕਟ ਵਿਕੀ। ਉਨ੍ਹਾਂ ਨੇ ਦੱਸਿਆ ਕਿ ਜੈਕਪਾਟ ਦੀ ਘੋਸ਼ਣਾ ਤੋਂ ਬਾਅਦ ਉਨ੍ਹਾਂ ਦੇ ਸਟੋਰ 'ਤੇ ਲਾਟਰੀ ਟਿਕਟਾਂ ਦੀ ਵਿਕਰੀ ਵਿਚ ਵੀ ਕਾਫ਼ੀ ਵਾਧਾ ਹੋਇਆ ਹੈ।

ਕੈਲੀਫੋਰਨੀਆ ਲਾਟਰੀ ਅਧਿਕਾਰੀਆਂ ਨੇ ਕਿਹਾ ਕਿ ਲਾਟਰੀ ਰਾਹੀਂ ਇਕੱਠਾ ਹੋਣ ਵਾਲਾ ਪੈਸਾ ਰਾਜ ਦੇ ਸਰਕਾਰੀ ਸਕੂਲਾਂ ਲਈ ਵੀ ਮਹੱਤਵਪੂਰਨ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ।

ਇਹ ਜੈਕਪਾਟ ਅਮਰੀਕਾ ਦੇ ਇਤਿਹਾਸ ਦੇ ਸਭ ਤੋਂ ਵੱਡੇ ਮੈਗਾ ਮਿਲੀਅਨਜ਼ ਇਨਾਮਾਂ ਵਿਚੋਂ ਇੱਕ ਮੰਨਿਆ ਜਾ ਰਿਹਾ ਹੈ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com**


Global Allianz

LAW FIRM LLP

ਕਾਨੂੰਨੀ ਸਲਾਹਾਂ

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਮੈਕਸੀਕੋ ਰਾਹੀਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਦਾਖਲ ਹੋਣ ਵਾਲਿਆਂ ਲਈ ਟਰੰਪ ਪ੍ਰਸ਼ਾਸਨ ਦਾ ਸਖਤ ਸੰਦੇਸ਼

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਲਈ ਟਰੰਪ ਪ੍ਰਸ਼ਾਸਨ ਨੇ ਸਰਹੱਦ 'ਤੇ ਆਪਣਾ ਰੁਖ ਪਹਿਲਾਂ ਨਾਲੋਂ ਕਾਫ਼ੀ ਸਖ਼ਤ ਕਰ ਦਿੱਤਾ ਹੈ। ਖ਼ਾਸ ਕਰਕੇ ਮੈਕਸੀਕੋ ਰਾਹੀਂ ਬਿਨਾਂ ਕਾਨੂੰਨੀ ਇਜਾਜ਼ਤ ਅਮਰੀਕਾ ਵਿਚ ਦਾਖ਼ਲ ਹੋਣ ਵਾਲੇ ਲੋਕਾਂ ਲਈ ਹੁਣ ਹਾਲਾਤ ਪੂਰੀ ਤਰ੍ਹਾਂ ਬਦਲ ਚੁੱਕੇ ਹਨ। ਪਹਿਲਾਂ ਬਹੁਤ ਸਾਰੇ ਲੋਕ ਸਰਹੱਦ ਪਾਰ ਕਰਕੇ ਅਸਾਈਲਮ ਦੀ ਮੰਗ ਕਰਦੇ ਸਨ ਅਤੇ ਕਈ ਮਾਮਲਿਆਂ ਵਿਚ ਉਨ੍ਹਾਂ ਨੂੰ ਕੇਸ ਦੀ ਸੁਣਵਾਈ ਤੱਕ ਰਿਹਾਅ ਵੀ ਕਰ ਦਿੱਤਾ ਜਾਂਦਾ ਸੀ। ਪਰ ਹੁਣ ਸਰਹੱਦ 'ਤੇ ਗ੍ਰਿਫ਼ਤਾਰੀ, ਹਿਰਾਸਤ ਅਤੇ ਤੇਜ਼ ਡਿਪੋਰਟੇਸ਼ਨ ਦੀਆਂ ਕਾਰਵਾਈਆਂ ਕਾਫ਼ੀ ਵਧ ਗਈਆਂ ਹਨ।

ਅਮਰੀਕੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਗੈਰ-ਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਨ ਵਾਲਿਆਂ ਨੂੰ ਇਹ ਸੰਦੇਸ਼ ਦਿੱਤਾ ਜਾ ਰਿਹਾ ਹੈ ਕਿ ਅਮਰੀਕਾ ਦੀਆਂ ਸਰਹੱਦਾਂ ਹੁਣ ਪਹਿਲਾਂ ਵਾਂਗ ਖੁੱਲ੍ਹੀਆਂ ਨਹੀਂ ਹਨ। ਸਰਹੱਦ 'ਤੇ ਫੜੇ ਜਾਣ ਵਾਲੇ ਵਿਅਕਤੀਆਂ ਨੂੰ ਤੁਰੰਤ ਹਿਰਾਸਤ ਵਿਚ ਲਿਆ ਜਾ ਸਕਦਾ ਹੈ,

**■ ਕਿਹਾ : ਹੁਣ ਅਸਾਈਲਮ ਨਹੀਂ, ਪਹਿਲਾਂ ਗ੍ਰਿਫ਼ਤਾਰੀ ਅਤੇ ਹਿਰਾਸਤ ਦਾ ਸਾਹਮਣਾ**

ਇਮੀਗ੍ਰੇਸ਼ਨ ਡਿਟੈਨਸ਼ਨ ਸੈਂਟਰ ਭੇਜਿਆ ਜਾ ਸਕਦਾ ਹੈ ਅਤੇ ਕਈ ਮਾਮਲਿਆਂ ਵਿਚ ਉਨ੍ਹਾਂ ਖ਼ਿਲਾਫ਼ ਤੇਜ਼ੀ ਨਾਲ ਦੇਸ਼ ਨਿਕਾਲੇ ਦੀ ਕਾਰਵਾਈ ਵੀ ਸ਼ੁਰੂ ਕੀਤੀ ਜਾ ਸਕਦੀ ਹੈ।

ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਬਹੁਤ ਸਾਰੇ ਲੋਕਾਂ ਵਿਚ ਇਹ ਗਲਤਫ਼ਹਿਮੀ ਰਹੀ ਹੈ ਕਿ ਜੇ ਉਹ ਮੈਕਸੀਕੋ ਰਾਹੀਂ ਅਮਰੀਕਾ ਪਹੁੰਚ ਜਾਣਗੇ, ਤਾਂ ਉਨ੍ਹਾਂ ਨੂੰ ਆਪਣੇ ਆਪ ਅਸਾਈਲਮ ਮਿਲ ਜਾਵੇਗਾ। ਹਕੀਕਤ ਇਹ ਹੈ ਕਿ ਅਸਾਈਲਮ ਆਪਣੇ ਆਪ ਨਹੀਂ ਮਿਲਦਾ। ਹਰ ਅਰਜ਼ੀ ਦੀ ਕਾਨੂੰਨੀ ਜਾਂਚ ਹੁੰਦੀ ਹੈ ਅਤੇ ਅਰਜ਼ੀਕਾਰ ਨੂੰ ਇਹ ਸਾਬਤ ਕਰਨਾ ਪੈਂਦਾ ਹੈ ਕਿ ਉਹ ਆਪਣੇ ਦੇਸ਼ ਵਿਚ ਜਾਤੀ, ਧਰਮ, ਕੌਮੀਅਤ, ਰਾਜਨੀਤਿਕ ਵਿਚਾਰਾਂ ਜਾਂ ਕਿਸੇ ਖ਼ਾਸ ਸਮਾਜਿਕ ਸਮੂਹ ਨਾਲ ਸੰਬੰਧਤ ਹੋਣ ਕਾਰਨ ਅਸਲ ਜ਼ੁਲਮ ਜਾਂ ਉਸਦੇ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ। ਕੇਵਲ ਗਰੀਬੀ, ਬੇਰੁਜ਼ਗਾਰੀ ਜਾਂ ਬਿਹਤਰ ਜੀਵਨ ਦੀ ਇੱਛਾ ਅਸਾਈਲਮ ਲਈ ਕਾਫ਼ੀ ਨਹੀਂ ਮੰਨੀ ਜਾਂਦੀ।

ਪਿਛਲੇ ਕੁਝ ਮਹੀਨਿਆਂ ਦੌਰਾਨ ਅਮਰੀਕੀ ਸਰਕਾਰ ਨੇ ਸਰਹੱਦੀ ਨਿਗਰਾਨੀ ਵਧਾਉਣ, ਇਮੀਗ੍ਰੇਸ਼ਨ ਅਧਿਕਾਰੀਆਂ ਦੀ ਗਿਣਤੀ ਵਿਚ ਵਾਧਾ ਕਰਨ ਅਤੇ ਹਿਰਾਸਤੀ ਕੇਂਦਰਾਂ ਦੀ ਸਮਰੱਥਾ ਵਧਾਉਣ ਲਈ ਵੱਡੇ ਕਦਮ ਚੁੱਕੇ ਹਨ। ਇਸ ਦਾ ਮਕਸਦ ਗੈਰ-ਕਾਨੂੰਨੀ ਦਾਖ਼ਲਿਆਂ ਨੂੰ ਘਟਾਉਣਾ ਅਤੇ ਮਨੁੱਖੀ ਤਸਕਰੀ ਕਰਨ ਵਾਲੇ ਗਿਰੋਹਾਂ 'ਤੇ ਰੋਕ ਲਗਾਉਣਾ ਦੱਸਿਆ ਜਾ ਰਿਹਾ ਹੈ।

ਮਾਹਿਰ ਇਹ ਵੀ ਚੇਤਾਵਨੀ ਦੇ ਰਹੇ ਹਨ ਕਿ ਸੋਸ਼ਲ ਮੀਡੀਆ ਜਾਂ ਕੁਝ ਟਰੈਵਲ ਏਜੰਟਾਂ ਦੀਆਂ ਗੱਲਾਂ 'ਤੇ ਭਰੋਸਾ ਕਰਕੇ ਆਪਣੀ ਜਾਨ ਅਤੇ ਆਪਣੀ ਜ਼ਿੰਦਗੀ ਨੂੰ ਖ਼ਤਰੇ ਵਿਚ ਨਾ ਪਾਇਆ ਜਾਵੇ। ਬਹੁਤ ਸਾਰੇ ਲੋਕ ਹਜ਼ਾਰਾਂ ਡਾਲਰ ਖਰਚ ਕੇ ਮੈਕਸੀਕੋ ਤੱਕ ਪਹੁੰਚਦੇ ਹਨ, ਪਰ ਸਰਹੱਦ 'ਤੇ ਫੜੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਲੰਬੇ ਸਮੇਂ ਲਈ ਹਿਰਾਸਤ ਵਿਚ ਰਹਿਣਾ ਪੈ ਸਕਦਾ ਹੈ ਜਾਂ ਉਨ੍ਹਾਂ ਨੂੰ ਵਾਪਸ ਭੇਜਿਆ ਜਾ ਸਕਦਾ ਹੈ।

ਇਮੀਗ੍ਰੇਸ਼ਨ ਵਕੀਲਾਂ ਦੀ ਸਲਾਹ ਹੈ ਕਿ ਜਿਨ੍ਹਾਂ ਲੋਕਾਂ ਕੋਲ ਅਮਰੀਕਾ ਆਉਣ ਦਾ ਕੋਈ ਕਾਨੂੰਨੀ ਰਸਤਾ ਹੈ, ਉਹ ਉਸੇ ਰਾਹੀਂ ਅੱਗੇ ਵਧਣ। ਗੈਰ-ਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਨਾ ਸਿਰਫ਼ ਗ੍ਰਿਫ਼ਤਾਰੀ ਅਤੇ ਹਿਰਾਸਤ ਦਾ ਕਾਰਨ ਬਣ ਸਕਦੀ ਹੈ, ਸਗੋਂ ਭਵਿੱਖ ਵਿਚ ਅਮਰੀਕਾ ਵਿਚ ਕਾਨੂੰਨੀ ਇਮੀਗ੍ਰੇਸ਼ਨ ਦੇ ਮੌਕਿਆਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।

ਕੁੱਲ ਮਿਲਾ ਕੇ ਮੌਜੂਦਾ ਅਮਰੀਕੀ ਨੀਤੀ ਦਾ ਸੰਦੇਸ਼ ਸਪੱਸ਼ਟ ਹੈ— ਮੈਕਸੀਕੋ ਰਾਹੀਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖ਼ਲ ਹੋਣਾ ਹੁਣ ਪਹਿਲਾਂ ਨਾਲੋਂ ਕਈ ਗੁਣਾ ਵੱਧ ਜ਼ੋਖ਼ਿਮ ਭਰਿਆ ਹੈ। ਸਰਹੱਦ ਪਾਰ ਕਰਨ ਵਾਲਿਆਂ ਨੂੰ ਤੁਰੰਤ ਅਸਾਇਲਮ ਮਿਲਣ ਦੀ ਧਾਰਨਾ ਹਕੀਕਤ ਨਹੀਂ ਹੈ। ਪਹਿਲਾਂ ਗ੍ਰਿਫ਼ਤਾਰੀ, ਹਿਰਾਸਤ ਅਤੇ ਕਾਨੂੰਨੀ ਜਾਂਚ ਦੀ ਪ੍ਰਕਿਰਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਦਕਿ ਅਸਾਈਲਮ ਸਿਰਫ਼ ਉਨ੍ਹਾਂ ਮਾਮਲਿਆਂ ਵਿਚ ਹੀ ਮਿਲ ਸਕਦਾ ਹੈ, ਜਿੱਥੇ ਅਰਜ਼ੀਕਾਰ ਅਮਰੀਕੀ ਕਾਨੂੰਨ ਅਧੀਨ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ।

# ਟਰੰਪ ਵੱਲੋਂ ਵੋਟਰ ਰਜਿਸਟ੍ਰੇਸ਼ਨ ਲਈ ਅਮਰੀਕੀ ਨਾਗਰਿਕਤਾ ਦਾ ਸਬੂਤ ਮੰਗਣ ਦੀ ਮੰਗ ਨੇ ਛੇੜੀ ਨਵੀਂ ਚਰਚਾ!



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਵੋਟਰ ਰਜਿਸਟ੍ਰੇਸ਼ਨ ਲਈ ਅਮਰੀਕੀ ਨਾਗਰਿਕਤਾ ਦਾ ਸਬੂਤ ਮੰਗਣ ਦੀ ਮੰਗ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਸਵਾਲ ਇਹ ਹੈ ਕਿ ਜੇ ਆਮ ਵੋਟਰਾਂ ਤੋਂ ਵੋਟ ਪਾਉਣ ਲਈ ਨਾਗਰਿਕਤਾ ਦੇ ਦਸਤਾਵੇਜ਼ ਮੰਗੇ ਜਾ ਸਕਦੇ ਹਨ, ਤਾਂ ਚੁਣੇ ਹੋਏ ਆਗੂਆਂ ਤੋਂ ਆਪਣੀ ਸਿਹਤ ਅਤੇ ਕੰਮ ਕਰਨ ਦੀ ਸਮਰੱਥਾ ਬਾਰੇ ਭਰੋਸੇਯੋਗ ਸਬੂਤ ਕਿਉਂ ਨਹੀਂ ਮੰਗਿਆ ਜਾ ਸਕਦਾ। ਇਹ ਚਰਚਾ ਸੈਨੇਟਰ ਮਿਚ ਮੈਕਕਾਨਲ ਦੇ ਹਸਪਤਾਲ ਵਿਚ ਦਾਖ਼ਲ ਹੋਣ ਤੋਂ ਬਾਅਦ ਹੋਰ ਤੇਜ਼ ਹੋਈ ਹੈ।

84 ਸਾਲਾ ਮੈਕਕਾਨਲ ਬਾਰੇ ਇੰਟਰਨੈੱਟ ਰਾਹੀਂ ਅਫ਼ਵਾਹਾਂ ਫੈਲਣ ਤੋਂ ਬਾਅਦ ਉਨ੍ਹਾਂ ਦੇ ਦਫ਼ਤਰ ਅਤੇ ਰਿਪਬਲਿਕਨ ਆਗੂਆਂ ਨੇ ਕਿਹਾ ਕਿ ਉਹ ਠੀਕ ਹੋ ਰਹੇ ਹਨ ਅਤੇ ਆਪਣੇ ਸਟਾਫ਼ ਨਾਲ ਸੈਨੇਟ ਦੇ ਕੰਮਕਾਜ 'ਤੇ ਧਿਆਨ ਦੇ ਰਹੇ ਹਨ। ਪਰ ਆਲੋਚਕਾਂ ਦਾ ਕਹਿਣਾ ਹੈ ਕਿ ਵੋਟਰਾਂ ਨੂੰ ਸਿਰਫ਼ ਸਿਆਸੀ ਸਾਥੀਆਂ ਜਾਂ ਦਫ਼ਤਰੀ ਬਿਆਨਾਂ 'ਤੇ ਨਿਰਭਰ ਨਹੀਂ ਰਹਿਣਾ ਚਾਹੀਦਾ। ਜਦੋਂ ਕੋਈ ਸੈਨੇਟਰ ਬਜਟ, ਰੱਖਿਆ ਖ਼ਰਚ ਅਤੇ ਰਾਸ਼ਟਰੀ ਕਾਨੂੰਨਾਂ 'ਤੇ ਅਸਰ ਪਾਉਂਦਾ ਹੈ, ਤਾਂ ਉਸਦੀ ਕੰਮ ਕਰਨ ਦੀ ਸਮਰੱਥਾ ਸਿਰਫ਼ ਨਿੱਜੀ ਮਾਮਲਾ ਨਹੀਂ ਰਹਿੰਦੀ।

ਇਸੇ ਦੌਰਾਨ "ਸੇਵ ਅਮਰੀਕਾ ਐਕਟ" ਰਾਹੀਂ ਕੇਂਦਰੀ ਵੋਟਰ ਰਜਿਸਟ੍ਰੇਸ਼ਨ ਲਈ ਨਾਗਰਿਕਤਾ ਦੇ ਦਸਤਾਵੇਜ਼ ਅਤੇ ਸਿੱਧੀ ਵੋਟਿੰਗ ਲਈ ਤਸਵੀਰ ਵਾਲੀ ਪਹਿਚਾਣ ਪੱਤਰ ਦੀ ਮੰਗ ਕੀਤੀ ਜਾ ਰਹੀ ਹੈ। ਸਮਰਥਕ ਇਸਨੂੰ ਚੋਣਾਂ ਦੀ ਪਾਰਦਰਸ਼ਤਾ ਲਈ ਜ਼ਰੂਰੀ ਮੰਨਦੇ ਹਨ, ਜਦਕਿ ਵਿਰੋਧੀਆਂ ਦਾ ਕਹਿਣਾ ਹੈ ਕਿ ਗੈਰ-ਨਾਗਰਿਕਾਂ ਵੱਲੋਂ ਵੋਟ ਪਾਉਣ ਦੇ ਮਾਮਲੇ ਬਹੁਤ ਘੱਟ ਹਨ ਅਤੇ ਇਹ ਨਿਯਮ ਕਈ ਹੱਕਦਾਰ ਮਤਦਾਤਿਆਂ ਲਈ ਰੁਕਾਵਟ ਬਣ ਸਕਦਾ ਹੈ।

ਅਮਰੀਕੀ ਸੰਵਿਧਾਨ ਵਿਚ ਰਾਸ਼ਟਰਪਤੀ ਦੀ ਅਸਮਰੱਥਾ ਲਈ 25ਵੀਂ ਸੋਧ ਮੌਜੂਦ ਹੈ, ਪਰ ਸੈਨੇਟਰਾਂ ਜਾਂ ਪ੍ਰਤਿਨਿਧੀਆਂ ਦੀ ਗੰਭੀਰ ਅਸਮਰੱਥਾ ਲਈ ਕੋਈ ਸਪੱਸ਼ਟ ਜਨਤਕ ਪ੍ਰਕਿਰਿਆ ਨਹੀਂ। ਇਸ ਕਰਕੇ ਲੋਕਾਂ ਨੂੰ ਅਕਸਰ ਸਿਰਫ਼ "ਸਾਡੇ ਉੱਤੇ ਭਰੋਸਾ ਕਰੋ" ਵਾਲੀ ਪ੍ਰਣਾਲੀ 'ਤੇ ਛੱਡ ਦਿੱਤਾ ਜਾਂਦਾ ਹੈ।

ਇਹ ਮਾਮਲਾ ਕਿਸੇ ਇੱਕ ਪਾਰਟੀ ਤੱਕ ਸੀਮਿਤ ਨਹੀਂ। ਜੋ ਬਾਇਡਨ, ਡੋਨਲਡ ਟਰੰਪ, ਡਾਇਐਨ ਫਾਈਨਸਟਾਈਨ ਅਤੇ ਹੁਣ ਮਿਚ ਮੈਕਕਾਨਲ ਨਾਲ ਜੁੜੀਆਂ ਸਿਹਤ ਚਰਚਾਵਾਂ ਦੱਸਦੀਆਂ ਹਨ ਕਿ ਪਾਰਦਰਸ਼ਤਾ ਦੀ ਲੋੜ ਸਾਰਿਆਂ ਲਈ ਇੱਕੋ ਜਿਹੀ ਹੋਣੀ ਚਾਹੀਦੀ ਹੈ।

# ਫੈਡਰਲ ਅਦਾਲਤਾਂ ਦੇ ਫ਼ੈਸਲਿਆਂ ਨਾਲ ਕਈ ਇਮੀਗ੍ਰੈਂਟਾਂ ਨੂੰ ਰਾਹਤ

**ਵਾਸ਼ਿੰਗਟਨ, (ਪੰਜਾਬ ਮੇਲ)-** ਪਿਛਲੇ ਕੁਝ ਮਹੀਨਿਆਂ ਦੌਰਾਨ ਅਮਰੀਕਾ ਦੀਆਂ ਵੱਖ-ਵੱਖ ਫੈਡਰਲ ਅਦਾਲਤਾਂ ਨੇ ਇਮੀਗ੍ਰੇਸ਼ਨ ਨਾਲ ਜੁੜੀਆਂ ਕਈ ਸਰਕਾਰੀ ਨੀਤੀਆਂ ਅਤੇ ਕਾਰਵਾਈਆਂ 'ਤੇ ਮਹੱਤਵਪੂਰਨ ਫ਼ੈਸਲੇ ਸੁਣਾਏ ਹਨ। ਕੁਝ ਮਾਮਲਿਆਂ ਵਿਚ ਅਦਾਲਤਾਂ ਨੇ ਸਰਕਾਰ ਦੀਆਂ ਨੀਤੀਆਂ 'ਤੇ ਅਸਥਾਈ ਰੋਕ ਲਗਾਈ, ਜਦਕਿ ਕੁਝ ਕੇਸਾਂ ਵਿਚ ਪ੍ਰਸ਼ਾਸਨ ਨੂੰ ਆਪਣੇ ਫ਼ੈਸਲਿਆਂ ਵਿਚ ਸੋਧ ਕਰਨ ਲਈ ਕਿਹਾ ਗਿਆ।

ਇਨ੍ਹਾਂ ਅਦਾਲਤੀ ਫ਼ੈਸਲਿਆਂ ਦੇ ਨਤੀਜੇ ਵਜੋਂ ਕੁਝ ਅਰਜ਼ੀਕਾਰਾਂ ਦੇ ਇਮੀਗ੍ਰੇਸ਼ਨ ਕੇਸਾਂ ਦੀ ਪ੍ਰੋਸੈਸਿੰਗ ਮੁੜ ਸ਼ੁਰੂ ਹੋਈ ਹੈ ਅਤੇ ਕਈ ਲੋਕਾਂ ਨੂੰ ਕਾਨੂੰਨੀ ਰਾਹਤ ਵੀ ਮਿਲੀ ਹੈ। ਖ਼ਾਸ ਕਰਕੇ ਅਸਾਇਲਮ, ਡਿਟੈਨਸ਼ਨ, ਬਾਂਡ ਸੁਣਵਾਈ ਅਤੇ ਕੁਝ ਹੋਰ ਇਮੀਗ੍ਰੇਸ਼ਨ ਪ੍ਰਕਿਰਿਆਵਾਂ ਨਾਲ ਸਬੰਧਤ ਮਾਮਲਿਆਂ ਵਿਚ ਅਦਾਲਤਾਂ ਦੇ ਫ਼ੈਸਲੇ ਅਰਜ਼ੀਕਾਰਾਂ ਲਈ ਲਾਭਦਾਇਕ ਸਾਬਤ ਹੋਏ ਹਨ। ਹਾਲਾਂਕਿ, ਹਰ ਅਦਾਲਤੀ ਫ਼ੈਸਲਾ ਸਾਰੇ ਇਮੀਗ੍ਰੈਂਟਾਂ 'ਤੇ ਲਾਗੂ ਨਹੀਂ ਹੁੰਦਾ। ਰਾਹਤ ਸਿਰਫ਼ ਉਨ੍ਹਾਂ ਮਾਮਲਿਆਂ ਵਿਚ ਮਿਲਦੀ ਹੈ, ਜੋ ਸੰਬੰਧਿਤ ਕੇਸ ਜਾਂ ਅਦਾਲਤੀ ਹੁਕਮ ਦੇ ਦਾਇਰੇ ਵਿਚ ਆਉਂਦੇ ਹਨ। ਇਸ ਲਈ ਹਰ ਅਰਜ਼ੀਕਾਰ ਨੂੰ ਆਪਣੇ ਕੇਸ ਦੀ ਸਥਿਤੀ ਦੇ ਅਨੁਸਾਰ ਹੀ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

# ਗ੍ਰੀਨ ਕਾਰਡ ਹੋਲਡਰਾਂ ਲਈ ਵੱਡੀ ਖੁਸ਼ਖਬਰੀ, ਪਰਿਵਾਰ ਨੂੰ ਮਿਲੇਗੀ ਜਲਦੀ ਰਾਹਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਵਿਦੇਸ਼ ਵਿਭਾਗ ਦੇ ਜੁਲਾਈ 2026 ਵੀਜ਼ਾ ਬੁਲੇਟਿਨ ਅਨੁਸਾਰ ਐੱਫ2ਏ ਕੈਟਾਗਰੀ (ਗ੍ਰੀਨ ਕਾਰਡ ਹੋਲਡਰ ਦੇ ਜੀਵਨ ਸਾਥੀ ਅਤੇ 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚੇ) Current (ਸੀ) ਹੀ ਬਣੀ ਹੋਈ ਹੈ। ਇਸਦਾ ਮਤਲਬ ਹੈ ਕਿ ਇਸ ਕੈਟਾਗਰੀ ਵਿਚ ਵੀਜ਼ਾ ਨੰਬਰ ਤੁਰੰਤ ਉਪਲਬਧ ਹਨ ਅਤੇ ਯੋਗ ਅਰਜ਼ੀਕਾਰਾਂ ਨੂੰ ਲੰਬੀ ਪ੍ਰਾਇਰਟੀ ਡੇਟ ਦੀ ਉਡੀਕ ਨਹੀਂ ਕਰਨੀ ਪੈਂਦੀ।

ਇਸ ਫ਼ੈਸਲੇ ਨਾਲ ਅਮਰੀਕਾ ਵਿਚ ਰਹਿ ਰਹੇ ਹਜ਼ਾਰਾਂ ਗ੍ਰੀਨ ਕਾਰਡ ਹੋਲਡਰਾਂ ਨੂੰ ਵੱਡੀ ਰਾਹਤ ਮਿਲੀ ਹੈ। ਜੇਕਰ ਹੋਰ ਸਾਰੀਆਂ ਕਾਨੂੰਨੀ ਸ਼ਰਤਾਂ ਪੂਰੀਆਂ ਹਨ, ਤਾਂ



ਉਨ੍ਹਾਂ ਦੇ ਜੀਵਨ ਸਾਥੀ ਅਤੇ ਨਾਬਾਲਗ ਬੱਚਿਆਂ ਦੇ ਇਮੀਗ੍ਰੇਸ਼ਨ ਕੇਸਾਂ ਦੀ ਪ੍ਰਕਿਰਿਆ ਪਹਿਲਾਂ ਨਾਲੋਂ ਤੇਜ਼ੀ ਨਾਲ ਅੱਗੇ ਵੱਧ ਸਕਦੀ ਹੈ।

ਹਾਲਾਂਕਿ, ਇਹ ਵੀ ਯਾਦ ਰੱਖਣਾ ਜ਼ਰੂਰੀ ਹੈ ਕਿ "Current" ਹੋਣ ਦਾ ਮਤਲਬ ਆਪਣੇ ਆਪ ਗ੍ਰੀਨ ਕਾਰਡ ਮਿਲ ਜਾਣਾ ਨਹੀਂ ਹੈ। ਅਰਜ਼ੀਕਾਰਾਂ ਨੂੰ ਯੂ.ਐੱਸ.ਸੀ.ਆਈ.ਐੱਸ. ਜਾਂ ਕੌਂਸੁਲਰ ਪ੍ਰੋਸੈਸਿੰਗ ਦੀਆਂ ਸਾਰੀਆਂ ਲੋੜੀਂਦੀਆਂ ਕਾਰਵਾਈਆਂ, ਦਸਤਾਵੇਜ਼, ਮੈਡੀਕਲ ਜਾਂਚ ਅਤੇ ਸੁਰੱਖਿਆ ਜਾਂਚਾਂ ਪੂਰੀਆਂ ਕਰਣੀਆਂ ਪੈਣਗੀਆਂ। ਪਰ ਵੀਜ਼ਾ ਨੰਬਰ ਦੀ ਉਡੀਕ ਨਾ ਹੋਣਾ ਇੱਕ ਵੱਡਾ ਸਕਾਰਾਤਮਕ ਕਦਮ ਹੈ।

ਇਹ ਖ਼ਬਰ ਖ਼ਾਸ ਕਰਕੇ ਉਨ੍ਹਾਂ ਪਰਿਵਾਰਾਂ ਲਈ ਉਤਸ਼ਾਹਜਨਕ ਹੈ, ਜੋ ਕਈ ਮਹੀਨਿਆਂ ਤੋਂ ਆਪਣੇ ਜੀਵਨ ਸਾਥੀ ਜਾਂ ਬੱਚਿਆਂ ਨੂੰ ਅਮਰੀਕਾ ਲਿਆਉਣ ਦੀ ਉਡੀਕ ਕਰ ਰਹੇ ਹਨ। ਆਈ-130 (ਪਰਿਵਾਰਕ ਪਟੀਸ਼ਨ), ਆਈ-485 (ਐਡਜਸਮੈਂਟ ਆਫ ਸਟੇਟਸ) ਅਤੇ ਗ੍ਰੀਨ ਕਾਰਡ ਮਨਜ਼ੂਰ ਹੋਣ ਦੀ ਜਾਣਕਾਰੀ ਜਨਤਕ ਤੌਰ 'ਤੇ ਸਾਂਝੀ ਕੀਤੀ ਹੈ।

ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਭਾਵੇਂ ਕੁਝ ਕੇਸਾਂ ਵਿਚ ਜਾਂਚ ਪਹਿਲਾਂ ਨਾਲੋਂ ਸਖ਼ਤ ਹੋ ਸਕਦੀ ਹੈ, ਪਰ ਯੂ.ਐੱਸ.ਸੀ.ਆਈ.ਐੱਸ. ਨੇ ਗ੍ਰੀਨ ਕਾਰਡ ਦੀ ਪ੍ਰੋਸੈਸਿੰਗ ਨਹੀਂ ਰੋਕੀ। ਯੋਗ ਅਰਜ਼ੀਕਾਰਾਂ ਦੇ ਕੇਸਾਂ 'ਤੇ ਫ਼ੈਸਲੇ ਲਗਾਤਾਰ ਕੀਤੇ ਜਾ ਰਹੇ ਹਨ ਅਤੇ ਮਨਜ਼ੂਰੀਆਂ ਵੀ ਜਾਰੀ ਹਨ। ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਅਰਜ਼ੀਕਾਰ ਆਪਣੇ ਕੇਸ ਨਾਲ ਸੰਬੰਧਤ ਸਾਰੇ ਦਸਤਾਵੇਜ਼ ਸਹੀ ਅਤੇ ਪੂਰੇ ਜਮ੍ਹਾਂ ਕਰਵਾਉਣ, ਕਿਉਂਕਿ ਮਜ਼ਬੂਤ ਦਸਤਾਵੇਜ਼ਾਂ ਵਾਲੇ ਕੇਸਾਂ ਦੇ ਅੱਗੇ ਵਧਣ ਦੀ ਸੰਭਾਵਨਾ ਵਧੀਆ ਰਹਿੰਦੀ ਹੈ।

ਇਹ ਉਨ੍ਹਾਂ ਹਜ਼ਾਰਾਂ ਪਰਿਵਾਰਾਂ ਲਈ ਇੱਕ ਹੌਸਲਾ ਦੇਣ ਵਾਲਾ ਸੰਕੇਤ ਹੈ, ਜੋ ਆਪਣੇ ਗ੍ਰੀਨ ਕਾਰਡ ਜਾਂ ਪਰਿਵਾਰਕ ਇਮੀਗ੍ਰੇਸ਼ਨ ਕੇਸ ਦੇ ਫ਼ੈਸਲੇ ਦੀ ਉਡੀਕ ਕਰ ਰਹੇ ਹਨ।

# ਇਮੀਗ੍ਰੇਸ਼ਨ ਕੇਸ ਵਾਲੇ ਲੋਕਾਂ ਲਈ ਅਹਿਮ ਚੇਤਾਵਨੀ - ਇੱਕ ਛੋਟੀ ਗ਼ਲਤੀ ਵੀ ਪੈ ਸਕਦੀ ਹੈ ਭਾਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਇਮੀਗ੍ਰੇਸ਼ਨ ਨਿਯਮਾਂ ਅਤੇ ਕਾਰਵਾਈਆਂ ਵਿਚ ਹੋ ਰਹੇ ਲਗਾਤਾਰ ਬਦਲਾਵਾਂ ਦੇ ਮੱਦੇਨਜ਼ਰ ਗ੍ਰੀਨ ਕਾਰਡ, ਵਰਕ ਪਰਮਿਟ (ਈ.ਏ.ਡੀ.), ਅਸਾਇਲਮ, ਪਰਿਵਾਰਕ ਪਟੀਸ਼ਨ (ਆਈ-130) ਜਾਂ ਡਿਪੋਰਟੇਸ਼ਨ ਨਾਲ ਸਬੰਧਤ ਕੇਸ ਰੱਖਣ ਵਾਲੇ ਹਰ ਵਿਅਕਤੀ ਲਈ ਵਧੇਰੇ ਸਾਵਧਾਨ ਰਹਿਣ ਦੀ ਲੋੜ ਹੈ। ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਅੱਜ ਦੇ ਸਮੇਂ ਵਿਚ ਇੱਕ ਛੋਟੀ ਲਾਪ੍ਰਵਾਹੀ ਵੀ ਕੇਸ ਵਿਚ ਵੱਡੀ ਰੁਕਾਵਟ ਜਾਂ ਦੇਰੀ ਦਾ ਕਾਰਨ ਬਣ ਸਕਦੀ ਹੈ।

ਸਭ ਤੋਂ ਪਹਿਲਾਂ, ਜੇਕਰ ਤੁਸੀਂ ਆਪਣਾ ਘਰ ਬਦਲਦੇ ਹੋ, ਤਾਂ ਆਪਣਾ ਨਵਾਂ ਪਤਾ ਸਮੇਂ ਸਿਰ ਯੂ.ਐੱਸ.ਸੀ.ਆਈ.ਐੱਸ. ਨੂੰ ਦੇਣਾ ਬਹੁਤ ਜ਼ਰੂਰੀ ਹੈ। ਅਮਰੀਕੀ ਕਾਨੂੰਨ ਅਨੁਸਾਰ ਬਹੁਤੇ ਗੈਰ-ਅਮਰੀਕੀ ਨਾਗਰਿਕਾਂ ਨੂੰ ਪਤਾ ਬਦਲਣ ਤੋਂ 10




ਦਿਨਾਂ ਦੇ ਅੰਦਰ ਯੂ.ਐੱਸ.ਸੀ.ਆਈ.ਐੱਸ. ਨੂੰ ਸੂਚਿਤ ਕਰਨਾ ਲਾਜ਼ਮੀ ਹੁੰਦਾ ਹੈ। ਜੇਕਰ ਪਤਾ ਅਪਡੇਟ ਨਾ ਕੀਤਾ ਗਿਆ, ਤਾਂ ਇੰਟਰਵਿਊ ਨੋਟਿਸ, ਬਾਇਓਮੈਟ੍ਰਿਕਸ ਅਪਾਇੰਟਮੈਂਟ, ਰਿਕਵੈਸਟ ਫਾਰ ਐਵੀਡੈਂਸ (ਆਰ.ਐੱਫ.ਈ.) ਜਾਂ ਹੋਰ ਮਹੱਤਵਪੂਰਨ ਦਸਤਾਵੇਜ਼ ਪੁਰਾਣੇ ਪਤੇ 'ਤੇ ਭੇਜੇ ਜਾ ਸਕਦੇ ਹਨ, ਜਿਸ ਨਾਲ ਕੇਸ ਪ੍ਰਭਾਵਿਤ ਹੋ ਸਕਦਾ ਹੈ।


ਜਿਨ੍ਹਾਂ ਲੋਕਾਂ ਦੇ ਕੇਸ ਇਮੀਗ੍ਰੇਸ਼ਨ ਅਦਾਲਤ (ਈ.ਓ.ਆਈ.ਆਰ.) ਵਿਚ ਚੱਲ ਰਹੇ ਹਨ, ਉਨ੍ਹਾਂ ਲਈ ਅਦਾਲਤ ਦੀ ਹਰ ਸੁਣਵਾਈ 'ਤੇ ਹਾਜ਼ਰ ਹੋਣਾ ਬਹੁਤ ਮਹੱਤਵਪੂਰਨ ਹੈ। ਜੇਕਰ ਕੋਈ ਵਿਅਕਤੀ ਸੁਣਵਾਈ 'ਤੇ ਨਹੀਂ ਪਹੁੰਚਦਾ ਜਾਂ ਅਦਾਲਤ ਨੂੰ ਨਵਾਂ ਪਤਾ ਨਹੀਂ ਦਿੰਦਾ, ਤਾਂ ਉਸ ਦੇ ਖ਼ਿਲਾਫ਼ ਗੈਰ-ਹਾਜ਼ਰੀ ਵਿਚ ਡਿਪੋਰਟੇਸ਼ਨ ਦਾ ਹੁਕਮ ਵੀ ਜਾਰੀ ਹੋ ਸਕਦਾ ਹੈ।

ਇਸੇ ਤਰ੍ਹਾਂ, ਜਿਨ੍ਹਾਂ ਲੋਕਾਂ ਨੇ ਗ੍ਰੀਨ ਕਾਰਡ, ਵਰਕ ਪਰਮਿਟ ਜਾਂ ਪਰਿਵਾਰਕ ਪਟੀਸ਼ਨ ਲਈ ਅਰਜ਼ੀ ਦਿੱਤੀ ਹੋਈ ਹੈ, ਉਹ ਆਪਣੇ ਯੂ.ਐੱਸ.ਸੀ.ਆਈ.ਐੱਸ. ਆਨਲਾਈਨ ਅਕਾਊਂਟ, ਈਮੇਲ ਅਤੇ ਡਾਕ ਦੀ ਨਿਯਮਤ ਜਾਂਚ ਕਰਦੇ ਰਹਿਣ। ਯੂ.ਐੱਸ.ਸੀ.ਆਈ.ਐੱਸ. ਵੱਲੋਂ ਭੇਜੇ ਗਏ ਕਿਸੇ ਵੀ ਨੋਟਿਸ ਦਾ ਸਮੇਂ ਸਿਰ ਜਵਾਬ ਨਾ ਦੇਣ ਨਾਲ ਕੇਸ ਰੱਦ ਹੋ ਸਕਦਾ ਹੈ ਜਾਂ ਲੰਬੇ ਸਮੇਂ ਲਈ ਰੁਕ ਸਕਦਾ ਹੈ। ਇਮੀਗ੍ਰੇਸ਼ਨ ਮਾਹਿਰ ਇਹ ਵੀ ਕਹਿੰਦੇ ਹਨ ਕਿ ਸਰਕਾਰ ਦੀ ਹਰ ਨਵੀਂ ਨੀਤੀ ਹਰ ਵਿਅਕਤੀ 'ਤੇ ਇੱਕੋ ਜਿਹੇ ਢੰਗ ਨਾਲ ਲਾਗੂ ਨਹੀਂ ਹੁੰਦੀ। ਕਿਸੇ ਦੇ ਕੇਸ 'ਤੇ ਉਸ ਦੀ ਇਮੀਗ੍ਰੇਸ਼ਨ ਸ਼੍ਰੇਣੀ, ਦਾਖ਼ਲੇ ਦਾ ਤਰੀਕਾ, ਪਰਿਵਾਰਕ ਹਾਲਾਤ, ਅਪਰਾਧਿਕ ਰਿਕਾਰਡ ਅਤੇ ਹੋਰ ਕਾਨੂੰਨੀ ਤੱਥਾਂ ਦੇ ਆਧਾਰ 'ਤੇ ਵੱਖਰਾ ਅਸਰ ਪੈ ਸਕਦਾ ਹੈ। ਇਸ ਲਈ ਸੋਸ਼ਲ ਮੀਡੀਆ ਜਾਂ ਅਫ਼ਵਾਹਾਂ ਦੇ ਆਧਾਰ 'ਤੇ ਫ਼ੈਸਲੇ ਕਰਨ ਦੀ ਬਜਾਏ ਆਪਣੇ ਕੇਸ ਸਬੰਧੀ ਯੋਗ ਅਤੇ ਲਾਇਸੈਂਸਸ਼ੁਦਾ ਇਮੀਗ੍ਰੇਸ਼ਨ ਵਕੀਲ ਨਾਲ ਸਲਾਹ ਕਰਨੀ ਚਾਹੀਦੀ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਮੌਜੂਦਾ ਸਮੇਂ ਵਿਚ ਸਭ ਤੋਂ ਵਧੀਆ ਰਣਨੀਤੀ ਇਹ ਹੈ ਕਿ ਆਪਣੇ ਸਾਰੇ ਇਮੀਗ੍ਰੇਸ਼ਨ ਦਸਤਾਵੇਜ਼ ਸੁਰੱਖਿਅਤ ਰੱਖੋ, ਪਤਾ ਬਦਲਣ ਦੀ ਜਾਣਕਾਰੀ ਤੁਰੰਤ ਦਿਓ, ਯੂ.ਐੱਸ.ਸੀ.ਆਈ.ਐੱਸ. ਅਤੇ ਅਦਾਲਤ ਦੇ ਹਰ ਨੋਟਿਸ 'ਤੇ ਸਮੇਂ ਸਿਰ ਕਾਰਵਾਈ ਕਰੋ ਅਤੇ ਆਪਣੇ ਕੇਸ ਦੀ ਸਥਿਤੀ 'ਤੇ ਨਿਯਮਤ ਨਜ਼ਰ ਰੱਖੋ। ਇਹ ਸਾਵਧਾਨੀਆਂ ਤੁਹਾਡੇ ਇਮੀਗ੍ਰੇਸ਼ਨ ਕੇਸ ਨੂੰ ਬੇਲੋੜੀਆਂ ਮੁਸ਼ਕਲਾਂ ਤੋਂ ਬਚਾਉਣ ਵਿਚ ਮਦਦ ਕਰ ਸਕਦੀਆਂ ਹਨ।

# ਟਰੰਪ ਦੀ 3.8 ਅਰਬ ਡਾਲਰ ਦੀ ਮਾਣਹਾਨੀ ਪਟੀਸ਼ਨ ਅਦਾਲਤ ਵੱਲੋਂ ਖਾਰਜ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਇੱਕ ਫੈਡਰਲ ਜੱਜ ਨੇ ਟਰੰਪ ਮੀਡੀਆ ਐਂਡ ਟੈਕਨਾਲੋਜੀ ਗਰੁੱਪ ਵੱਲੋਂ ਵਾਸ਼ਿੰਗਟਨ ਪੋਸਟ ਖ਼ਿਲਾਫ਼ ਦਾਇਰ ਕੀਤੀ ਗਈ 3.8 ਅਰਬ ਡਾਲਰ ਦੀ ਮਾਣਹਾਨੀ ਪਟੀਸ਼ਨ ਨੂੰ ਖ਼ਾਰਜ ਕਰ ਦਿੱਤਾ ਹੈ।



ਕੰਪਨੀ ਦਾ ਦੋਸ਼ ਸੀ ਕਿ ਵਾਸ਼ਿੰਗਟਨ ਪੋਸਟ ਵੱਲੋਂ ਪ੍ਰਕਾਸ਼ਿਤ ਇੱਕ ਰਿਪੋਰਟ ਕਾਰਨ ਉਸ ਦੀ ਸਾਖ਼ ਅਤੇ ਕਾਰੋਬਾਰ ਨੂੰ ਭਾਰੀ ਨੁਕਸਾਨ ਪਹੁੰਚਿਆ। ਇਸ ਆਧਾਰ 'ਤੇ ਕੰਪਨੀ ਨੇ ਅਰਬਾਂ ਡਾਲਰ ਹਰਜਾਨੇ ਦੀ ਮੰਗ ਕੀਤੀ ਸੀ।

ਪਰ ਫੈਡਰਲ ਅਦਾਲਤ ਨੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਮੁਕੱਦਮਾ ਚਲਾਉਣ ਲਈ ਜ਼ਰੂਰੀ ਕਾਨੂੰਨੀ ਮਾਪਦੰਡ ਪੂਰੇ ਨਹੀਂ ਕੀਤੇ ਗਏ। ਅਦਾਲਤ ਅਨੁਸਾਰ, ਮੁਅੱਤਰੀ ਪੱਖ ਅਜਿਹਾ ਯੋਗ ਸਬੂਤ ਪੇਸ਼ ਨਹੀਂ ਕਰ ਸਕਿਆ, ਜਿਸ ਨਾਲ ਇਹ ਸਾਬਤ ਹੋ ਸਕੇ ਕਿ ਮਾਮਲਾ ਟਰਾਇਲ ਤੱਕ ਲਿਜਾਣ ਲਈ ਲੋੜੀਂਦਾ ਕਾਨੂੰਨੀ ਆਧਾਰ ਬਣਦਾ ਹੈ। ਇਸ ਕਾਰਨ ਪਟੀਸ਼ਨ ਨੂੰ ਸ਼ੁਰੂਆਤੀ ਪੜਾਅ 'ਤੇ ਹੀ ਰੱਦ ਕਰ ਦਿੱਤਾ ਗਿਆ। ਇਹ ਫ਼ੈਸਲਾ ਟਰੰਪ ਮੀਡੀਆ ਲਈ ਇੱਕ ਕਾਨੂੰਨੀ ਝਟਕਾ ਮੰਨਿਆ ਜਾ ਰਿਹਾ ਹੈ। ਹਾਲਾਂਕਿ, ਇਸ ਦਾ ਮਤਲਬ ਇਹ ਨਹੀਂ ਕਿ ਅਦਾਲਤ ਨੇ ਖ਼ਬਰ ਦੀ ਸੱਚਾਈ ਜਾਂ ਝੂਠ ਬਾਰੇ ਅੰਤਿਮ ਫ਼ੈਸਲਾ ਦਿੱਤਾ ਹੈ। ਅਦਾਲਤ ਨੇ ਮੁੱਖ ਤੌਰ 'ਤੇ ਇਹ ਕਿਹਾ ਹੈ ਕਿ ਪੇਸ਼ ਕੀਤੀ ਗਈ ਕਾਨੂੰਨੀ ਦਲੀਲ ਅਤੇ ਸਬੂਤ ਇਸ ਦਾਅਵੇ ਨੂੰ ਅੱਗੇ ਵਧਾਉਣ ਲਈ ਕਾਫ਼ੀ ਨਹੀਂ ਸਨ।

ਹੁਣ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕੀ ਟਰੰਪ ਮੀਡੀਆ ਐਂਡ ਟੈਕਨਾਲੋਜੀ ਗਰੁੱਪ ਇਸ ਫ਼ੈਸਲੇ ਖ਼ਿਲਾਫ਼ ਅਪੀਲ ਕਰਦੀ ਹੈ ਜਾਂ ਨਹੀਂ।

# ਟਰੰਪ ਪ੍ਰਸ਼ਾਸਨ ਵੱਲੋਂ ਟਰੱਕ ਵੇਅ ਸਟੇਸ਼ਨਾਂ ’ਤੇ ਆਈਸ ਦੀ ਤਾਇਨਾਤੀ

**ਵਾਸ਼ਿੰਗਟਨ, (ਪੰਜਾਬ ਮੇਲ)**- ਟਰੰਪ ਪ੍ਰਸ਼ਾਸਨ ਨੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਖ਼ਿਲਾਫ਼ ਆਪਣੀ ਕਾਰਵਾਈ ਹੋਰ ਤੇਜ਼ ਕਰਦਿਆਂ ਹੁਣ ਅਮਰੀਕਾ ਭਰ ਦੇ ਚੁਣਿੰਦੇ ਟਰੱਕ ਵੇਅ ਸਟੇਸ਼ਨਾਂ ’ਤੇ ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਦੀ ਤਾਇਨਾਤੀ ਸ਼ੁਰੂ ਕਰ ਦਿੱਤੀ ਹੈ। ਇਸ ਮੁਹਿੰਮ ਦਾ ਮੁੱਖ ਉਦੇਸ਼ ਉਨ੍ਹਾਂ ਵਿਅਕਤੀਆਂ ਦੀ ਪਛਾਣ ਕਰਨਾ, ਗ੍ਰਿਫ਼ਤਾਰ ਕਰਨਾ ਅਤੇ ਦੇਸ਼ ਨਿਕਾਲੇ ਦੀ ਕਾਰਵਾਈ ਸ਼ੁਰੂ ਕਰਨਾ ਹੈ, ਜਿਨ੍ਹਾਂ ਨੇ ਗੈਰ-ਕਾਨੂੰਨੀ ਤੌਰ ’ਤੇ ਅਮਰੀਕਾ ਵਿਚ ਦਾਖ਼ਲ ਹੋਣ ਦੇ ਬਾਵਜੂਦ ਵੱਖ-ਵੱਖ ਰਾਜਾਂ ਤੋਂ ਕਮਰਸ਼ੀਅਲ ਡਰਾਈਵਰ ਲਾਇਸੈਂਸ (ਸੀ.ਡੀ.ਐੱਲ.) ਹਾਸਲ ਕਰ ਲਏ ਹਨ।

ਵ੍ਹਾਈਟ ਹਾਊਸ ਦੇ ਬਾਰਡਰ ਜ਼ਾਰ ਟੌਮ ਹੋਮਨ ਨੇ ਦੱਸਿਆ ਕਿ ਆਈਸ ਦੇ ਅਧਿਕਾਰੀ ਰਾਜ ਪੁਲਿਸ ਅਤੇ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਮਿਲ ਕੇ ਟਰੱਕ ਵੇਅ ਸਟੇਸ਼ਨਾਂ ’ਤੇ ਜਾਂਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਕਰੀਬ 2 ਲੱਖ ਗੈਰ-ਅਮਰੀਕੀ ਨਾਗਰਿਕਾਂ ਨੂੰ ਵੱਖ-ਵੱਖ ਰਾਜਾਂ ਵੱਲੋਂ ਸੀ.ਡੀ.ਐੱਲ. ਜਾਰੀ ਕੀਤੇ ਗਏ, ਹਾਲਾਂਕਿ ਉਹ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖ਼ਲ ਹੋਏ ਸਨ।

**ਗੈਰ-ਕਾਨੂੰਨੀ ਤਰੀਕੇ ਨਾਲ ਸੀ.ਡੀ.ਐੱਲ. ਲੈਣ ਵਾਲਿਆਂ ਦੀ ਧੜਾਧੜ ਜਾਂਚ**




ਟੌਮ ਹੋਮਨ ਨੇ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਮੁੱਦੇ ਨੂੰ ਲੈ ਕੇ ਗੰਭੀਰ ਹਨ ਅਤੇ ਆਈਸ ਅਧਿਕਾਰੀ ਸਥਾਨਕ ਅਤੇ ਰਾਜੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਮਿਲ ਕੇ ਹਾਈਵੇਅ ’ਤੇ ਚੱਲ ਰਹੇ ਟਰੱਕਾਂ ਦੀ ਨਿਗਰਾਨੀ ਕਰ ਰਹੇ ਹਨ। ਉਨ੍ਹਾਂ ਅਨੁਸਾਰ ਇਹ ਮੁਹਿੰਮ ਅਜੇ ਵੀ ਜਾਰੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਇਸ ਨੂੰ ਹੋਰ ਵਧਾਇਆ ਜਾ ਸਕਦਾ ਹੈ।

ਟਰੰਪ ਪ੍ਰਸ਼ਾਸਨ ਨੇ ਖ਼ਾਸ ਤੌਰ ’ਤੇ ਉਨ੍ਹਾਂ ਰਾਜਾਂ ਨੂੰ ਨਿਸ਼ਾਨੇ ’ਤੇ ਲਿਆ ਹੈ, ਜਿੱਥੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਸੀ.ਡੀ.ਐੱਲ. ਜਾਰੀ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਕਾਰਵਾਈ ਨੂੰ ਉਸ ਹਾਦਸੇ ਤੋਂ ਬਾਅਦ ਹੋਰ ਤੇਜ਼ ਕੀਤਾ ਗਿਆ, ਜਿਸ ਵਿਚ ਮੈਸਾਚੂਸੇਟਸ ਵਿਚ ਰਹਿ ਰਹੇ ਹੈਤੀ ਮੂਲ ਦੇ ਮਾਈਕਲ ਬੌਨ ’ਤੇ ਪੈਨਸਿਲਵੇਨੀਆ ਦੇ ਇੱਕ ਸਟੇਟ ਟਰੂਪਰ ਦੀ ਮੌਤ ਦਾ ਕਾਰਨ ਬਣੇ ਹਾਦਸੇ ਦਾ ਦੋਸ਼ ਲੱਗਾ ਹੈ। ਉਸ ਖ਼ਿਲਾਫ਼ ਵਾਹਨ ਰਾਹੀਂ ਕਤਲ ਅਤੇ ਗੈਰ-ਇਰਾਦਤਨ ਕਤਲ ਦੇ ਦੋਸ਼ ਦਰਜ ਕੀਤੇ ਗਏ ਹਨ।

ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਨੇ ਦਾਅਵਾ ਕੀਤਾ ਕਿ ਸੰਬੰਧਤ ਵਿਅਕਤੀ ਨੂੰ ਬਾਇਡਨ ਪ੍ਰਸ਼ਾਸਨ ਦੌਰਾਨ ਅਮਰੀਕਾ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਮਿਲੀ ਸੀ ਅਤੇ ਮੈਸਾਚੂਸੇਟਸ ਨੇ ਉਸ ਨੂੰ ਸੀ.ਡੀ.ਐੱਲ. ਜਾਰੀ ਕੀਤਾ। ਵਿਭਾਗ ਦਾ ਕਹਿਣਾ ਹੈ ਕਿ ਅਜਿਹੀਆਂ ਨੀਤੀਆਂ ਲੋਕਾਂ ਦੀ ਸੁਰੱਖਿਆ ਲਈ ਖ਼ਤਰਾ ਬਣ ਸਕਦੀਆਂ ਹਨ।

ਇਸ ਦੌਰਾਨ ਫੈਡਰਲ ਮੋਟਰ ਕੈਰੀਅਰ ਸੇਫਟੀ ਐਡਮਿਨਿਸਟ੍ਰੇਸ਼ਨ (ਐੱਫ.ਐੱਮ.ਸੀ.ਐੱਸ.ਏ.) ਮੁਤਾਬਕ ਹੁਣ ਤੱਕ ਲਗਭਗ 28,000 ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਰੱਦ ਕੀਤੇ ਜਾ ਚੁੱਕੇ ਹਨ। ਟੌਮ ਹੋਮਨ ਨੇ ਦੋਸ਼ ਲਾਇਆ ਕਿ ਕਈ ਡੈਮੋਕ੍ਰੈਟਿਕ ਰਾਜ ਆਈਸ ਨੂੰ ਆਪਣੇ ਡੀ.ਐੱਮ.ਵੀ. ਡਾਟਾਬੇਸ ਤੱਕ ਪਹੁੰਚ ਨਹੀਂ ਦੇ ਰਹੇ, ਜਿਸ ਕਾਰਨ ਗੈਰ-ਕਾਨੂੰਨੀ ਸੀ.ਡੀ.ਐੱਲ. ਧਾਰਕਾਂ ਦੀ ਪਛਾਣ ਕਰਨ ਵਿਚ ਮੁਸ਼ਕਲ ਆ ਰਹੀ ਹੈ।

ਹੋਮਨ ਨੇ ਕਿਹਾ ਕਿ ਰਿਪਬਲਿਕਨ ਰਾਜਾਂ ਨਾਲ ਸਹਿਯੋਗ ਵਧੀਆ ਮਿਲ ਰਿਹਾ ਹੈ, ਜਦਕਿ ਨਿਊਯਾਰਕ ਵਰਗੇ ਕੁਝ ਰਾਜਾਂ ਵਿਚ ਆਈਸ ਅਤੇ ਸੀ.ਬੀ.ਪੀ. ਨੂੰ ਡਾਟਾਬੇਸ ਤੱਕ ਪਹੁੰਚ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਕਿਹਾ ਕਿ ਅਮਰੀਕੀ ਨਿਆਂ ਵਿਭਾਗ ਅਜਿਹੇ ਰਾਜਾਂ ਅਤੇ ਸ਼ਹਿਰਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਵੀ ਕਰ ਰਿਹਾ ਹੈ।

ਦੂਜੇ ਪਾਸੇ, ਮੈਸਾਚੂਸੇਟਸ ਦੀ ਗਵਰਨਰ ਮੌਰਾ ਹੀਲੀ ਨੇ ਪਹਿਲਾਂ ਕਿਹਾ ਸੀ ਕਿ ਸੀ.ਡੀ.ਐੱਲ. ਜਾਰੀ ਕਰਨ ਦੀ ਨੀਤੀ ਜਨਤਕ ਸੁਰੱਖਿਆ ਦੇ ਮੱਦੇਨਜ਼ਰ ਬਣਾਈ ਗਈ ਸੀ, ਕਿਉਂਕਿ ਲੋਕ ਲਾਇਸੈਂਸ ਹੋਵੇ ਜਾਂ ਨਾ ਹੋਵੇ, ਵਾਹਨ ਚਲਾਉਣਗੇ ਹੀ। ਪਰ ਟੌਮ ਹੋਮਨ ਨੇ ਇਸ ਦਲੀਲ ਨੂੰ ਰੱਦ ਕਰਦਿਆਂ ਕਿਹਾ ਕਿ ਅਜਿਹੀਆਂ ਨੀਤੀਆਂ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਉਤਸ਼ਾਹਿਤ ਕਰਦੀਆਂ ਹਨ।

ਟਰੰਪ ਪ੍ਰਸ਼ਾਸਨ ਦੇ ਇਸ ਨਵੇਂ ਕਦਮ ਨਾਲ ਟਰੱਕਿੰਗ ਉਦਯੋਗ ਵਿਚ ਕੰਮ ਕਰ ਰਹੇ ਸੀ.ਡੀ.ਐੱਲ. ਧਾਰਕਾਂ ਦੀ ਜਾਂਚ ਹੋਰ ਸਖ਼ਤ ਹੋਣ ਦੀ ਸੰਭਾਵਨਾ ਹੈ। ਖ਼ਾਸ ਕਰਕੇ ਉਹ ਡਰਾਈਵਰ, ਜਿਨ੍ਹਾਂ ਦਾ ਇਮੀਗ੍ਰੇਸ਼ਨ ਦਰਜਾ ਸਪੱਸ਼ਟ ਨਹੀਂ ਹੈ ਜਾਂ ਜਿਨ੍ਹਾਂ ਨੇ ਗਲਤ ਜਾਣਕਾਰੀ ਦੇ ਆਧਾਰ ’ਤੇ ਸੀ.ਡੀ.ਐੱਲ. ਪ੍ਰਾਪਤ ਕੀਤਾ ਹੈ, ਉਨ੍ਹਾਂ ਖ਼ਿਲਾਫ਼ ਆਈਸ ਦੀ ਕਾਰਵਾਈ ਹੋਰ ਤੇਜ਼ ਹੋ ਸਕਦੀ ਹੈ।

# ਲਾਰੈਂਸ ਬਿਸ਼ਨੋਈ ਦੀ ਭਾਰਤ ਤੋਂ ਹਵਾਲਗੀ ਮੰਗੇਗਾ ਅਮਰੀਕਾ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਨੇ ਐਲਾਨ ਕੀਤਾ ਹੈ ਕਿ ਉਹ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਭਾਰਤ ਤੋਂ ਹਵਾਲਗੀ ਦੀ ਮੰਗ ਕਰੇਗਾ, ਤਾਂ ਜੋ ਉਸ ਨੂੰ ਸੰਗਠਿਤ ਅਪਰਾਧ ਨਾਲ ਜੁੜੇ ਗੰਭੀਰ ਸੰਘੀ ਦੋਸ਼ਾਂ ਦਾ ਸਾਹਮਣਾ ਕਰਵਾਇਆ ਜਾ ਸਕੇ। ਜਾਂਚ ਏਜੰਸੀਆਂ ਦਾ ਕਹਿਣਾ ਹੈ ਕਿ ਇਸ ਕਦਮ ਦਾ ਮਕਸਦ ਜੇਲ੍ਹ ਵਿਚ ਰਹਿੰਦੇ ਹੋਏ ਵੀ ਕਥਿਤ ਤੌਰ ’ਤੇ ਚਲਾਏ ਜਾ ਰਹੇ ਉਸ ਦੇ ਅੰਤਰਰਾਸ਼ਟਰੀ ਅਪਰਾਧਿਕ ਨੈੱਟਵਰਕ ਨੂੰ ਤੋੜਨਾ ਹੈ।

ਇਹ ਐਲਾਨ ਉਸ ਵੇਲੇ ਕੀਤਾ ਗਿਆ, ਜਦੋਂ ਅਮਰੀਕੀ ਅਧਿਕਾਰੀਆਂ ਨੇ ਲਾਰੈਂਸ ਬਿਸ਼ਨੋਈ ਅਤੇ ਉਸ ਦੇ ਕਥਿਤ ਸਾਥੀ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਖ਼ਿਲਾਫ਼ ਦਾਇਰ ਚਾਰਜਸ਼ੀਟ ਜਨਤਕ ਕੀਤੀ। ਦੋਵਾਂ ’ਤੇ ਉੱਤਰੀ ਅਮਰੀਕਾ ਸਮੇਤ ਕਈ ਦੇਸ਼ਾਂ ਵਿਚ ਕਤਲ, ਫਿਰੌਤੀ, ਅਗਵਾ, ਨਸ਼ਾ ਤਸਕਰੀ ਅਤੇ ਹੋਰ ਸੰਗਠਿਤ ਅਪਰਾਧਾਂ ਵਿਚ ਸ਼ਾਮਲ ਅੰਤਰਰਾਸ਼ਟਰੀ ਗਿਰੋਹ ਚਲਾਉਣ ਦੇ ਦੋਸ਼ ਹਨ।

ਚਾਰਜਸ਼ੀਟ ਜਨਤਕ ਹੋਣ ਤੋਂ ਬਾਅਦ ਕੈਨੇਡਾ ਦੀ ਰਾਇਲ ਕੈਨੇਡੀਅਨ ਮਾਊਂਟਡ ਪੁਲਿਸ (ਆਰ.ਸੀ.ਐੱਮ.ਪੀ.) ਦੀ ਡਿਪਟੀ ਕਮਿਸ਼ਨਰ ਲੀਜ਼ਾ ਮੋਰਲੈਂਡ ਨੇ ਕਿਹਾ ਕਿ ਅਮਰੀਕੀ ਅਧਿਕਾਰੀ ਲਾਰੈਂਸ ਬਿਸ਼ਨੋਈ ਦੀ ਭਾਰਤ ਤੋਂ ਹਵਾਲਗੀ ਦੀ ਮੰਗ ਕਰਨਗੇ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਰੈਕਟੀਅਰਿੰਗ ਕਾਨੂੰਨ (ਆਰ.ਆਈ.ਸੀ.ਓ.) ਤਹਿਤ ਦਰਜ ਕੀਤੇ ਗਏ ਮਾਮਲੇ ਦੇ ਆਧਾਰ ’ਤੇ ਉਸ ਨੂੰ ਅਮਰੀਕਾ ਲਿਆ ਕੇ ਅਦਾਲਤ ਵਿਚ ਪੇਸ਼ ਕਰਨ ਦੀ ਕਾਰਵਾਈ ਕੀਤੀ ਜਾਵੇਗੀ।

ਮੋਰਲੈਂਡ ਨੇ ਇਹ ਵੀ ਕਿਹਾ ਕਿ ਜੇਲ੍ਹ ਵਿਚ ਬੰਦ ਹੋਣ ਦੇ ਬਾਵਜੂਦ ਬਿਸ਼ਨੋਈ ਵੱਲੋਂ ਅਪਰਾਧਿਕ ਗਤੀਵਿਧੀਆਂ ਚਲਾਏ ਜਾਣ ਦੇ ਦੋਸ਼ਾਂ ਦੀ ਜਾਂਚ ਕੀਤੀ ਗਈ ਹੈ। ਅਮਰੀਕੀ ਚਾਰਜਸ਼ੀਟ ਅਨੁਸਾਰ, ਬਿਸ਼ਨੋਈ ਕਥਿਤ ਤੌਰ ’ਤੇ ਜੇਲ੍ਹ ਵਿਚ ਤਸਕਰੀ ਰਾਹੀਂ ਪਹੁੰਚਾਏ ਗਏ ਮੋਬਾਈਲ ਫ਼ੋਨਾਂ ਅਤੇ ਇੰਟਰਨੈੱਟ ਆਧਾਰਿਤ ਸੰਚਾਰ ਸਾਧਨਾਂ ਦੀ ਵਰਤੋਂ ਕਰਕੇ ਆਪਣੇ ਗਿਰੋਹ ਨੂੰ ਨਿਰਦੇਸ਼



*ਲਾਰੈਂਸ ਬਿਸ਼ਨੋਈ।*

ਦਿੰਦਾ ਰਿਹਾ। ਉਸ ’ਤੇ ਰਾਜਨੀਤਿਕ ਹੱਤਿਆਵਾਂ, ਕਤਲ, ਫਿਰੌਤੀ, ਅਗਵਾ, ਨਸ਼ਾ ਤਸਕਰੀ ਅਤੇ ਮਨੁੱਖੀ ਤਸਕਰੀ ਵਰਗੇ ਅਪਰਾਧਾਂ ਨੂੰ ਸੰਚਾਲਿਤ ਕਰਨ ਦੇ ਦੋਸ਼ ਹਨ।

ਇਹ ਪੁੱਛੇ ਜਾਣ ’ਤੇ ਕਿ ਜੇ ਬਿਸ਼ਨੋਈ ਨੂੰ ਅਮਰੀਕਾ ਦੀ ਜੇਲ੍ਹ ਵਿਚ ਭੇਜਿਆ ਜਾਂਦਾ ਹੈ, ਤਾਂ ਕੀ ਗਿਰੋਹ ਕਮਜ਼ੋਰ ਹੋਵੇਗਾ, ਮੋਰਲੈਂਡ ਨੇ ਕਿਹਾ ਕਿ ਕਿਸੇ ਵੀ ਅਪਰਾਧਿਕ ਸੰਗਠਨ ਦੀ ਉੱਚ ਲੀਡਰਸ਼ਿਪ ਨੂੰ ਹਟਾਉਣਾ ਉਸ ਦੀਆਂ ਸਰਗਰਮੀਆਂ ਨੂੰ ਵੱਡਾ ਝਟਕਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਬਿਸ਼ਨੋਈ ਅਤੇ ਉਸ ਦੇ ਸੀਨੀਅਰ ਸਾਥੀਆਂ ਨੂੰ ਨੈੱਟਵਰਕ ਤੋਂ ਵੱਖ ਕਰਨਾ ਕੈਨੇਡਾ ਅਤੇ ਹੋਰ ਦੇਸ਼ਾਂ ਦੀ ਜਨਤਕ ਸੁਰੱਖਿਆ ਲਈ ਮਹੱਤਵਪੂਰਨ ਕਦਮ ਹੋਵੇਗਾ।

ਲਾਸ ਏਂਜਲਸ ਵਿਚ ‘ਆਪਰੇਸ਼ਨ ਹਾਰਡ ਬਾਲ’ ਸਬੰਧੀ ਪ੍ਰੈੱਸ ਕਾਨਫ਼ਰੰਸ ਦੌਰਾਨ ਅਮਰੀਕਾ ਦੇ ਪਹਿਲੇ ਸਹਾਇਕ ਅਟਾਰਨੀ ਬਿਲਾਲ ਏ. ਇਸੈਲੀ ਨੇ ਵੀ ਕਿਹਾ ਕਿ ਇੱਕ ਹੋਰ ਗੈਂਗਸਟਰ ਜੱਗੂ ਭਗਵਾਨਪੁਰੀਆ, ਜਿਸ ਖ਼ਿਲਾਫ਼ ਵੀ ਰੈਕਟੀਅਰਿੰਗ ਅਤੇ ਨਸ਼ਾ ਤਸਕਰੀ ਦੇ ਵੱਖਰੇ ਮਾਮਲੇ ਦਰਜ ਹਨ, ਨੂੰ ਵੀ ਜਲਦੀ ਅਮਰੀਕਾ ਲਿਆਂਦਾ ਜਾ ਸਕਦਾ ਹੈ।

ਮੋਰਲੈਂਡ ਨੇ ਇਹ ਵੀ ਪੁਸ਼ਟੀ ਕੀਤੀ ਕਿ ਇਸ ਬਹੁ-ਦੇਸ਼ੀ ਜਾਂਚ ਦੌਰਾਨ ਭਾਰਤੀ ਅਧਿਕਾਰੀਆਂ ਨੇ ਜਾਂਚ ਏਜੰਸੀਆਂ ਨਾਲ ਸਹਿਯੋਗ ਕੀਤਾ। ਉਨ੍ਹਾਂ ਕਿਹਾ ਕਿ ਐੱਫ.ਬੀ.ਆਈ. ਅਤੇ ਹੋਰ ਅੰਤਰਰਾਸ਼ਟਰੀ ਏਜੰਸੀਆਂ ਨਾਲ ਮਿਲ ਕੇ ਕੰਮ ਕਰਦਿਆਂ ਭਾਰਤੀ ਅਧਿਕਾਰੀਆਂ ਨੇ ਵੀ ਜਾਂਚ ਵਿਚ ਸਹਿਯੋਗ ਦਿੱਤਾ ਹੈ।

# ਅਮਰੀਕਾ ’ਚ ਹਜ਼ਾਰਾਂ ਨਿਵੇਸ਼ਕਾਂ ਨਾਲ 4.5 ਕਰੋੜ ਡਾਲਰ ਤੋਂ ਵੱਧ ਦੀ ਠੱਗੀ

**ਭਾਰਤੀ ਸਮੇਤ ਦੋ ਦੋਸ਼ੀਆਂ ਨੂੰ 3 ਸਾਲ ਅਤੇ 11 ਸਾਲ ਤੋਂ ਵੱਧ ਦੀ ਕੈਦ**

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਵਿਚ 10 ਹਜ਼ਾਰ ਤੋਂ ਵੱਧ ਨਿਵੇਸ਼ਕਾਂ ਨਾਲ 45 ਮਿਲੀਅਨ ਡਾਲਰ ਤੋਂ ਵੱਧ ਦੀ ਠੱਗੀ ਕਰਨ ਵਾਲੇ ਦੋ ਵਿਅਕਤੀਆਂ ਨੂੰ ਸੰਘੀ ਅਦਾਲਤ ਨੇ ਸਜ਼ਾ ਸੁਣਾਈ ਹੈ। ਨੇਵਾਡਾ ਦੇ ਬਰਾਇਨ ਲੀ ਨੂੰ 36 ਮਹੀਨੇ ਅਤੇ ਨੀਲ ਸੁਰੇਸ਼ ਚੰਦਰਨ ਨੂੰ 136 ਮਹੀਨੇ ਦੀ ਜੇਲ੍ਹ ਹੋਈ ਹੈ। ਦੋਵਾਂ ਨੂੰ ਰਿਹਾਈ ਤੋਂ ਬਾਅਦ ਤਿੰਨ ਸਾਲ ਨਿਗਰਾਨੀ ਹੇਠ ਵੀ ਰਹਿਣਾ ਪਵੇਗਾ।

ਅਦਾਲਤੀ ਦਸਤਾਵੇਜ਼ਾਂ ਮੁਤਾਬਕ 54 ਸਾਲਾ ਚੰਦਰਨ ਨੇ ਕਈ ਕੰਪਨੀਆਂ ਬਣਾਈਆਂ ਅਤੇ ਨਿਵੇਸ਼ਕਾਂ ਨੂੰ ਝੂਠਾ ਦੱਸਿਆ ਕਿ ਇਨ੍ਹਾਂ ਕੰਪਨੀਆਂ ਨੂੰ ਅਰਬਪਤੀਆਂ ਦਾ ਇੱਕ ਸਮੂਹ ਬਹੁਤ ਉੱਚੀ ਕੀਮਤ ’ਤੇ ਖਰੀਦਣ ਵਾਲਾ ਹੈ। ਇਸੇ ਲਾਲਚ ਨਾਲ ਸਾਲ 2018 ਤੋਂ 2022 ਤੱਕ ਹਜ਼ਾਰਾਂ ਲੋਕਾਂ ਤੋਂ ਪੈਸਾ ਇਕੱਠਾ ਕੀਤਾ ਗਿਆ।

60 ਸਾਲਾ ਬਰਾਇਨ ਲੀ ਵੀਮਾਰਕੇਟ ਕੰਪਨੀ ਦਾ ਕਾਗਜ਼ੀ ਮਾਲਕ ਸੀ, ਪਰ ਕੰਪਨੀ ਅਸਲ ਵਿਚ ਚੰਦਰਨ ਦੇ ਕੰਟਰੋਲ ਹੇਠ ਸੀ। ਨਿਆਂ ਵਿਭਾਗ ਅਨੁਸਾਰ ਲੀ ਨੂੰ ਪਤਾ ਸੀ ਕਿ ਨਿਵੇਸ਼ਕਾਂ ਨਾਲ ਕੀਤੇ ਜਾ ਰਹੇ ਦਾਅਵੇ ਝੂਠੇ ਹਨ, ਫਿਰ ਵੀ ਉਹ ਸਾਜ਼ਿਸ਼ ਵਿਚ ਸ਼ਾਮਲ ਰਿਹਾ।

ਜਾਂਚ ਵਿਚ ਸਾਹਮਣੇ ਆਇਆ ਕਿ ਦੋਸ਼ੀਆਂ ਨੇ ਨਿਵੇਸ਼ਕਾਂ ਦੇ ਪੈਸੇ ਨਾਲ ਮਹਿੰਗੇ ਘਰ, ਰੀਅਲ ਅਸਟੇਟ ਅਤੇ ਲਗਜ਼ਰੀ ਗੱਡੀਆਂ ਖਰੀਦੀਆਂ। ਐੱਫ.ਬੀ.ਆਈ. ਨੇ ਕਿਹਾ ਕਿ ਦੋਵਾਂ ਨੇ ਲੋਕਾਂ ਦੀ ਮਿਹਨਤ ਦੀ ਕਮਾਈ ਨੂੰ ਆਪਣੀ ਨਿੱਜੀ ਜਾਇਦਾਦ ਵਾਂਗ ਵਰਤਿਆ।

ਅਪ੍ਰੈਲ 2026 ਵਿਚ ਚੰਦਰਨ ਨੇ ਮੇਲ ਫਰੌਡ ਅਤੇ ਲੀ ਨੇ ਮੇਲ ਤੇ ਵਾਇਰ ਫਰੌਡ ਦੀ ਸਾਜ਼ਿਸ਼ ਦਾ ਦੋਸ਼ ਕਬੂਲ ਕਰ ਲਿਆ ਸੀ। ਮਾਮਲੇ ਦੀ ਜਾਂਚ ਐੱਫ.ਬੀ.ਆਈ. ਵੱਲੋਂ ਕੀਤੀ ਗਈ।

# ਬੱਚਿਆਂ ਦੇ ਜਿਨਸੀ ਸ਼ੋਸ਼ਣ ਵਾਲੀ ਸਮੱਗਰੀ ਦੇ ਮਾਮਲੇ ’ਚ ਭਾਰਤੀ ਨਾਗਰਿਕ ਨੂੰ 121 ਮਹੀਨੇ ਦੀ ਕੈਦ

**ਨਿਊ ਔਰਲੀਨਜ਼ (ਲੂਸੀਆਨਾ), (ਪੰਜਾਬ ਮੇਲ)**- ਅਮਰੀਕਾ ਦੀ ਫੈਡਰਲ ਅਦਾਲਤ ਨੇ ਬੱਚਿਆਂ ਦੇ ਜਿਨਸੀ ਸ਼ੋਸ਼ਣ ਨਾਲ ਸਬੰਧਤ ਸਮੱਗਰੀ ਅਮਰੀਕਾ ਲਿਆਉਣ ਅਤੇ ਆਪਣੇ ਕਬਜ਼ੇ ਵਿਚ ਰੱਖਣ ਦੇ ਮਾਮਲੇ ਵਿਚ 28 ਸਾਲਾ ਭਾਰਤੀ ਨਾਗਰਿਕ ਅਸ਼ੀਸ਼ ਕਪੂਰ ਉਰਫ਼ “ਰੋਮੀ ਕਪੂਰ” ਨੂੰ 121 ਮਹੀਨੇ, ਭਾਵ ਲਗਭਗ 10 ਸਾਲ ਇੱਕ ਮਹੀਨੇ ਦੀ ਜੇਲ੍ਹ ਦੀ ਸਜ਼ਾ ਸੁਣਾਈ ਹੈ।

ਅਮਰੀਕੀ ਅਟਾਰਨੀ ਦਫ਼ਤਰ ਅਨੁਸਾਰ ਕਪੂਰ 21 ਫਰਵਰੀ 2024 ਦੇ ਆਸ-ਪਾਸ ਮੁੰਬਈ ਤੋਂ ਨਿਊ ਔਰਲੀਨਜ਼ ਪਹੁੰਚਿਆ ਸੀ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਉਸ ਦੇ ਮੋਬਾਈਲ ਫੋਨ ਵਿਚ ਨਾਬਾਲਗਾਂ ਦੇ ਜਿਨਸੀ ਸ਼ੋਸ਼ਣ ਨਾਲ ਸਬੰਧਤ ਡਿਜ਼ੀਟਲ ਵੀਡੀਓਜ਼ ਅਤੇ ਤਸਵੀਰਾਂ ਮੌਜੂਦ ਸਨ। ਉਸ ’ਤੇ ਅਪ੍ਰੈਲ 2024 ਵਿਚ ਆਪਣੀ ਨਿਊ ਔਰਲੀਨਜ਼ ਰਿਹਾਇਸ਼ ਦੇ ਇੰਟਰਨੈੱਟ ਕੁਨੈਕਸ਼ਨ ਰਾਹੀਂ ਇੱਕ ਹੋਰ ਵੀਡੀਓ ਡਾਊਨਲੋਡ ਕਰਨ ਦਾ ਵੀ ਦੋਸ਼ ਸੀ।

ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨਜ਼ ਅਤੇ ਨਿਊ ਔਰਲੀਨਜ਼ ਪੁਲਿਸ ਨੇ ਉਸ ਨੂੰ 20 ਦਸੰਬਰ 2024 ਨੂੰ ਗ੍ਰਿਫ਼ਤਾਰ ਕੀਤਾ ਸੀ। ਅਧਿਕਾਰੀਆਂ ਮੁਤਾਬਕ ਕਪੂਰ ਨੇ




ਵਟਸਐਪ ਰਾਹੀਂ ਇਹ ਸਮੱਗਰੀ ਦੇਖਣ ਅਤੇ ਪ੍ਰਾਪਤ ਕਰਨ ਦੀ ਗੱਲ ਮੰਨੀ। ਉਸ ਨੇ 600 ਤੋਂ ਵੱਧ ਤਸਵੀਰਾਂ ਆਪਣੇ ਕੋਲ ਹੋਣ ਦੀ ਗੱਲ ਵੀ ਸਵੀਕਾਰ ਕੀਤੀ।

ਅਮਰੀਕੀ ਜ਼ਿਲ੍ਹਾ ਜੱਜ ਗ੍ਰੈਗ ਜੀ. ਗਾਈਡਰੀ ਨੇ 121 ਮਹੀਨੇ ਦੀ ਕੈਦ ਦੇ ਨਾਲ ਰਿਹਾਈ ਤੋਂ ਬਾਅਦ ਪੰਜ ਸਾਲ ਦੀ ਨਿਗਰਾਨੀ, 200 ਡਾਲਰ ਦੀ ਵਿਸ਼ੇਸ਼ ਫੀਸ ਅਤੇ ਇੱਕ ਪੀੜਤ ਨੂੰ 3,000 ਡਾਲਰ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ। ਰਿਹਾਈ ਤੋਂ ਬਾਅਦ ਕਪੂਰ ਨੂੰ ਸੈਕਸ ਅਫੈਂਡਰ ਵਜੋਂ ਰਜਿਸਟਰ ਵੀ ਕਰਵਾਉਣਾ ਪਵੇਗਾ।ਇਹ ਮਾਮਲਾ ਅਮਰੀਕੀ ਨਿਆਂ ਵਿਭਾਗ ਦੀ ਬੱਚਿਆਂ ਦੇ ਆਨਲਾਈਨ ਸ਼ੋਸ਼ਣ ਵਿਰੁੱਧ ਚਲਾਈ ਜਾ ਰਹੀ “ਪ੍ਰੋਜੈਕਟ ਸੇਫ ਚਾਈਲਡਹੁੱਡ” ਮੁਹਿੰਮ ਅਧੀਨ ਚਲਾਇਆ ਗਿਆ। ਕੇਸ ਦੀ ਜਾਂਚ ਹੋਮਲੈਂਡ ਸਕਿਓਰਿਟੀ, ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਅਤੇ ਨਿਊ ਔਰਲੀਨਜ਼ ਪੁਲਿਸ ਵੱਲੋਂ ਕੀਤੀ ਗਈ।

# ਅਮਰੀਕਾ ਵੱਲੋਂ ਐੱਚ-1ਬੀ ਵੀਜ਼ਾ ਧੋਖਾਧੜੀ ਦੀ ਜਾਂਚ ਸ਼ੁਰੂ

**ਭਾਰਤੀ ਆਈ.ਟੀ. ਕੰਪਨੀ ਕੌਗਨੀਜ਼ੈਂਟ ਦਾ ਨਾਮ ਆਇਆ**

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਨੇ ਐੱਚ-1ਬੀ ਅਤੇ PERM ਵਰਕ ਵੀਜ਼ਾ ਨਾਲ ਸਬੰਧਤ ਕਥਿਤ ਧੋਖਾਧੜੀ ਦੀ ਜਾਂਚ ਸ਼ੁਰੂ ਕੀਤੀ ਹੈ। ਸੰਘੀ ਕਿਰਤ ਵਿਭਾਗ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਭਾਰਤੀ ਸੂਚਨਾ ਤਕਨਾਲੋਜੀ (ਆਈ.ਟੀ.) ਕੰਪਨੀ ਕਾਗਨੀਜ਼ੈਂਟ ਜਾਂਚ ਅਧੀਨ ਕੰਪਨੀਆਂ ਵਿਚੋਂ ਇੱਕ ਹੈ। ਅਮਰੀਕੀ ਕਿਰਤ ਵਿਭਾਗ ਦੇ ਅਧੀਨ ਇੰਸਪੈਕਟਰ ਜਨਰਲ (ਓ.ਆਈ.ਜੀ.) ਦੇ ਦਫ਼ਤਰ ਨੇ ਇੱਕ ਬਿਆਨ ਵਿਚ ਕਿਹਾ ਕਿ ਜਾਂਚ ਵਿਚ ਵਿਆਪਕ ਅਭਿਆਸਾਂ ਦਾ ਪਰਦਾਫਾਸ਼ ਕੀਤਾ ਗਿਆ ਹੈ, ਜਿਸ ਵਿਚ ਮਾਲਕਾਂ ਅਤੇ ਲੇਬਰ ਬ੍ਰੋਕਰਾਂ ਨੇ ਕਥਿਤ ਤੌਰ ’ਤੇ ਧੋਖਾਧੜੀ ਵਾਲੀਆਂ ਅਰਜ਼ੀਆਂ ਜਮ੍ਹਾਂ ਕਰਵਾਈਆਂ, ਵਿਦੇਸ਼ੀ ਕਾਮਿਆਂ ਦੀਆਂ ਤਨਖਾਹਾਂ ਨੂੰ ਰੋਕ ਕੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਅਤੇ ਵੱਡੀ ਗਿਣਤੀ ਵਿਚ ਘੱਟ ਤਨਖਾਹ ਵਾਲੇ ਕਾਮਿਆਂ ਨੂੰ ਲਿਆ ਕੇ ਅਮਰੀਕੀ ਕਾਮਿਆਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਇਆ।

ਕਿਰਤ ਵਿਭਾਗ ਦੇ ਇੰਸਪੈਕਟਰ ਜਨਰਲ ਐਂਥਨੀ ਡੀ’ਐਸਪੋਸਿਟੋ ਨੇ ਫੌਕਸ ਬਿਜ਼ਨਸ ਨੂੰ ਦੱਸਿਆ, “ਅਸੀਂ ਪਹਿਲਾਂ ਹੀ ਦਰਜਨਾਂ ਸੰਮਨ ਜਾਰੀ ਕਰ ਚੁੱਕੇ ਹਾਂ ਅਤੇ ਹਰ ਸੁਰਾਗ ਤੱਕ ਪਹੁੰਚਣ ਦੀ ਕੋਸ਼ਿਸ਼ ਕਰਾਂਗੇ। ਸਾਨੂੰ ਵ੍ਹਿਸਲਬਲੋਅਰਾਂ ਤੋਂ




ਜਾਣਕਾਰੀ ਮਿਲ ਰਹੀ ਹੈ, ਜਿਸ ਵਿਚ ਕਾਗਨੀਜ਼ੈਂਟ ਵਰਗੀਆਂ ਵੱਡੀਆਂ ਕੰਪਨੀਆਂ ਦਾ ਜ਼ਿਕਰ ਹੈ। ਇਨ੍ਹਾਂ ਕੰਪਨੀਆਂ ਦਾ ਨਾਮ PERM ਅਤੇ ਐੱਚ-1ਬੀ ਵੀਜ਼ਾ ਮੁੱਦਿਆਂ ਦੇ ਸੰਦਰਭ ਵਿਚ ਸਾਹਮਣੇ ਆਇਆ ਹੈ।” ਇਹ ਕਾਰਵਾਈ ਉਪ-ਪ੍ਰਧਾਨ ਜੇ.ਡੀ. ਵੈਂਸ ਦੀ ਅਗਵਾਈ ਹੇਠ ਬਣਾਈ ਗਈ “ਧੋਖਾਧੜੀ ਨੂੰ ਖਤਮ ਕਰਨ ਲਈ ਟਾਸਕ ਫੋਰਸ” ਦੇ ਤਹਿਤ ਕੀਤੀ ਗਈ ਹੈ। ਓ.ਆਈ.ਜੀ. ਦੇ ਬਿਆਨ ਵਿਚ ਕਿਹਾ ਗਿਆ ਹੈ ਕਿ ਅਜਿਹੀਆਂ ਕਥਿਤ ਬੇਨਿਯਮੀਆਂ ਕਿਰਤ ਵਿਭਾਗ ਦੇ ਪ੍ਰੋਗਰਾਮਾਂ ਦੀ ਭਰੋਸੇਯੋਗਤਾ ਨੂੰ ਕਮਜ਼ੋਰ ਕਰਦੀਆਂ ਹਨ, ਜਿਨ੍ਹਾਂ ਦਾ ਉਦੇਸ਼ ਅਸਲ ਕਿਰਤ ਘਾਟ ਨੂੰ ਪੂਰਾ ਕਰਨਾ ਹੈ, ਨਾ ਕਿ ਅਮਰੀਕੀ ਨੌਕਰੀਆਂ ਦੀ ਕੀਮਤ ’ਤੇ ਗ਼ਲਤ ਢੰਗ ਨਾਲ ਅਪਨਾਉਣ ਵਾਲੇ ਲੋਕਾਂ ਨੂੰ ਲਾਭ ਪਹੁੰਚਾਉਣਾ।

# ਅਮਰੀਕਾ ਤੋਂ ਕੈਨੇਡਾ 850 ਕਿਲੋ ਤੋਂ ਵੱਧ ਕੋਕੀਨ ਅਤੇ ਮੈਥ ਭੇਜਣ ਵਾਲੇ ਕੈਨੇਡੀਅਨ ਨੂੰ 20 ਸਾਲ ਦੀ ਕੈਦ

**ਵਾਸ਼ਿੰਗਟਨ, (ਪੰਜਾਬ ਮੇਲ)**- ਲਾਸ ਏਂਜਲਸ ਦੀ ਸੰਘੀ ਅਦਾਲਤ ਨੇ ਅਮਰੀਕਾ ਤੋਂ ਕੈਨੇਡਾ ਵੱਡੀ ਮਾਤਰਾ ਵਿਚ ਕੋਕੀਨ ਅਤੇ ਮੈਥਐਮਫੈਟਾਮੀਨ ਦੀ ਤਸਕਰੀ ਕਰਨ ਵਾਲੇ 63 ਸਾਲਾ ਕੈਨੇਡੀਅਨ ਨਾਗਰਿਕ ਗੁਰਅੰਮ੍ਰਿਤ ਸਿੱਧੂ ਨੂੰ 20 ਸਾਲ ਦੀ ਫੈਡਰਲ ਜੇਲ੍ਹ ਦੀ ਸਜ਼ਾ ਸੁਣਾਈ ਹੈ। ਸਿੱਧੂ ਬਰੈਂਪਟਨ, ਓਨਟਾਰੀਓ ਦਾ ਰਹਿਣ ਵਾਲਾ ਹੈ ਅਤੇ ਅਕਤੂਬਰ 2024 ਤੋਂ ਅਮਰੀਕੀ ਹਿਰਾਸਤ ਵਿਚ ਹੈ।

ਅਦਾਲਤੀ ਦਸਤਾਵੇਜ਼ਾਂ ਅਨੁਸਾਰ ਸਿੱਧੂ ਨੇ ਸਤੰਬਰ 2020 ਤੋਂ ਫਰਵਰੀ 2023 ਤੱਕ ਅਮਰੀਕਾ ਤੋਂ ਕੈਨੇਡਾ ਨਸ਼ੀਲੇ ਪਦਾਰਥ ਭੇਜਣ ਵਾਲੇ ਇੱਕ ਅਪਰਾਧਿਕ ਗਿਰੋਹ ਦੀ ਅਗਵਾਈ ਕੀਤੀ। ਸਤੰਬਰ ਤੋਂ ਅਕਤੂਬਰ 2022 ਵਿਚਾਲੇ ਉਸ ਨੇ ਅੱਠ ਵੱਖ-ਵੱਖ ਖੇਪਾਂ ਰਾਹੀਂ ਲਗਭਗ 523 ਕਿਲੋ ਮੈਥਐਮਫੈਟਾਮੀਨ ਅਤੇ 347 ਕਿਲੋ ਕੋਕੀਨ ਭੇਜਣ ਦਾ ਪ੍ਰਬੰਧ ਕੀਤਾ।

ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਜ਼ਬਤ ਕੀਤੇ ਗਏ ਨਸ਼ਿਆਂ ਦੀ ਥੋਕ ਕੀਮਤ 15 ਤੋਂ 17 ਮਿਲੀਅਨ ਡਾਲਰ ਦਰਮਿਆਨ ਦੱਸੀ ਗਈ ਹੈ। ਨਸ਼ੇ ਅਮਰੀਕਾ ਵਿਚ ਖਰੀਦਣ ਤੋਂ ਬਾਅਦ ਲੰਬੀ ਦੂਰੀ ਵਾਲੇ ਸੈਮੀ-ਟਰੱਕਾਂ ਰਾਹੀਂ ਕੈਨੇਡਾ ਪਹੁੰਚਾਏ ਜਾਂਦੇ ਸਨ।

ਡਿਲੀਵਰੀ ਦੌਰਾਨ ਪਛਾਣ ਲਈ ਸਿੱਧੂ ਡਰਾਈਵਰਾਂ ਅਤੇ ਕੋਰੀਅਰਾਂ ਨੂੰ ਟੈਲੀਫੋਨ ਨੰਬਰ ਅਤੇ ਕਰੰਸੀ ਨੋਟਾਂ ਦੇ ਸੀਰੀਅਲ ਨੰਬਰ ਟੋਕਨ ਵਜੋਂ ਦਿੰਦਾ ਸੀ। ਕੈਨੇਡਾ ਪਹੁੰਚਣ ਤੋਂ ਬਾਅਦ ਉਸਦੇ ਸਾਥੀ ਨਸ਼ਿਆਂ ਦੀਆਂ ਖੇਪਾਂ ਲੈ ਕੇ ਅੱਗੇ ਵੰਡਦੇ ਸਨ।

ਸਿੱਧੂ ਨੇ 26 ਮਾਰਚ 2026 ਨੂੰ ਲਗਾਤਾਰ ਅਪਰਾਧਿਕ ਕਾਰੋਬਾਰ ਚਲਾਉਣ ਦਾ ਦੋਸ਼ ਕਬੂਲ ਕੀਤਾ ਸੀ। ਇਸ ਕੇਸ ਵਿਚ ਉਹ ਦੋਸ਼ ਮੰਨਣ ਵਾਲਾ ਅੱਠਵਾਂ ਵਿਅਕਤੀ ਹੈ। ਹੋਰ ਦੋਸ਼ੀਆਂ ਨੂੰ 27 ਮਹੀਨਿਆਂ ਤੋਂ ਲੈ ਕੇ 108 ਮਹੀਨਿਆਂ ਤੱਕ ਦੀ ਜੇਲ੍ਹ ਹੋ ਚੁੱਕੀ ਹੈ।

ਮਾਮਲੇ ਦੀ ਜਾਂਚ ਐੱਫ.ਬੀ.ਆਈ., ਲਾਸ ਏਂਜਲਸ ਪੁਲਿਸ, ਰਾਇਲ ਕੈਨੇਡੀਅਨ ਮਾਊਂਟਡ ਪੁਲਿਸ, ਯੂ.ਐੱਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਅਤੇ ਹੋਰ ਅਮਰੀਕੀ, ਕੈਨੇਡੀਅਨ ਤੇ ਮੈਕਸੀਕਨ ਏਜੰਸੀਆਂ ਨੇ ਮਿਲ ਕੇ ਕੀਤੀ।

# ਅਮਰੀਕਾ 'ਚ ਪਿਛਲੇ ਸਾਲ 13.20 ਲੱਖ ਲੋਕਾਂ ਨੂੰ ਮਿਲੇ ਗ੍ਰੀਨ ਕਾਰਡ!

**ਟਰੰਪ ਪ੍ਰਸ਼ਾਸਨ ਦੀਆਂ ਨਵੀਆਂ ਸਖ਼ਤੀਆਂ ਕਾਰਨ ਅੱਗੇ ਰਾਹ ਹੋ ਸਕਦਾ ਹੈ ਔਖਾ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਪਿਛਲੇ ਵਿੱਤੀ ਸਾਲ ਦੌਰਾਨ 13 ਲੱਖ 20 ਹਜ਼ਾਰ ਤੋਂ ਵੱਧ ਲੋਕਾਂ ਨੂੰ ਗ੍ਰੀਨ ਕਾਰਡ ਮਿਲੇ ਹਨ। ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਦੇ ਆਫਿਸ ਆਫ ਹੋਮਲੈਂਡ ਸਕਿਓਰਿਟੀ ਸਟੈਟਿਸਟਿਕਸ ਵੱਲੋਂ ਜਾਰੀ ਕੀਤੇ ਗਏ ਨਵੇਂ ਅੰਕੜਿਆਂ ਮੁਤਾਬਕ ਵਿੱਤੀ ਸਾਲ 2025, ਯਾਨੀ 1 ਅਕਤੂਬਰ 2024 ਤੋਂ 30 ਸਤੰਬਰ 2025 ਤੱਕ, ਕੁੱਲ 1,320,080 ਲੋਕ ਅਮਰੀਕਾ ਦੇ ਕਾਨੂੰਨੀ ਸਥਾਈ ਨਿਵਾਸੀ ਬਣੇ। ਇਨ੍ਹਾਂ ਅੰਕੜਿਆਂ ਤੋਂ ਇਹ ਵੀ ਸਾਫ਼ ਹੁੰਦਾ ਹੈ ਕਿ ਗ੍ਰੀਨ ਕਾਰਡ ਹਾਸਲ ਕਰਨ ਵਾਲਿਆਂ ਵਿਚ ਮੈਕਸੀਕੋ ਸਭ ਤੋਂ ਉੱਪਰ ਰਿਹਾ, ਜਦਕਿ ਪਰਿਵਾਰਕ ਆਧਾਰ 'ਤੇ ਇਮੀਗ੍ਰੇਸ਼ਨ ਅਜੇ ਵੀ ਅਮਰੀਕਾ ਵਿਚ ਪੱਕੀ ਰਿਹਾਇਸ਼ ਦਾ ਸਭ ਤੋਂ ਵੱਡਾ ਰਸਤਾ ਬਣਿਆ ਹੋਇਆ ਹੈ।

ਰਿਪੋਰਟ ਅਨੁਸਾਰ ਮੈਕਸੀਕੋ ਦੇ 195,760 ਲੋਕਾਂ ਨੂੰ ਗ੍ਰੀਨ ਕਾਰਡ ਮਿਲੇ, ਜੋ ਕਿਸੇ ਵੀ ਦੇਸ਼ ਦੇ ਮੁਕਾਬਲੇ ਸਭ ਤੋਂ ਵੱਧ ਹਨ। ਇਸ ਤੋਂ ਬਾਅਦ ਕਿਊਬਾ ਦੇ 84,820, ਚੀਨ ਦੇ 65,670, ਭਾਰਤ ਦੇ 62,730, ਡੋਮੀਨੀਕਨ ਰਿਪਬਲਿਕ ਦੇ 60,700, ਫਿਲੀਪੀਨਜ਼ ਦੇ 58,620, ਅਫਗਾਨਿਸਤਾਨ ਦੇ 47,760, ਐਲ ਸਲਵਾਡੋਰ ਦੇ 33,950, ਕੋਲੰਬੀਆ ਦੇ 31,210 ਅਤੇ ਵੀਅਤਨਾਮ ਦੇ 31,080 ਲੋਕਾਂ ਨੂੰ ਅਮਰੀਕੀ ਗ੍ਰੀਨ ਕਾਰਡ ਮਿਲੇ। ਇਨ੍ਹਾਂ ਅੰਕੜਿਆਂ ਨਾਲ ਇਹ ਤਸਵੀਰ ਸਾਹਮਣੇ ਆਉਂਦੀ ਹੈ ਕਿ ਅਮਰੀਕਾ ਦੀ ਕਾਨੂੰਨੀ ਇਮੀਗ੍ਰੇਸ਼ਨ ਵਿਚ ਲਾਤੀਨੀ ਅਮਰੀਕਾ, ਏਸ਼ੀਆ ਅਤੇ ਜੰਗ ਜਾਂ ਸੰਕਟ ਪ੍ਰਭਾਵਿਤ ਦੇਸ਼ਾਂ ਦੀ ਵੱਡੀ ਹਿੱਸੇਦਾਰੀ ਜਾਰੀ ਹੈ। ਗ੍ਰੀਨ ਕਾਰਡ ਦੇ ਰਸਤਿਆਂ ਦੀ ਗੱਲ ਕਰੀਏ, ਤਾਂ ਪਰਿਵਾਰਕ ਇਮੀਗ੍ਰੇਸ਼ਨ ਸਭ ਤੋਂ ਵੱਡਾ ਮਾਰਗ ਰਿਹਾ। ਅਮਰੀਕੀ ਨਾਗਰਿਕਾਂ ਦੇ ਰਿਸ਼ਤੇਦਾਰ, ਜਿਨ੍ਹਾਂ ਵਿਚ ਸਪਾਊਜ਼, 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚੇ ਅਤੇ ਮਾਤਾ-ਪਿਤਾ ਸ਼ਾਮਲ ਹਨ, ਨੂੰ 684,530 ਗ੍ਰੀਨ ਕਾਰਡ ਮਿਲੇ। ਇਹ ਕੁੱਲ ਗ੍ਰੀਨ ਕਾਰਡਾਂ ਦੇ ਅੱਧ ਤੋਂ ਵੀ ਵੱਧ ਹਨ। ਇਸ ਤੋਂ ਇਲਾਵਾ ਫੈਮਿਲੀ-ਸਪਾਂਸਰਡ ਤਰਜੀਹੀ ਸ਼੍ਰੇਣੀਆਂ, ਜਿਨ੍ਹਾਂ ਵਿਚ ਅਮਰੀਕੀ ਨਾਗਰਿਕਾਂ ਦੇ ਬਾਲਗ ਬੱਚੇ, ਭੈਣ-ਭਰਾ ਅਤੇ ਕਨੂੰਨੀ ਸਥਾਈ ਨਿਵਾਸੀ ਦੇ ਕੁਝ ਰਿਸ਼ਤੇਦਾਰ ਸ਼ਾਮਲ ਹੁੰਦੇ ਹਨ, ਰਾਹੀਂ 196,740 ਲੋਕਾਂ ਨੂੰ ਗ੍ਰੀਨ ਕਾਰਡ ਮਿਲੇ।

ਰੁਜ਼ਗਾਰ ਆਧਾਰਿਤ ਇਮੀਗ੍ਰੇਸ਼ਨ ਤੀਜੇ ਨੰਬਰ 'ਤੇ ਰਿਹਾ। ਨੌਕਰੀ, ਬਿਜ਼ਨਸ ਸਪਾਂਸਰਸ਼ਿਪ ਜਾਂ ਰੁਜ਼ਗਾਰ ਕੈਟਾਗਰੀ



ਰਾਹੀਂ ਕਰਮਚਾਰੀ ਅਤੇ ਉਨ੍ਹਾਂ ਦੇ ਯੋਗ ਪਰਿਵਾਰਕ ਮੈਂਬਰਾਂ ਨੂੰ ਕੁੱਲ 159,070 ਗ੍ਰੀਨ ਕਾਰਡ ਜਾਰੀ ਹੋਏ। ਰਿਫਿਊਜੀ ਸਟੇਟਸ ਤੋਂ ਐਡਜਸਮੈਂਟ ਕਰਕੇ 116,470 ਲੋਕ ਸਥਾਈ ਨਿਵਾਸੀ ਬਣੇ, ਜਦਕਿ ਅਸਾਇਲਮ ਮਿਲਣ ਤੋਂ ਬਾਅਦ 60,390 ਲੋਕਾਂ ਨੂੰ ਗ੍ਰੀਨ ਕਾਰਡ ਮਿਲੇ। ਡਾਇਵਰਸਿਟੀ ਵੀਜ਼ਾ ਲਾਟਰੀ ਰਾਹੀਂ 52,470 ਲੋਕਾਂ ਨੂੰ ਸਥਾਈ ਨਿਵਾਸ ਮਿਲੀ। ਇਸ ਤੋਂ ਇਲਾਵਾ ਯੂ.ਐੱਸ. ਸਰਕਾਰ ਲਈ ਕੰਮ ਕਰ ਚੁੱਕੇ ਕੁਝ ਇਰਾਕੀ ਅਤੇ ਅਫਗਾਨਿਸਤਾਨੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ 29,410 ਗ੍ਰੀਨ ਕਾਰਡ ਮਿਲੇ।

ਡੀ.ਐੱਚ.ਐੱਸ. ਦੇ ਅੰਕੜਿਆਂ ਵਿਚ ਅਪਰਾਧਾਂ ਦਾ ਸ਼ਿਕਾਰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਵੀ ਗ੍ਰੀਨ ਕਾਰਡ ਸ਼ਾਮਲ ਹਨ। ਇਸ ਕੈਟਾਗਰੀ ਵਿਚ 15,030 ਲੋਕਾਂ ਨੂੰ ਸਥਾਈ ਨਿਵਾਸ ਮਿਲੀ। ਇਮੀਗ੍ਰੇਸ਼ਨ ਜੱਜਾਂ ਵੱਲੋਂ ਗਰਾਂਟੇਡ ਕੈਂਸਲੇਸ਼ਨ ਆਫ ਰਿਮੂਵਲ ਦੇ ਆਧਾਰ 'ਤੇ 3,870 ਲੋਕ ਗ੍ਰੀਨ ਕਾਰਡ ਪ੍ਰਾਪਤ ਕਰਨ ਵਿਚ ਕਾਮਯਾਬ ਰਹੇ। ਡੀ.ਐੱਚ.ਐੱਸ. ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਪ੍ਰਾਈਵੇਸੀ ਪ੍ਰੋਟੈਕਸ਼ਨ ਲਈ ਅੰਕੜੇ ਨਜ਼ਦੀਕੀ 10 ਤੱਕ ਰਾਊਂਡ ਕੀਤੇ ਗਏ ਹਨ, ਇਸ ਕਰਕੇ ਕੁਝ ਟੋਟਲ ਬਿਲਕੁਲ ਇੱਕੋ ਜਿਹੇ ਜੋੜ ਨਹੀਂ ਦੇ ਸਕਦੇ।

ਇਹ ਅੰਕੜੇ ਇਸ ਲਈ ਵੀ ਮਹੱਤਵਪੂਰਨ ਹਨ ਕਿਉਂਕਿ ਇਹ ਬਾਇਡਨ ਪ੍ਰਸ਼ਾਸਨ ਦੇ ਆਖ਼ਰੀ ਹਿੱਸੇ ਅਤੇ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਵਾਲੇ ਸਮੇਂ ਨੂੰ ਕਵਰ ਕਰਦੇ ਹਨ। ਇਸ ਦਾ ਮਤਲਬ ਹੈ ਕਿ ਵਿੱਤੀ ਸਾਲ 2025 ਦੇ ਜ਼ਿਆਦਾਤਰ ਅਪਰੂਵਲ ਉਨ੍ਹਾਂ ਅਰਜ਼ੀਆਂ ਨਾਲ ਜੁੜੇ ਹੋ ਸਕਦੇ ਹਨ, ਜੋ ਟਰੰਪ ਪ੍ਰਸ਼ਾਸਨ ਦੀਆਂ ਕਈ ਨਵੀਆਂ ਸਖ਼ਤ ਨੀਤੀਆਂ ਦੇ ਪੂਰੀ ਤਰ੍ਹਾਂ ਲਾਗੂ ਹੋਣ ਤੋਂ ਪਹਿਲਾਂ ਹੀ ਪ੍ਰਕਿਰਿਆ ਵਿਚ ਸਨ। ਇਸ ਲਈ ਇਹ ਅੰਕੜੇ ਆਉਣ ਵਾਲੇ ਸਾਲਾਂ ਦੀ ਅਸਲ ਤਸਵੀਰ ਨਹੀਂ ਦਿਖਾਉਂਦੇ ਕਿ ਟਰੰਪ ਪ੍ਰਸ਼ਾਸਨ ਦੀਆਂ ਨਵੀਆਂ ਪਾਲਿਸੀਆਂ ਗ੍ਰੀਨ ਕਾਰਡ ਪਰੂਵਲ 'ਤੇ ਕਿੰਨਾ ਅਸਰ ਪਾਉਣਗੀਆਂ।

ਟਰੰਪ ਪ੍ਰਸ਼ਾਸਨ ਨੇ ਜਨਵਰੀ 2025 ਤੋਂ ਬਾਅਦ ਕਾਨੂੰਨੀ ਇਮੀਗ੍ਰੇਸ਼ਨ ਮਾਰਗਾਂ ਉੱਤੇ ਵਧੀਕ ਜਾਂਚ ਲਿਆਉਣੀ ਸ਼ੁਰੂ ਕੀਤੀ ਹੈ। ਖ਼ਾਸ ਕਰਕੇ ਐਡਜਸਮੈਂਟ ਆਫ ਸਟੇਟਸ, ਯਾਨੀ ਅਮਰੀਕਾ ਦੇ ਅੰਦਰ ਰਹਿ ਕੇ ਗ੍ਰੀਨ ਕਾਰਡ ਲਈ ਅਰਜ਼ੀ ਦੇਣ ਦੀ ਪ੍ਰਕਿਰਿਆ, ਉੱਤੇ ਨਵੀਂ ਪਾਲਿਸੀ ਗਾਈਡੈਂਸ ਜਾਰੀ ਕੀਤੀ ਗਈ ਹੈ।

# 2 ਘਾਤਕ ਗੋਲੀਕਾਂਡਾਂ ਤੋਂ ਬਾਅਦ ਆਈਸ ਵੱਲੋਂ ਵਾਹਨ ਰੋਕ ਕੇ ਕੀਤੀਆਂ ਜਾਣ ਵਾਲੀਆਂ ਇਮੀਗ੍ਰੇਸ਼ਨ ਕਾਰਵਾਈਆਂ ਅਸਥਾਈ ਤੌਰ 'ਤੇ ਬੰਦ ਕਰਨ ਦੀਆਂ ਰਿਪੋਰਟਾਂ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਇਮੀਗ੍ਰੇਸ਼ਨ ਲਾਗੂ ਕਰਨ ਵਾਲੀ ਏਜੰਸੀ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈਸ) ਦੀਆਂ ਕਾਰਵਾਈਆਂ ਇੱਕ ਵਾਰ ਫਿਰ ਵਿਵਾਦਾਂ ਵਿਚ ਹਨ। ਦੋ ਵੱਖ-ਵੱਖ ਰਾਜਾਂ ਵਿਚ ਵਾਹਨਾਂ ਨੂੰ ਰੋਕਣ ਦੌਰਾਨ ਹੋਈਆਂ ਦੋ ਘਾਤਕ ਗੋਲੀਬਾਰੀਆਂ ਤੋਂ ਬਾਅਦ ਕਈ ਅਮਰੀਕੀ ਮੀਡੀਆ ਰਿਪੋਰਟਾਂ ਵਿਚ ਦਾਅਵਾ ਕੀਤਾ ਗਿਆ ਹੈ ਕਿ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਨੇ ਆਈਸ ਅਧਿਕਾਰੀਆਂ ਨੂੰ ਦੇਸ਼ ਭਰ ਵਿਚ ਗੈਰ-ਐਮਰਜੈਂਸੀ ਵਾਹਨ ਰੋਕ ਕੇ ਕੀਤੀਆਂ ਜਾਣ ਵਾਲੀਆਂ ਇਮੀਗ੍ਰੇਸ਼ਨ ਕਾਰਵਾਈਆਂ (ਵਹੀਕਲ ਇਨਫੋਰਸਮੈਂਟ ਸਟਾਪਸ) ਅਸਥਾਈ ਤੌਰ 'ਤੇ ਬੰਦ ਕਰਨ ਲਈ ਕਿਹਾ ਹੈ। ਹਾਲਾਂਕਿ ਡੀ.ਐੱਚ.ਐੱਸ. ਨੇ ਇਸ ਹੁਕਮ ਦੀ ਸਿੱਧੀ ਪੁਸ਼ਟੀ ਨਹੀਂ ਕੀਤੀ, ਪਰ ਇਹ ਜ਼ਰੂਰ ਕਿਹਾ ਹੈ ਕਿ ਏਜੰਸੀ ਆਪਣੇ ਅਧਿਕਾਰੀਆਂ ਦੀ ਸੁਰੱਖਿਆ ਅਤੇ ਕਾਨੂੰਨ ਲਾਗੂ ਕਰਨ ਦੇ ਤਰੀਕਿਆਂ ਦੀ ਲਗਾਤਾਰ ਸਮੀਖਿਆ ਕਰਦੀ ਰਹਿੰਦੀ ਹੈ ਅਤੇ ਕਾਰਵਾਈ ਸੰਬੰਧੀ ਰਣਨੀਤੀਆਂ ਨੂੰ ਜਨਤਕ ਨਹੀਂ ਕੀਤਾ ਜਾਂਦਾ। ਇਹ ਮਾਮਲਾ ਉਸ ਵੇਲੇ ਹੋਰ ਗੰਭੀਰ ਬਣ ਗਿਆ, ਜਦੋਂ ਮੇਨ (Maine) ਦੇ ਸ਼ਹਿਰ ਬਿਡੀਫੋਰਡ ਵਿਚ 26 ਸਾਲਾ ਕੋਲੰਬੀਆਈ ਨਾਗਰਿਕ, ਜਿਸ ਕੋਲ ਅਮਰੀਕਾ ਵਿਚ ਰਹਿਣ ਲਈ ਕਾਨੂੰਨੀ ਦਰਜਾ ਸੀ, ਆਈਸ ਕਾਰਵਾਈ ਦੌਰਾਨ ਗੋਲੀ ਲੱਗਣ ਕਾਰਨ ਮਾਰਿਆ ਗਿਆ। ਇਸ ਤੋਂ ਕੁਝ ਦਿਨ ਪਹਿਲਾਂ 7 ਜੁਲਾਈ ਨੂੰ ਟੈਕਸਾਸ ਦੇ ਹਿਊਸਟਨ ਵਿਚ ਟ੍ਰੈਫਿਕ ਰੋਕ ਦੌਰਾਨ 52 ਸਾਲਾ ਮੈਕਸੀਕਨ ਨਾਗਰਿਕ ਲੋਰੈਂਜ਼ੋ ਸਾਲਗਾਡੋ ਅਰਾਊਜ਼ੋ ਦੀ ਵੀ ਫੈਡਰਲ ਇਮੀਗ੍ਰੇਸ਼ਨ ਅਧਿਕਾਰੀਆਂ ਦੀ ਗੋਲੀ ਨਾਲ ਮੌਤ ਹੋ ਗਈ ਸੀ। ਦੋਵੇਂ ਘਟਨਾਵਾਂ ਨੇ ਦੇਸ਼ ਭਰ ਵਿਚ ਆਈਸ ਦੀਆਂ ਕਾਰਵਾਈਆਂ ਦੇ ਤਰੀਕੇ ਅਤੇ ਤਾਕਤ ਦੀ ਵਰਤੋਂ ਨੂੰ ਲੈ ਕੇ ਨਵੀਂ ਚਰਚਾ ਛੇੜ ਦਿੱਤੀ ਹੈ।

ਮੇਨ ਤੋਂ ਰਿਪਬਲਿਕਨ ਸੈਨੇਟਰ ਸੂਜ਼ਨ ਕੋਲਿਨਜ਼ ਨੇ ਸੋਸ਼ਲ ਮੀਡੀਆ 'ਤੇ ਜਾਣਕਾਰੀ ਦਿੱਤੀ ਕਿ ਉਨ੍ਹਾਂ ਨੇ ਹੋਮਲੈਂਡ ਸਕਿਓਰਿਟੀ ਸਕੱਤਰ ਮਾਰਕਵੇਨ ਮੁਲਿਨ ਨਾਲ ਗੱਲ ਕਰਕੇ ਗੈਰ-ਜ਼ਰੂਰੀ ਵਾਹਨ ਰੋਕ ਕਾਰਵਾਈਆਂ ਨੂੰ ਤੁਰੰਤ ਰੋਕਣ ਦੀ ਅਪੀਲ ਕੀਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਤੱਕ ਪੂਰੀ ਜਾਂਚ ਨਹੀਂ ਹੋ ਜਾਂਦੀ, ਅਜਿਹੀਆਂ ਕਾਰਵਾਈਆਂ ਨੂੰ ਸੀਮਤ ਰੱਖਣਾ ਚਾਹੀਦਾ ਹੈ। ਟਰੰਪ ਪ੍ਰਸ਼ਾਸਨ ਵੱਲੋਂ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਤੋਂ ਬਾਹਰ ਭੇਜਣ ਦੀ ਨੀਤੀ ਦੇ ਤਹਿਤ ਪਿਛਲੇ ਮਹੀਨਿਆਂ ਦੌਰਾਨ ਆਈਸ ਦੀਆਂ ਕਾਰਵਾਈਆਂ ਵਿਚ ਕਾਫ਼ੀ ਤੇਜ਼ੀ ਆਈ ਹੈ। ਇਸੇ ਦੌਰਾਨ ਦੇਸ਼ ਦੇ ਅੰਦਰ ਫੈਡਰਲ ਇਮੀਗ੍ਰੇਸ਼ਨ ਅਧਿਕਾਰੀਆਂ ਨਾਲ ਜੁੜੀਆਂ ਕਈ ਗੋਲੀਬਾਰੀ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਹਨ।

# ਨਿਊਯਾਰਕ 'ਚ ਵਾਪਰੇ ਕਾਰ ਹਾਦਸੇ 'ਚ ਭਾਰਤੀ ਵਿਦਿਆਰਥਣ ਦੀ ਮੌਤ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਨਿਊਯਾਰਕ ਵਿਚ ਇੱਕ ਦਰਦਨਾਕ ਸੜਕ ਹਾਦਸੇ ਵਿਚ ਆਂਧਰਾ ਪ੍ਰਦੇਸ਼ ਨਾਲ ਸਬੰਧਤ ਇੱਕ ਨੌਜਵਾਨ ਤੇਲਗੂ ਵਿਦਿਆਰਥਣ ਦੀ ਮੌਤ ਹੋ ਗਈ। ਪੇਸ ਯੂਨੀਵਰਸਿਟੀ ਦੇ ਲੁਬਿਨ ਸਕੂਲ ਆਫ਼ ਬਿਜ਼ਨਸ ਤੋਂ ਹਾਲ ਹੀ ਵਿਚ ਗ੍ਰੈਜੂਏਟ ਹੋਈ ਪ੍ਰਸ਼ੰਨਾ ਅਤਲੂਰੀ ਨਾਮੀਂ ਵਿਦਿਆਰਥਣ ਆਂਧਰਾ ਪ੍ਰਦੇਸ਼ ਦੇ ਐੱਨ.ਟੀ.ਆਰ. ਜ਼ਿਲ੍ਹੇ ਦੇ ਇਬਰਾਹਿਮਪਟਨਮ ਮੰਡਲ ਦੇ ਮੂਲਾਪਾਡੂ ਪਿੰਡ ਦੀ ਰਹਿਣ ਵਾਲੀ ਸੀ। ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਪ੍ਰਸ਼ੰਨਾ ਆਪਣੇ ਦੋਸਤਾਂ ਨਾਲ ਇੱਕ ਮੰਦਰ ਵਿਚ ਮੱਥਾ ਟੇਕਣ ਜਾ ਰਹੀ ਸੀ, ਜਦੋਂ ਇਹ ਹਾਦਸਾ ਵਾਪਰਿਆ।





ਕਥਿਤ ਤੌਰ 'ਤੇ ਉਸਦੀ ਕਾਰ ਟ੍ਰੈਫਿਕ ਸਿਗਨਲ 'ਤੇ ਰੁਕੀ ਹੋਈ ਸੀ, ਜਦੋਂ ਇੱਕ ਹੋਰ ਵਾਹਨ ਨੇ ਪਿੱਛੇ ਤੋਂ ਬਹੁਤ ਜ਼ੋਰ ਨਾਲ ਟੱਕਰ ਮਾਰ ਦਿੱਤੀ। ਪ੍ਰਸ਼ੰਨਾ ਅਤੇ ਕਾਰ ਵਿਚ ਸਵਾਰ ਇੱਕ ਹੋਰ ਨੌਜਵਾਨ ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਦਕਿ ਤੀਜੀ ਸਵਾਰੀ ਗੰਭੀਰ ਸੱਟਾਂ ਦੇ ਨਾਲ ਜਾਨ ਤੋਂ ਬਚ ਗਈ ਅਤੇ ਇਸ ਸਮੇਂ ਉਹ ਸਥਾਨਕ ਹਸਪਤਾਲ ਵਿਚ ਇਲਾਜ ਅਧੀਨ ਹੈ। ਮ੍ਰਿਤਕ ਪ੍ਰਸ਼ੰਨਾ ਨੇ ਹੁਣੇ ਹੀ ਆਪਣੀ ਡਿਗਰੀ ਪੂਰੀ ਕੀਤੀ ਸੀ ਅਤੇ ਨੌਕਰੀ ਦੀ ਭਾਲ ਕਰ ਰਹੀ ਸੀ। ਉਸਦੀ ਮੌਤ ਨੇ ਅਮਰੀਕਾ ਵਿਚ ਤੇਲਗੂ ਭਾਈਚਾਰੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਉਸਦੇ ਚਚੇਰੇ ਭਰਾ ਰਵੀ ਕੁਮਾਰ ਅਤਲੂਰੀ ਨੇ ਅੰਤਿਮ ਸੰਸਕਾਰ ਦੇ ਖਰਚਿਆਂ, ਉਸਦੀ ਮ੍ਰਿਤਕ ਦੇਹ ਨੂੰ ਭਾਰਤ ਵਾਪਸ ਲਿਆਉਣ, ਪਰਿਵਾਰਕ ਯਾਤਰਾ ਦੇ ਖਰਚਿਆਂ ਅਤੇ ਉਸ ਦੇ ਬਾਕੀ ਵਿਦਿਆਰਥੀ ਕਰਜ਼ਿਆਂ ਨੂੰ ਪੂਰਾ ਕਰਨ ਲਈ ਇੱਕ ਗੋ ਫੰਡ ਮੀ ਸ਼ੁਰੂ ਕੀਤਾ ਹੈ। ਇਹ ਮੁਹਿੰਮ ਪਹਿਲਾਂ ਹੀ ਆਪਣੇ 75,000 ਡਾਲਰ ਦੇ ਟੀਚੇ ਵਿਚੋਂ 40,000 ਡਾਲਰ ਨੂੰ ਪਾਰ ਕਰ ਚੁੱਕੀ ਹੈ, ਜਿਸ ਵਿਚ ਲਗਭਗ 900 ਦੇ ਕਰੀਬ ਲੋਕਾਂ ਨੇ ਯੋਗਦਾਨ ਪਾਇਆ ਹੈ।

# ਅਮਰੀਕਾ 'ਚ ਹਾਊਸਿੰਗ ਹੋਵੇਗੀ ਸਸਤੀ? ਟਰੰਪ ਦੇ ਦਸਤਖ਼ਤ ਤੋਂ ਬਿਨਾਂ ਹੀ ਨਵਾਂ ਬਿੱਲ ਬਣੇਗਾ ਕਾਨੂੰਨ!

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਵਿਚ ਘਰਾਂ ਦੀ ਵਧਦੀ ਕੀਮਤ ਅਤੇ ਮਹਿੰਗੇ ਕਿਰਾਏ ਤੋਂ ਪ੍ਰੇਸ਼ਾਨ ਲੋਕਾਂ ਲਈ ਇੱਕ ਅਹਿਮ ਕਦਮ ਚੁੱਕਿਆ ਗਿਆ ਹੈ। 21ਵੀਂ ਸਦੀ ਦਾ 'ਰੋਡ ਟੂ ਹਾਊਸਿੰਗ ਐਕਟ' ਨਾਂ ਦਾ ਦੋ-ਦਲੀਆ (ਬਾਇਪਾਰਟਿਜ਼ਨ) ਬਿੱਲ ਕਾਨੂੰਨ ਬਣਨ ਦੇ ਬਹੁਤ ਨੇੜੇ ਹੈ। ਖਾਸ ਗੱਲ ਇਹ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਉਹ ਇਸ ਬਿੱਲ 'ਤੇ ਦਸਤਖ਼ਤ ਨਹੀਂ ਕਰਨਗੇ, ਪਰ ਜੇਕਰ ਉਹ ਇਸ ਨੂੰ ਰਸਮੀ ਤੌਰ 'ਤੇ ਵੀਟੋ ਨਹੀਂ ਕਰਦੇ, ਤਾਂ ਸੰਵਿਧਾਨਕ ਪ੍ਰਕਿਰਿਆ ਅਨੁਸਾਰ ਇਹ ਬਿੱਲ ਆਪਣੇ ਆਪ ਕਾਨੂੰਨ ਬਣ ਜਾਵੇਗਾ।



ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਲਿਖਿਆ ਕਿ ਉਹ ਇਹ ਬਿੱਲ ਸੇਵ ਅਮਰੀਕਾ ਐਕਟ ਦੇ ਵਿਰੋਧ ਵਜੋਂ ਸਾਈਨ ਨਹੀਂ ਕਰਨਗੇ। ਉਨ੍ਹਾਂ ਦਾ ਕਹਿਣਾ ਹੈ ਕਿ ਸੈਨੇਟ ਨੂੰ ਪਹਿਲਾਂ ਵੋਟਰ ਪਛਾਣ ਨਾਲ ਸਬੰਧਤ ਇਸ ਬਿੱਲ 'ਤੇ ਧਿਆਨ ਦੇਣਾ ਚਾਹੀਦਾ ਹੈ। ਹਾਲਾਂਕਿ, ਉਨ੍ਹਾਂ ਨੇ ਇਸ ਬਿੱਲ ਨੂੰ ਵੀਟੋ ਕਰਨ ਦਾ ਐਲਾਨ ਨਹੀਂ ਕੀਤਾ।

ਇਹ ਬਿੱਲ ਸੈਨੇਟ ਵਿਚ 85-5 ਅਤੇ ਹਾਊਸ ਆਫ਼ ਰਿਪ੍ਰਿਜ਼ੈਂਟੇਟਿਵਜ਼ ਵਿਚ 358-32 ਦੇ ਭਾਰੀ ਬਹੁਮਤ ਨਾਲ ਪਾਸ ਹੋਇਆ ਸੀ। ਇਸ ਲਈ ਜੇਕਰ ਰਾਸ਼ਟਰਪਤੀ ਵੀਟੋ ਵੀ ਕਰਦੇ ਹਨ, ਤਾਂ ਵੀ ਕਾਂਗਰਸ ਕੋਲ ਉਸ ਵੀਟੋ ਨੂੰ ਰੱਦ ਕਰਕੇ ਬਿੱਲ ਨੂੰ ਕਾਨੂੰਨ ਬਣਾਉਣ ਲਈ ਕਾਫ਼ੀ ਸਮਰਥਨ ਮੌਜੂਦ ਹੈ।

ਨਵੇਂ ਕਾਨੂੰਨ ਦਾ ਉਦੇਸ਼ ਅਮਰੀਕਾ ਵਿਚ ਘਰਾਂ ਦੀ ਕਮੀ ਨੂੰ ਦੂਰ ਕਰਨਾ ਅਤੇ ਹਾਊਸਿੰਗ ਨੂੰ ਹੋਰ ਕਿਫਾਇਤੀ ਬਣਾਉਣਾ ਹੈ। ਇਸ ਤਹਿਤ ਸਥਾਨਕ ਸਰਕਾਰਾਂ ਨੂੰ ਵੱਧ ਘਰ ਬਣਾਉਣ ਲਈ ਉਤਸ਼ਾਹਿਤ ਕੀਤਾ ਜਾਵੇਗਾ, ਵਾਤਾਵਰਣੀ ਮਨਜ਼ੂਰੀ ਦੀ ਪ੍ਰਕਿਰਿਆ ਨੂੰ ਸਰਲ ਬਣਾਇਆ ਜਾਵੇਗਾ, ਬੈਂਕਾਂ ਅਤੇ ਕ੍ਰੈਡਿਟ ਯੂਨੀਅਨਾਂ ਲਈ ਮੋਰਟਗੇਜ ਜਾਰੀ ਕਰਨਾ ਆਸਾਨ ਹੋਵੇਗਾ, ਮੋਡਿਊਲਰ ਘਰਾਂ ਨੂੰ ਉਤਸ਼ਾਹ ਮਿਲੇਗਾ ਅਤੇ ਵੱਡੀਆਂ ਕਾਰਪੋਰੇਟ ਕੰਪਨੀਆਂ ਵੱਲੋਂ ਇਕੱਲੇ ਪਰਿਵਾਰਾਂ ਵਾਲੇ ਘਰਾਂ ਦੀ ਵੱਡੇ ਪੱਧਰ 'ਤੇ ਖਰੀਦ 'ਤੇ ਰੋਕ ਲਗਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਇਸ ਬਿੱਲ ਨੂੰ ਨੈਸ਼ਨਲ ਐਸੋਸੀਏਸ਼ਨ ਆਫ਼ ਰੀਅਲਟਰਜ਼, ਘਰ ਬਣਾਉਣ ਵਾਲੀਆਂ ਸੰਸਥਾਵਾਂ, ਮੋਰਟਗੇਜ ਉਦਯੋਗ ਅਤੇ ਘੱਟ ਆਮਦਨ ਵਾਲੇ ਪਰਿਵਾਰਾਂ ਲਈ ਕੰਮ ਕਰਨ ਵਾਲੀਆਂ ਕਈ ਸੰਸਥਾਵਾਂ ਦਾ ਸਮਰਥਨ ਮਿਲਿਆ ਹੈ। ਇੱਕ ਸਰਵੇਖਣ ਅਨੁਸਾਰ ਲਗਭਗ 89 ਫ਼ੀਸਦੀ ਅਮਰੀਕੀ ਵੋਟਰ ਵੀ ਇਸ ਬਿੱਲ ਦੇ ਹੱਕ ਵਿਚ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਇਸ ਕਾਨੂੰਨ ਨਾਲ ਤੁਰੰਤ ਘਰ ਸਸਤੇ ਨਹੀਂ ਹੋ ਜਾਣਗੇ, ਕਿਉਂਕਿ ਹਾਊਸਿੰਗ ਸਪਲਾਈ ਨਾਲ ਜੁੜੇ ਜ਼ਿਆਦਾਤਰ ਨਿਯਮ ਸੂਬਾਈ ਅਤੇ ਸਥਾਨਕ ਸਰਕਾਰਾਂ ਦੇ ਅਧੀਨ ਹਨ। ਫਿਰ ਵੀ, ਇਹ ਕਾਨੂੰਨ ਲੰਬੇ ਸਮੇਂ ਵਿਚ ਵੱਧ ਘਰਾਂ ਦੀ ਉਸਾਰੀ ਨੂੰ ਉਤਸ਼ਾਹ ਦੇ ਸਕਦਾ ਹੈ ਅਤੇ ਹਾਊਸਿੰਗ ਬਾਜ਼ਾਰ ਵਿਚ ਕੁਝ ਰਾਹਤ ਲਿਆ ਸਕਦਾ ਹੈ।

# ਰਾਸ਼ਟਰਪਤੀ ਟਰੰਪ ਦੇ 'ਨਾਂ' 'ਤੇ ਰੱਖਿਆ ਗਿਆ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਮ

**ਵੈਸਟ ਪਾਮ ਬੀਚ (ਅਮਰੀਕਾ), (ਪੰਜਾਬ ਮੇਲ)-** ਅਮਰੀਕਾ ਦੇ ਦੱਖਣੀ ਫਲੋਰੀਡਾ ਸਥਿਤ ਪਾਮ ਬੀਚ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਮ ਅਧਿਕਾਰਤ ਤੌਰ 'ਤੇ ਰਾਸ਼ਟਰਪਤੀ ਡੋਨਾਲਡ ਜੇ. ਟਰੰਪ ਅੰਤਰਰਾਸ਼ਟਰੀ ਹਵਾਈ ਅੱਡਾ ਰੱਖਿਆ ਗਿਆ ਹੈ। ਪੁਰਾਣੇ "ਪਾਮ ਬੀਚ ਅੰਤਰਰਾਸ਼ਟਰੀ ਹਵਾਈ ਅੱਡੇ" ਦੇ ਸਾਈਨੇਜ ਨੂੰ ਹਟਾਉਣ ਅਤੇ ਨਵੇਂ ਨਾਮ ਪਲੇਟਾਂ ਲਗਾਉਣ ਲਈ ਕੰਮ ਸ਼ੁਰੂ ਹੋ ਗਿਆ। ਹਵਾਈ ਅੱਡਾ ਪ੍ਰਸ਼ਾਸਨ ਨੇ ਇੱਕ ਫੇਸਬੁੱਕ ਪੋਸਟ ਵਿਚ ਕਿਹਾ ਕਿ ਪੂਰੇ ਹਵਾਈ ਅੱਡੇ ਨੂੰ ਇੱਕੋ ਸਮੇਂ ਦੁਬਾਰਾ ਡਿਜ਼ਾਇਨ ਨਹੀਂ ਕੀਤਾ ਜਾ ਸਕਦਾ, ਇਸ ਲਈ ਯਾਤਰੀ ਅਗਲੇ ਕੁਝ ਹਫ਼ਤਿਆਂ ਲਈ ਪੂਰੇ ਟਰਮੀਨਲ ਵਿਚ ਪੁਰਾਣੇ ਅਤੇ ਨਵੇਂ ਦੋਵੇਂ ਸਾਈਨੇਜ ਦੇਖਣਗੇ।





ਨਾਮ ਬਦਲਣ ਤੋਂ ਬਾਅਦ ਸਭ ਤੋਂ ਪਹਿਲਾਂ "ਟਰੰਪ ਫੋਰਸ ਵਨ" ਨਾਮ ਦਾ ਇੱਕ ਬੋਇੰਗ 757 ਜਹਾਜ਼ ਸਵੇਰੇ 5 ਵਜੇ ਦੇ ਕਰੀਬ ਹਵਾਈ ਅੱਡੇ 'ਤੇ ਉਤਰਿਆ। ਇਹ ਜਹਾਜ਼ ਦ ਟਰੰਪ ਆਰਗੇਨਾਈਜ਼ੇਸ਼ਨ ਦੀ ਮਲਕੀਅਤ ਹੈ। ਜਹਾਜ਼ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪੁੱਤਰ ਏਰਿਕ ਟਰੰਪ ਵੀ ਸਵਾਰ ਸੀ। ਟਰੰਪ ਪਰਿਵਾਰ ਨਿਯਮਿਤ ਤੌਰ 'ਤੇ ਪਾਮ ਬੀਚ ਵਿਚ ਡੋਨਾਲਡ ਟਰੰਪ ਦੇ ਮਾਰ-ਏ-ਲਾਗੋ ਨਿਵਾਸ ਤੱਕ ਜਾਣ ਅਤੇ ਜਾਣ ਲਈ ਇਸ ਹਵਾਈ ਅੱਡੇ ਦੀ ਵਰਤੋਂ ਕਰਦਾ ਹੈ। ਇਸ ਸਾਲ, ਹਵਾਈ ਅੱਡੇ ਤੋਂ ਟਰੰਪ ਦੇ ਨਿਵਾਸ ਵੱਲ ਜਾਣ ਵਾਲੀ ਇੱਕ ਸੜਕ ਦਾ ਨਾਮ ਵੀ "ਡੋਨਾਲਡ ਜੇ. ਟਰੰਪ ਬੁਲੇਵਾਰਡ" ਰੱਖਿਆ ਗਿਆ ਸੀ।

ਏਰਿਕ ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ "ਐਕਸ" 'ਤੇ ਲਿਖਿਆ ਕਿ ਡੋਨਾਲਡ ਟਰੰਪ ਤੋਂ ਵੱਧ ਫਲੋਰੀਡਾ ਅਤੇ ਸੰਯੁਕਤ ਰਾਜ ਅਮਰੀਕਾ ਲਈ ਕਿਸੇ ਨੇ ਵੀ ਯੋਗਦਾਨ ਨਹੀਂ ਪਾਇਆ ਹੈ ਅਤੇ ਉਹ ਇਸ ਸਨਮਾਨ ਦੇ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਉਹ ਲਗਭਗ ਰੋਜ਼ਾਨਾ ਇਸ ਹਵਾਈ ਅੱਡੇ ਤੋਂ ਯਾਤਰਾ ਕਰਦੇ ਹਨ ਅਤੇ ਹੁਣ ਉਨ੍ਹਾਂ ਦੇ ਬੋਰਡਿੰਗ ਪਾਸ 'ਤੇ "ਡੀ.ਜੇ.ਟੀ." ਅੱਖਰ ਦੇਖ ਕੇ ਮਾਣ ਮਹਿਸੂਸ ਕਰਨਗੇ। ਜਦੋਂਕਿ ਹਵਾਈ ਅੱਡੇ ਦਾ ਨਵਾਂ ਨਾਮ ਵੀਰਵਾਰ ਨੂੰ ਲਾਗੂ ਹੋਇਆ, ਇਸਦਾ ਅਧਿਕਾਰਤ ਤਿੰਨ-ਅੱਖਰਾਂ ਵਾਲਾ ਹਵਾਈ ਅੱਡਾ ਕੋਡ 18 ਅਗਸਤ ਨੂੰ "ਪੀ.ਬੀ.ਆਈ." ਤੋਂ "ਡੀ.ਜੇ.ਟੀ." ਵਿਚ ਬਦਲ ਜਾਵੇਗਾ।

ਰਾਸ਼ਟਰਪਤੀ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ, "ਟਰੁੱਥ ਸੋਸ਼ਲ" 'ਤੇ ਹਵਾਈ ਅੱਡੇ ਦਾ ਨਾਮ ਬਦਲਣ ਦਾ ਵੀ ਸਵਾਗਤ ਕੀਤਾ। ਉਨ੍ਹਾਂ ਇਸਨੂੰ "ਮਹਾਨ ਸਨਮਾਨ" ਕਿਹਾ ਅਤੇ ਕਿਹਾ ਕਿ ਇਹ ਦੁਨੀਆਂ ਦੇ ਸਭ ਤੋਂ ਸ਼ਾਨਦਾਰ ਹਵਾਈ ਅੱਡਿਆਂ ਵਿਚੋਂ ਇੱਕ ਹੋਵੇਗਾ। ਫਲੋਰੀਡਾ ਦੇ ਗਵਰਨਰ ਰੋਨ ਡੀਸੈਂਟਿਸ ਨੇ ਇਸ ਸਾਲ ਇੱਕ ਬਿੱਲ 'ਤੇ ਦਸਤਖ਼ਤ ਕੀਤੇ, ਜਿਸ ਨਾਲ ਹਵਾਈ ਅੱਡੇ ਦਾ ਨਾਮ ਬਦਲਣ ਦਾ ਰਾਹ ਪੱਧਰਾ ਹੋਇਆ। ਨਵੇਂ ਸਾਈਨੇਜ, ਬ੍ਰਾਂਡਿੰਗ ਅਤੇ ਹੋਰ ਬਦਲਾਵਾਂ 'ਤੇ ਲਗਭਗ 55 ਲੱਖ ਅਮਰੀਕੀ ਡਾਲਰ ਦੀ ਲਾਗਤ ਆਉਣ ਦਾ ਅਨੁਮਾਨ ਹੈ। ਹਵਾਈ ਅੱਡੇ ਤੋਂ ਸਿਨਸਿਨਾਟੀ ਜਾਣ ਵਾਲੇ ਇੱਕ ਯਾਤਰੀ ਕੀਗਨ ਕੋਲੇਟ ਨੇ ਕਿਹਾ ਕਿ ਉਹ ਨਵੇਂ ਨਾਮ ਤੋਂ ਹੈਰਾਨ ਹਨ। ਉਸਨੇ ਕਿਹਾ ਕਿ ਉਸਨੂੰ ਨਹੀਂ ਲੱਗਦਾ ਕਿ ਹਵਾਈ ਅੱਡੇ ਦਾ ਨਾਮ ਟਰੰਪ ਦੇ ਨਾਮ 'ਤੇ ਰੱਖਣ ਦੀ ਲੋੜ ਹੈ, ਹਾਲਾਂਕਿ ਉਸਨੂੰ ਇਸ 'ਤੇ ਕੋਈ ਖਾਸ ਇਤਰਾਜ਼ ਨਹੀਂ ਸੀ। ਉਸਨੇ ਕਿਹਾ, "ਅੰਤ ਵਿਚ, ਇਹ ਸਿਰਫ਼ ਹਵਾਈ ਅੱਡੇ ਦਾ ਨਾਮ ਹੈ। ਹੋਰ ਵੀ ਮਹੱਤਵਪੂਰਨ ਮੁੱਦੇ ਹਨ।"

# ਕੈਨੇਡਾ-ਅਮਰੀਕਾ ਦਰਮਿਆਨ ਆਵਾਜਾਈ ਲਈ ਨਵਾਂ ਅੰਤਰਰਾਸ਼ਟਰੀ ਪੁੱਲ ਚਾਲੂ ਹੋਣ ਲਈ ਤਿਆਰ



ਵੈਨਕੂਵਰ, (ਪੰਜਾਬ ਮੇਲ)- ਕੈਨੇਡਾ ਅਤੇ ਅਮਰੀਕਾ ਦਰਮਿਆਨ ਆਰ-ਪਾਰ ਆਵਾਜਾਈ ਲਈ ਡੈਟਰੋਇਟ ਦਰਿਆ ਉੱਤੇ ਬਣਾਇਆ ਗਿਆ 6 ਲੇਨ ਵਾਲਾ ਵਿਸ਼ਾਲ ਪੁੱਲ ਜਲਦ ਹੀ ਚਾਲੂ ਹੋਣ ਜਾ ਰਿਹਾ ਹੈ, ਜਿਸ ਨੂੰ ਹੁਣ ਹਰੀ ਝੰਡੀ ਮਿਲ ਗਈ ਹੈ। ਭਾਰੀ ਵਾਹਨਾਂ, ਦੋ-ਪਹੀਆ ਵਾਹਨਾਂ ਅਤੇ ਪੈਦਲ ਚੱਲਣ ਵਾਲਿਆਂ ਲਈ ਵੱਖਰੇ ਰਸਤਿਆਂ ਵਾਲਾ ਇਹ ਮਜ਼ਬੂਤ ਤਾਰਾਂ 'ਤੇ ਟਿਕਿਆ (ਕੇਬਲ-ਸਟੇਡ) ਢਾਈ ਕਿਲੋਮੀਟਰ ਲੰਮਾ, 123 ਫੁੱਟ ਚੌੜਾ ਅਤੇ 272 ਫੁੱਟ ਉੱਚਾ ਪੁੱਲ, ਕੈਨੇਡਾ ਦੇ ਸ਼ਹਿਰ ਵਿੰਡਸਰ ਅਤੇ ਅਮਰੀਕੀ ਸੂਬੇ ਮਿਸ਼ੀਗਨ ਦੇ ਸ਼ਹਿਰ ਡੈਟਰੋਇਟ ਨੂੰ ਆਪਸ ਵਿਚ ਜੋੜੇਗਾ। ਇਹ ਪੁੱਲ ਕੈਨੇਡਾ ਦੇ ਹਾਈਵੇਅ 401 ਅਤੇ ਅਮਰੀਕਾ ਦੇ ਹਾਈਵੇਅ 75 ਦਾ ਇੱਕ ਅਹਿਮ ਜੋੜ ਬਣੇਗਾ।

ਸਾਲ 2018 ਵਿਚ ਸ਼ੁਰੂ ਹੋਈ ਇਸ ਪੁੱਲ ਦੀ ਉਸਾਰੀ ਅੱਠ ਸਾਲਾਂ ਵਿਚ ਮੁਕੰਮਲ ਹੋਈ ਹੈ। ਇਹ ਪੁੱਲ 90 ਸਾਲ ਪੁਰਾਣੇ 'ਅੰਬੈਸਡਰ ਬ੍ਰਿਜ' ਦੀ ਥਾਂ ਲਵੇਗਾ, ਜੋ ਹੁਣ ਦੋਵਾਂ ਦੇਸ਼ਾਂ ਦੀ ਵਧਦੀ ਆਵਾਜਾਈ ਦਾ ਭਾਰ ਝੱਲਣ ਤੋਂ ਅਸਮਰੱਥ ਹੋ ਗਿਆ ਸੀ। ਉੱਤਰੀ ਅਮਰੀਕਾ ਵਿਚ ਤਾਰਾਂ 'ਤੇ ਟਿਕੇ ਪੁਲਾਂ ਵਿਚੋਂ ਇਹ ਸਭ ਤੋਂ ਲੰਮੇ ਸਪੈਨ ਵਾਲਾ ਪੁੱਲ ਹੈ।

ਇਸ ਦਾ ਨਾਂ ਅਮਰੀਕਾ ਦੇ ਪ੍ਰਸਿੱਧ ਆਈਸ ਹਾਕੀ ਖਿਡਾਰੀ ਦੇ ਨਾਂ 'ਤੇ ਰੱਖਿਆ ਗਿਆ ਹੈ। 6 ਅਰਬ ਡਾਲਰ ਦੀ ਲਾਗਤ ਨਾਲ ਤਿਆਰ ਹੋਏ ਇਸ ਪੁੱਲ ਦੇ ਖਰਚੇ ਦੀ ਵੰਡ ਦੋਵਾਂ ਦੇਸ਼ਾਂ ਨੇ ਬਰਾਬਰ ਕੀਤੀ ਹੈ। ਨਿੱਜੀ ਕੰਪਨੀ ਦੀ ਮਾਲਕੀ ਵਾਲੇ ਅੰਬੈਸਡਰ ਬ੍ਰਿਜ ਵਾਂਗ, ਵਾਹਨਾਂ ਨੂੰ ਇਸ ਪੁੱਲ ਦੀ ਵਰਤੋਂ ਕਰਨ ਬਦਲੇ ਟੌਲ ਟੈਕਸ ਭਰਨਾ ਪਵੇਗਾ।

ਇਸ ਪੁੱਲ ਦੀ ਠੇਕੇਦਾਰ ਕੰਪਨੀ ਵੱਲੋਂ ਇਸਨੂੰ 1 ਜੂਨ ਤੋਂ ਚਾਲੂ ਕਰਨ ਦਾ ਐਲਾਨ ਕੀਤਾ ਗਿਆ ਸੀ, ਪਰ ਦੋਵਾਂ ਦੇਸ਼ਾਂ ਦੇ ਕੁਝ ਖਦਸ਼ਿਆਂ ਕਾਰਨ ਇਸ ਵਿਚ ਦੇਰੀ ਹੁੰਦੀ ਗਈ। ਆਖਰਕਾਰ ਦੋਵਾਂ ਦੇਸ਼ਾਂ ਵੱਲੋਂ ਹਰੀ ਝੰਡੀ ਮਿਲਣ ਤੋਂ ਬਾਅਦ ਹੁਣ ਇਸਦੇ ਚਾਲੂ ਹੋਣ ਦਾ ਰਸਮੀ ਐਲਾਨ ਕਰ ਦਿੱਤਾ ਗਿਆ ਹੈ। ਕੁਝ ਦਿਨਾਂ 'ਚ ਇਸਦੇ ਉਦਘਾਟਨ ਦਾ ਦਿਨ ਐਲਾਨਿਆ ਜਾ ਸਕਦਾ ਹੈ, ਜੋ ਕੰਪਨੀ ਅਨੁਸਾਰ ਜੁਲਾਈ ਦੇ ਤੀਜੇ ਜਾਂ ਚੌਥੇ ਹਫਤੇ ਦਾ ਕੋਈ ਦਿਨ ਹੋਵੇਗਾ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

## ਅਮਰੀਕਾ ਵੱਲੋਂ ਇਰਾਨ 'ਤੇ ਨਵੀਆਂ ਸਖ਼ਤ ਪਾਬੰਦੀਆਂ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਨੇ ਇਰਾਨ 'ਤੇ ਨਵੀਆਂ ਪਾਬੰਦੀਆਂ ਲਗਾ ਦਿੱਤੀਆਂ ਹਨ। ਅਮਰੀਕੀ ਵਿੱਤ ਮੰਤਰਾਲੇ (ਟ੍ਰੇਜ਼ਰੀ ਡਿਪਾਰਟਮੈਂਟ) ਮੁਤਾਬਕ ਇਹ ਫ਼ੈਸਲਾ ਇਰਾਨ ਵੱਲੋਂ ਅੰਤਰਰਾਸ਼ਟਰੀ ਸਮੁੰਦਰੀ ਮਾਰਗ 'ਹੋਰਮੁਜ਼ ਜਲ ਮਾਰਗ' (ਸਟਰੇਟ ਆਫ ਹੋਰਮੁਜ਼) ਵਿਚ ਵਪਾਰਕ ਜਹਾਜ਼ਾਂ 'ਤੇ ਮੁੜ ਹਮਲੇ ਕਰਨ ਤੋਂ ਬਾਅਦ ਲਿਆ ਗਿਆ ਹੈ। ਮੰਤਰਾਲੇ ਨੇ ਦੱਸਿਆ ਕਿ ਇਨ੍ਹਾਂ ਪਾਬੰਦੀਆਂ ਦੇ ਘੇਰੇ ਵਿਚ ਦੁਬਈ ਵਿਚ ਰਹਿਣ ਵਾਲਾ ਇਰਾਨੀ ਬੈਂਕਰ ਅਤੇ ਨਾਮੀ ਕਾਰੋਬਾਰੀ ਅਲੀ ਅੰਸਾਰੀ ਸ਼ਾਮਲ ਹੈ, ਜਿਸ 'ਤੇ ਇਰਾਨ ਦੀ ਫੌਜ 'ਰੈਵੋਲਿਊਸ਼ਨਰੀ ਗਾਰਡਜ਼' (ਆਈ.ਆਰ.ਜੀ.ਸੀ.) ਨੂੰ ਵਿੱਤੀ ਸਹਾਇਤਾ ਦੇਣ ਦੇ ਦੋਸ਼ ਹੇਠ ਬ੍ਰਿਟੇਨ ਵੱਲੋਂ ਪਹਿਲਾਂ ਹੀ ਪਾਬੰਦੀ ਲਗਾਈ ਜਾ ਚੁੱਕੀ ਹੈ। ਇਸ ਤੋਂ ਇਲਾਵਾ ਕਈ ਹੋਰ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਵੀ ਬਲੈਕਲਿਸਟ ਕੀਤਾ ਗਿਆ ਹੈ। ਅਮਰੀਕੀ ਪ੍ਰਸ਼ਾਸਨ ਨੇ ਅਲੀ ਅੰਸਾਰੀ ਨੂੰ ਇਰਾਨ ਦੇ ਨਵੇਂ ਸਰਵਉੱਚ ਆਗੂ ਦਾ ਮੁੱਖ ਫਾਈਨਾਂਸਰ ਦੱਸਿਆ ਹੈ। ਮੰਤਰਾਲੇ ਮੁਤਾਬਕ ਅੰਸਾਰੀ ਨੇ ਜਨਤਕ ਫੰਡਾਂ ਦੇ ਪੈਸੇ ਦੀ ਹੇਰਾਫੇਰੀ ਕਰਕੇ ਵਿਦੇਸ਼ਾਂ ਵਿਚ ਰੀਅਲ ਅਸਟੇਟ ਅਤੇ ਵਪਾਰਕ ਖੇਤਰਾਂ ਵਿਚ ਇੱਕ ਵੱਡਾ ਸਾਮਰਾਜ ਖੜ੍ਹਾ ਕੀਤਾ ਹੈ, ਜਿਸਦੀ ਵਰਤੋਂ ਉਹ ਖ਼ੁਦ ਨੂੰ, ਇਰਾਨ ਦੇ ਸਰਕਾਰੀ ਪ੍ਰਭਾਵਸ਼ਾਲੀ ਲੋਕਾਂ ਨੂੰ ਅਤੇ ਰੈਵੋਲਿਊਸ਼ਨਰੀ ਗਾਰਡਜ਼ (ਆਈ.ਆਰ.ਜੀ.ਸੀ.) ਨੂੰ ਫਾਇਦਾ ਪਹੁੰਚਾਉਣ ਲਈ ਕਰ ਰਿਹਾ ਸੀ।

# ਅੰਤਰਰਾਸ਼ਟਰੀ ਡਾਕ ਰਾਹੀਂ ਅਮਰੀਕਾ ਭੇਜੇ ਜਾਣ ਵਾਲੇ ਸਮਾਨ ਲਈ ਨਵੇਂ ਨਿਯਮਾਂ ਦਾ ਐਲਾਨ

### 24 ਜੁਲਾਈ ਤੋਂ ਨਵੇਂ ਨਿਯਮ ਹੋਣਗੇ ਲਾਗੂ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕੀ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ.) ਨੇ ਅੰਤਰਰਾਸ਼ਟਰੀ ਡਾਕ ਰਾਹੀਂ ਅਮਰੀਕਾ ਭੇਜੇ ਜਾਣ ਵਾਲੇ ਸਮਾਨ ਲਈ ਨਵੇਂ ਨਿਯਮਾਂ ਦਾ ਐਲਾਨ ਕੀਤਾ ਹੈ। ਇਹ ਨਿਯਮ 24 ਜੁਲਾਈ 2026 ਤੋਂ ਲਾਗੂ ਹੋਣਗੇ ਅਤੇ ਭਾਰਤ ਸਮੇਤ ਦੁਨੀਆਂ ਭਰ ਤੋਂ ਅਮਰੀਕਾ ਡਾਕ ਰਾਹੀਂ ਸਮਾਨ ਭੇਜਣ ਵਾਲੇ ਲੋਕਾਂ ਅਤੇ ਕਾਰੋਬਾਰਾਂ 'ਤੇ ਅਸਰ ਪਾਉਣਗੇ।

ਨਵੇਂ ਨਿਯਮਾਂ ਅਨੁਸਾਰ, 2,500 ਡਾਲਰ ਜਾਂ ਇਸ ਤੋਂ ਘੱਟ ਕੀਮਤ ਵਾਲਾ ਡਾਕ ਰਾਹੀਂ ਭੇਜਿਆ ਸਮਾਨ ਹੁਣ ਇੱਕ ਨਵੀਂ ਪੋਸਟਲ ਇਨਫਾਰਮਲ ਐਂਟਰੀ ਪ੍ਰਕਿਰਿਆ ਤਹਿਤ ਕਲੀਅਰ ਕੀਤਾ ਜਾਵੇਗਾ। ਇਸ ਲਈ ਭੇਜਣ ਵਾਲੇ ਜਾਂ ਆਯਾਤਕਰਤਾ ਨੂੰ ਲੋੜੀਂਦੀ ਜਾਣਕਾਰੀ, ਦਸਤਾਵੇਜ਼ ਅਤੇ ਲਾਗੂ ਡਿਊਟੀ ਜਾਂ ਟੈਕਸ ਦੀ ਅਦਾਇਗੀ ਕਰਨੀ ਹੋਵੇਗੀ।

ਸੀ.ਬੀ.ਪੀ. ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ 800 ਡਾਲਰ ਤੱਕ ਦੇ ਸਮਾਨ ਨੂੰ ਮਿਲਦੀ 'ਡੀ ਮਿਨਿਮਿਸ' ਛੋਟ ਹੁਣ ਅੰਤਰਰਾਸ਼ਟਰੀ ਡਾਕ ਰਾਹੀਂ ਆਉਣ ਵਾਲੇ ਸਮਾਨ ਲਈ ਲਾਗੂ ਨਹੀਂ ਰਹੇਗੀ। ਇਹ ਛੋਟ ਪਹਿਲਾਂ ਹੀ 2025 ਵਿਚ ਰਾਸ਼ਟਰਪਤੀ ਦੇ ਕਾਰਜਕਾਰੀ ਹੁਕਮ ਤਹਿਤ ਖਤਮ ਕੀਤੀ ਜਾ ਚੁੱਕੀ ਸੀ, ਪਰ ਹੁਣ ਇਸ ਦੀ ਥਾਂ ਸਥਾਈ ਤੌਰ 'ਤੇ ਨਵੀਂ ਪ੍ਰਕਿਰਿਆ ਲਾਗੂ ਕੀਤੀ ਜਾ ਰਹੀ ਹੈ।

ਇਸ ਦਾ ਮਤਲਬ ਹੈ ਕਿ ਹੁਣ ਡਾਕ ਰਾਹੀਂ ਆਉਣ ਵਾਲੇ ਛੋਟੇ ਪਾਰਸਲ ਵੀ ਪਹਿਲਾਂ ਵਾਂਗ ਆਟੋਮੈਟਿਕ ਡਿਊਟੀ ਛੋਟ ਦੇ ਹੱਕਦਾਰ ਨਹੀਂ ਹੋਣਗੇ। ਕਸਟਮਜ਼ ਨੂੰ ਸਮਾਨ ਬਾਰੇ ਵਧੇਰੇ ਜਾਣਕਾਰੀ ਦੇਣੀ ਪਵੇਗੀ ਅਤੇ ਜੇਕਰ ਡਿਊਟੀ ਜਾਂ ਹੋਰ ਫੀਸ ਬਣਦੀ ਹੈ, ਤਾਂ ਉਹ ਅਦਾ ਕਰਨੀ ਪਵੇਗੀ।

ਇਹ ਬਦਲਾਅ ਖਾਸ ਕਰਕੇ ਉਨ੍ਹਾਂ ਲੋਕਾਂ ਲਈ ਮਹੱਤਵਪੂਰਨ ਹੈ, ਜੋ ਭਾਰਤ, ਪੰਜਾਬ ਜਾਂ ਹੋਰ ਦੇਸ਼ਾਂ ਤੋਂ ਕੱਪੜੇ, ਤੋਹਫ਼ੇ, ਦਵਾਈਆਂ, ਧਾਰਮਿਕ ਸਮਾਨ ਜਾਂ ਹੋਰ ਵਸਤਾਂ ਡਾਕ ਰਾਹੀਂ ਅਮਰੀਕਾ ਮੰਗਵਾਉਂਦੇ ਹਨ। ਹੁਣ ਉਨ੍ਹਾਂ ਨੂੰ ਪਹਿਲਾਂ ਨਾਲੋਂ ਵਧੇਰੇ ਕਸਟਮ ਕਾਰਵਾਈ ਅਤੇ ਸੰਭਾਵਿਤ ਡਿਊਟੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਸੀ.ਬੀ.ਪੀ. ਦਾ ਕਹਿਣਾ ਹੈ ਕਿ ਨਵੇਂ ਨਿਯਮਾਂ ਦਾ ਮਕਸਦ ਡਾਕ ਰਾਹੀਂ ਆਉਣ ਵਾਲੇ ਸਮਾਨ ਦੀ ਜਾਂਚ ਪ੍ਰਕਿਰਿਆ ਨੂੰ ਹੋਰ ਪਾਰਦਰਸ਼ੀ ਬਣਾਉਣਾ ਅਤੇ ਕਸਟਮ ਨਿਯਮਾਂ ਦੀ ਪ੍ਰਭਾਵਸ਼ਾਲੀ ਪਾਲਣਾ ਯਕੀਨੀ ਬਣਾਉਣਾ ਹੈ।



# ਗੂਗਲ ਦੀ ਸਾਬਕਾ ਭਾਰਤੀ-ਅਮਰੀਕੀ ਮਹਿਲਾ ਅਧਿਕਾਰੀ ਦਾ ਪਤੀ ਵੱਲੋਂ ਕਤਲ

**ਬਚਾਅ ਕਰਨ ਆਇਆ ਪੁੱਤਰ ਗੰਭੀਰ ਜ਼ਖਮੀ, ਮੁਲਜ਼ਮ ਪਤੀ ਗ੍ਰਿਫ਼ਤਾਰ**

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੇ ਜਾਰਜੀਆ ਸੂਬੇ 'ਚ ਗੂਗਲ ਦੀ ਇੱਕ ਸਾਬਕਾ ਉੱਚ ਭਾਰਤੀ-ਅਮਰੀਕੀ ਮਹਿਲਾ ਅਧਿਕਾਰੀ ਦਾ ਉਸ ਦੇ ਪਤੀ ਵੱਲੋਂ ਗੋਲੀਆਂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਮ੍ਰਿਤਕਾ ਦੀ ਪਛਾਣ 57 ਸਾਲਾ ਸ਼ੀਤਲ ਵ੍ਰਜੇਸੀਅਨ ਵਜੋਂ ਹੋਈ ਹੈ, ਜੋ ਤਕਨਾਲੋਜੀ ਦੇ ਖੇਤਰ ਵਿਚ ਇੱਕ ਮੰਨੀ-ਪ੍ਰਮੰਨੀ ਸ਼ਖਸੀਅਤ ਸੀ। ਇਸ ਖ਼ੂਨੀ ਝੜਪ ਦੌਰਾਨ ਮਾਂ ਨੂੰ ਬਚਾਉਣ ਆਇਆ ਉਨ੍ਹਾਂ ਦਾ 23 ਸਾਲਾ ਪੁੱਤਰ ਜੇਸਨ ਵੀ ਗੋਲੀ ਲੱਗਣ ਕਾਰਨ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ, ਜਿਸ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ।

ਸਥਾਨਕ ਪੁਲਿਸ ਮੁਤਾਬਕ ਇਹ ਖ਼ੌਫ਼ਨਾਕ ਵਾਰਦਾਤ ਐਟਲਾਂਟਾ ਦੇ ਨੇੜਲੇ ਇਲਾਕੇ ਕੋਬ ਕਾਊਂਟੀ (ਸਮਿਰਨਾ) ਸਥਿਤ 'ਲੌਰੇਲ ਕਰੀਕ ਟ੍ਰੇਲ' 'ਤੇ ਬਣੇ ਜੋੜੇ ਦੇ ਆਲੀਸ਼ਾਨ ਘਰ ਵਿਚ ਰਾਤ ਦੇ ਕਰੀਬ 8 ਵਜੇ ਵਾਪਰੀ। ਪੁਲਿਸ ਨੂੰ ਇਲਾਕੇ ਵਿਚ ਗੋਲੀਆਂ ਚੱਲਣ ਦੀ ਸੂਚਨਾ ਮਿਲੀ ਸੀ। ਜਦੋਂ ਸੁਰੱਖਿਆ ਕਰਮੀ ਮੌਕੇ 'ਤੇ ਪਹੁੰਚੇ, ਤਾਂ ਘਰ ਦੇ ਅੰਦਰ ਸ਼ੀਤਲ ਦੀ ਖ਼ੂਨ ਨਾਲ ਲੱਥਪੱਥ ਲਾਸ਼ ਮਿਲੀ, ਜਿਸ ਦੇ ਸਰੀਰ 'ਤੇ ਗੋਲੀਆਂ ਦੇ ਕਈ ਨਿਸ਼ਾਨ ਸਨ। ਡਾਕਟਰਾਂ ਨੇ ਉਸ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ। ਪੁਲਿਸ ਨੇ ਮੌਕੇ ਤੋਂ ਹੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ 56 ਸਾਲਾ ਪਤੀ ਕਿਰਕ ਬੀ. ਵ੍ਰਜੇਸੀਅਨ ਨੂੰ ਬਿਨਾਂ ਕਿਸੇ ਵਿਰੋਧ ਦੇ ਗ੍ਰਿਫ਼ਤਾਰ ਕਰ ਲਿਆ।

ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਇਹ ਹੱਤਿਆ ਘਰੇਲੂ ਕਲੇਸ਼ ਅਤੇ ਆਪਸੀ ਝਗੜੇ ਦੇ ਵਧਣ ਕਾਰਨ ਹੋਈ ਹੈ। ਗੁਆਂਢੀਆਂ ਨੇ ਦੱਸਿਆ ਕਿ ਜਦੋਂ ਪਤੀ-ਪਤਨੀ ਵਿਚਾਲੇ ਲੜਾਈ ਹੋ ਰਹੀ ਸੀ, ਤਾਂ ਪੁੱਤਰ ਜੇਸਨ ਨੇ ਵਿੱਚ-ਬਚਾਅ ਕਰਨ ਦੀ ਕੋਸ਼ਿਸ਼ ਕੀਤੀ, ਜਿਸ 'ਤੇ ਗੁੱਸੇ ਵਿਚ ਆਏ ਪਿਤਾ ਨੇ ਉਸ ਦੀ ਪਿੱਠ 'ਤੇ ਵੀ ਗੋਲੀ ਮਾਰ ਦਿੱਤੀ। ਜ਼ਖ਼ਮੀ ਹਾਲਤ ਵਿਚ ਪੁੱਤਰ ਭੱਜ ਕੇ ਗੁਆਂਢੀਆਂ ਦੇ ਘਰ ਪਹੁੰਚਿਆ, ਜਿਨ੍ਹਾਂ ਨੇ ਤੁਰੰਤ ਪੁਲਿਸ ਨੂੰ ਫੋਨ ਕੀਤਾ ਅਤੇ ਐਂਬੂਲੈਂਸ ਬੁਲਾਈ। ਇਸ ਸ਼ਾਂਤਮਈ ਰਿਹਾਇਸ਼ੀ ਇਲਾਕੇ ਵਿਚ ਵਾਪਰੀ ਇਸ ਖ਼ੂਨੀ ਘਟਨਾ ਨੇ ਸਥਾਨਕ ਭਾਰਤੀ ਭਾਈਚਾਰੇ ਅਤੇ ਗੁਆਂਢੀਆਂ ਨੂੰ ਗਹਿਰੇ ਸਦਮੇ ਵਿਚ ਪਾ ਦਿੱਤਾ ਹੈ। ਪਿਛਲੇ 20 ਸਾਲਾਂ ਤੋਂ ਇਸੇ ਗਲੀ ਵਿਚ ਰਹਿ ਰਹੀ ਇੱਕ ਮਹਿਲਾ ਗੁਆਂਢੀ ਜੋਆਨ ਐਂਡਰਸਨ ਨੇ ਦੱਸਿਆ ਕਿ ਉਹ ਅਚਾਨਕ ਹੋਈ ਹਲਚਲ ਅਤੇ ਪੁਲਿਸ ਦੀਆਂ ਗੱਡੀਆਂ ਦੇ ਸਾਈਰਨ ਸੁਣ ਕੇ ਦਹਿਸ਼ਤ ਵਿਚ ਆ ਗਏ ਸਨ। ਸ਼ੁਰੂ ਵਿਚ ਉਨ੍ਹਾਂ ਨੂੰ ਲੱਗਿਆ ਕਿ ਸ਼ਾਇਦ ਕਿਸੇ ਨੂੰ ਦਿਲ ਦਾ ਦੌਰਾ ਪਿਆ ਹੈ, ਪਰ ਬਾਅਦ ਵਿਚ ਜਦੋਂ ਅਸਲ ਸੱਚਾਈ ਸਾਹਮਣੇ ਆਈ ਤਾਂ ਸਭ ਦੇ ਹੋਸ਼ ਉੱਡ ਗਏ। ਦੱਸਣਯੋਗ ਹੈ ਕਿ ਸ਼ੀਤਲ ਵ੍ਰਜੇਸੀਅਨ ਤਕਨੀਕੀ ਜਗਤ ਵਿਚ ਬਹੁਤ ਸਤਿਕਾਰਤ ਨਾਂ ਸੀ। ਉਨ੍ਹਾਂ ਨੇ 'ਜਾਰਜੀਆ ਇੰਸਟੀਚਿਊਟ ਆਫ਼ ਟੈਕਨਾਲੋਜੀ' ਤੋਂ ਕੰਪਿਊਟਰ ਸਾਇੰਸ ਦੀ ਡਿਗਰੀ ਹਾਸਲ ਕੀਤੀ ਸੀ ਅਤੇ ਉਹ ਗੂਗਲ ਵਿਚ ਸੀਨੀਅਰ ਡਾਇਰੈਕਟਰ ਤੇ ਇੰਜੀਨੀਅਰਿੰਗ ਲੀਡਰ ਵਜੋਂ ਲੰਮਾ ਸਮਾਂ ਸੇਵਾਵਾਂ ਨਿਭਾ ਚੁੱਕੇ ਸਨ। ਉਨ੍ਹਾਂ ਦੇ ਨਾਂ 'ਤੇ ਦੋ ਸਾਫਟਵੇਅਰ ਪੇਟੈਂਟ ਵੀ ਦਰਜ ਸਨ। ਪੁਲਿਸ ਨੇ ਮੁਲਜ਼ਮ ਪਤੀ ਕਿਰਕ ਖ਼ਿਲਾਫ਼ ਕਤਲ (ਫੈਲੋਨੀ ਮਰਡਰ), ਜਾਨਲੇਵਾ ਹਮਲੇ ਦੀਆਂ ਧਾਰਾਵਾਂ ਅਤੇ ਨਜਾਇਜ਼ ਹਥਿਆਰ ਰੱਖਣ ਦੇ ਸੰਗੀਨ ਇਲਜ਼ਾਮਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਮੁਲਜ਼ਮ ਨੂੰ ਕੋਬ ਕਾਊਂਟੀ ਅਡਲਟ ਡਿਟੈਂਸ਼ਨ ਸੈਂਟਰ ਵਿਚ ਬਿਨਾਂ ਜ਼ਮਾਨਤ ਰੱਖਿਆ ਗਿਆ ਹੈ ਅਤੇ ਮਾਮਲੇ ਦੀ ਅਗਲੀ ਜਾਂਚ ਜਾਰੀ ਹੈ।

## ਯੂਕਰੇਨ ਸਮੇਤ 9 ਦੇਸ਼ਾਂ ਵੱਲੋਂ ਯੂਰਪ ਦੀ ਸੁਰੱਖਿਆ ਲਈ ਗੱਠਜੋੜ ਬਣਾਉਣ ਦਾ ਐਲਾਨ

ਪੈਰਿਸ, (ਪੰਜਾਬ ਮੇਲ)- ਯੂਕਰੇਨ ਅਤੇ 9 ਹੋਰ ਦੇਸ਼ਾਂ ਨੇ ਬੈਲਿਸਟਿਕ ਮਿਜ਼ਾਇਲ ਤੋਂ ਯੂਰਪ ਦੀ ਸੁਰਖਿਆ ਲਈ ਇਕ ਗੱਠਜੋੜ ਬਣਾਉਣ ਦਾ ਐਲਾਨ ਕੀਤਾ। ਇਸ ਪਹਿਲ ਵਿਚ ਰੂਸ ਖ਼ਿਲਾਫ਼ ਜੰਗ ਤੋਂ ਯੂਕਰੇਨ ਨੂੰ ਮਿਲੇ ਤਜ਼ਰਬੇ ਦਾ ਲਾਭ ਉਠਾਇਆ ਜਾਵੇਗਾ।

ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨਾਲ ਪੈਰਿਸ ਵਿਚ ਹੋਈ ਗੱਲਬਾਤ ਦੌਰਾਨ ਇਨ੍ਹਾਂ ਕਈ ਦੇਸ਼ਾਂ ਨੇ ਇਸ ਸਮਝੌਤੇ ਦਾ ਐਲਾਨ ਕੀਤਾ। ਇਨ੍ਹਾਂ ਦੇਸ਼ਾਂ ਨੇ ਇਕ ਬਿਆਨ 'ਚ ਕਿਹਾ, "ਸਾਡਾ ਨਿਸ਼ਾਨਾ ਯੂਰਪ ਲਈ ਸਾਂਝੀ ਬੈਲਿਸਟਿਕ ਮਿਜ਼ਾਈਲ ਰੱਖਿਆ ਪ੍ਰਣਾਲੀ ਵਿਕਸਿਤ ਕਰਨਾ ਹੈ।" ਅਜਿਹਾ ਕਰਨ ਲਈ, ਉਹ ਕੀਵ ਦੇ ਚਾਰ ਸਾਲਾਂ ਤੋਂ ਵੱਧ ਸਮੇਂ ਤੱਕ ਪੂਰੇ ਪੈਮਾਨੇ 'ਤੇ ਰੂਸੀ ਹਮਲੇ ਦਾ ਸਾਹਮਣਾ ਕਰਨ ਦੇ ਤਜ਼ਰਬੇ ਦਾ ਸਹਾਰਾ ਲੈਣਗੇ। ਬਿਆਨ ਵਿਚ ਇਸ ਰੱਖਿਆ ਪ੍ਰਣਾਲੀ ਨੂੰ ਸਥਾਪਤ ਕਰਨ ਲਈ ਕੋਈ ਸਮਾਂ-ਸੀਮਾ ਨਹੀਂ ਦੱਸੀ ਗਈ। ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਹ ਯੋਜਨਾ ਦੂਜੇ ਦੇਸ਼ਾਂ ਲਈ ਖੁੱਲ੍ਹੀ ਹੈ।

## ਅਮਰੀਕਾ ਵਿਚ ਸਾਲ ਭਰ ਇੱਕੋ ਸਮਾਂ ਰੱਖਣ ਵਾਲੇ ਬਿੱਲ 'ਤੇ ਅਗਲੇ ਹਫ਼ਤੇ ਵੋਟਿੰਗ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕਾ ਵਿਚ ਹਰ ਸਾਲ ਮਾਰਚ ਅਤੇ ਨਵੰਬਰ ਵਿਚ ਘੜੀਆਂ ਇੱਕ ਘੰਟਾ ਅੱਗੇ-ਪਿੱਛੇ ਕਰਨ ਦੀ ਪ੍ਰਥਾ ਖਤਮ ਹੋ ਸਕਦੀ ਹੈ। ਅਮਰੀਕੀ ਹਾਊਸ ਆਫ਼ ਰਿਪ੍ਰਿਜ਼ੈਂਟੇਟਿਵਜ਼ ਅਗਲੇ ਹਫ਼ਤੇ ਸਨਸ਼ਾਈਨ ਪ੍ਰੋਟੈਕਸ਼ਨ ਐਕਟ 'ਤੇ ਵੋਟਿੰਗ ਕਰਨ ਜਾ ਰਹੀ ਹੈ, ਜਿਸ ਦਾ ਮਕਸਦ ਡੇਲਾਈਟ ਸੇਵਿੰਗ ਟਾਈਮ (ਡੀ.ਐੱਸ.ਟੀ.) ਨੂੰ ਸਾਲ ਭਰ ਲਈ ਸਥਾਈ ਬਣਾਉਣਾ ਹੈ।

ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ, ਤਾਂ ਜ਼ਿਆਦਾਤਰ ਅਮਰੀਕੀ ਰਾਜਾਂ ਵਿਚ ਘੜੀਆਂ ਨੂੰ ਸਾਲ ਵਿਚ ਦੋ ਵਾਰ ਅੱਗੇ ਜਾਂ ਪਿੱਛੇ ਕਰਨ ਦੀ ਲੋੜ ਨਹੀਂ ਰਹੇਗੀ। ਹਾਲਾਂਕਿ, ਇਸ ਬਿੱਲ ਤਹਿਤ ਰਾਜਾਂ ਨੂੰ ਇਸ ਪ੍ਰਣਾਲੀ ਤੋਂ ਬਾਹਰ ਰਹਿਣ ਦਾ ਵਿਕਲਪ ਵੀ ਦਿੱਤਾ ਜਾਵੇਗਾ।

ਇਹ ਬਿੱਲ ਮਈ ਮਹੀਨੇ ਵਿਚ ਹਾਊਸ ਦੀ ਐਨਰਜੀ ਐਂਡ ਕਾਮਰਸ ਕਮੇਟੀ ਵੱਲੋਂ 48-1 ਦੇ ਵੱਡੇ ਬਹੁਮਤ ਨਾਲ ਪਾਸ ਕੀਤਾ ਗਿਆ ਸੀ। ਇਸ ਤੋਂ ਪਹਿਲਾਂ 2022 ਵਿਚ ਸੈਨੇਟ ਨੇ ਵੀ ਇਸ ਨੂੰ ਸਰਬਸੰਮਤੀ ਨਾਲ ਮਨਜ਼ੂਰੀ ਦਿੱਤੀ ਸੀ, ਪਰ ਉਸ ਵੇਲੇ ਹਾਊਸ ਵਿਚ ਇਸ 'ਤੇ ਕਾਰਵਾਈ ਨਹੀਂ ਹੋ ਸਕੀ।

ਰਾਸ਼ਟਰਪਤੀ ਡੋਨਾਲਡ ਟਰੰਪ ਵੀ ਸਾਲ ਵਿਚ ਦੋ ਵਾਰ ਘੜੀਆਂ ਬਦਲਣ ਦੀ ਪ੍ਰਥਾ ਖਤਮ ਕਰਨ ਦੇ ਹੱਕ ਵਿਚ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਪ੍ਰਣਾਲੀ ਬੇਲੋੜੀ ਹੈ ਅਤੇ ਇਸ ਨਾਲ ਲੋਕਾਂ ਨੂੰ ਹਰ ਸਾਲ ਪਰੇਸ਼ਾਨੀ ਹੁੰਦੀ ਹੈ।

ਬਿੱਲ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਘੜੀਆਂ ਬਦਲਣ ਨਾਲ ਲੋਕਾਂ ਦੀ ਨੀਂਦ ਪ੍ਰਭਾਵਿਤ ਹੁੰਦੀ ਹੈ, ਸੜਕ ਹਾਦਸੇ ਅਤੇ ਕੰਮਕਾਜ ਦੌਰਾਨ ਸੱਟਾਂ ਦੇ ਮਾਮਲੇ ਵਧਦੇ ਹਨ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਸਰਦੀਆਂ ਵਿਚ ਸ਼ਾਮ ਨੂੰ ਵੱਧ ਰੌਸ਼ਨੀ ਰਹਿਣ ਨਾਲ ਕਾਰੋਬਾਰ ਅਤੇ ਸੈਰ-ਸਪਾਟੇ ਨੂੰ ਫਾਇਦਾ ਹੋਵੇਗਾ।

ਦੂਜੇ ਪਾਸੇ, ਵਿਰੋਧ ਕਰਨ ਵਾਲੇ ਕਹਿੰਦੇ ਹਨ ਕਿ ਜੇ ਡੇਲਾਈਟ ਸੇਵਿੰਗ ਟਾਈਮ ਸਥਾਈ ਹੋ ਗਿਆ, ਤਾਂ ਸਰਦੀਆਂ ਵਿਚ ਸੂਰਜ ਕਾਫ਼ੀ ਦੇਰ ਨਾਲ ਚੜ੍ਹੇਗਾ ਅਤੇ ਬਹੁਤ ਸਾਰੇ ਬੱਚਿਆਂ ਨੂੰ ਹਨੇਰੇ ਵਿਚ ਸਕੂਲ ਜਾਣਾ ਪਵੇਗਾ।

ਜੇਕਰ ਇਹ ਬਿੱਲ ਹਾਊਸ ਵਿਚ ਪਾਸ ਹੋ ਜਾਂਦਾ ਹੈ, ਤਾਂ ਇਸ ਨੂੰ ਦੁਬਾਰਾ ਸੈਨੇਟ ਦੀ ਮਨਜ਼ੂਰੀ ਦੀ ਲੋੜ ਹੋਵੇਗੀ। ਇਸ ਤੋਂ ਬਾਅਦ ਹੀ ਇਹ ਕਾਨੂੰਨ ਬਣ ਸਕੇਗਾ। ਇਸ ਲਈ ਫਿਲਹਾਲ ਅਮਰੀਕਾ ਵਿਚ ਸਾਲ ਵਿਚ ਦੋ ਵਾਰ ਘੜੀਆਂ ਬਦਲਣ ਦੀ ਪ੍ਰਥਾ ਜਾਰੀ ਰਹੇਗੀ, ਪਰ ਇਸ ਨੂੰ ਖਤਮ ਕਰਨ ਦੀ ਕੋਸ਼ਿਸ਼ ਇੱਕ ਵਾਰ ਫਿਰ ਤੇਜ਼ ਹੋ ਗਈ ਹੈ।



# ਹਾਈਕੋਰਟ ਵੱਲੋਂ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਪਟੀਸ਼ਨ ਲਈ ਪ੍ਰਕਿਰਿਆ ਤੈਅ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਹੱਤਿਆਕਾਂਡ ਮਾਮਲੇ ਦੇ ਦੋਸ਼ੀ ਭਾਈ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਅਰਜ਼ੀ ਦਾ ਫ਼ੈਸਲਾ ਕਰਨ ਲਈ ਸਮਾਂ-ਬੱਧ ਪ੍ਰਕਿਰਿਆ ਨਿਰਧਾਰਤ ਕੀਤੀ ਹੈ।

ਬੈਂਚ ਨੇ ਸਾਫ਼ ਕਰ ਦਿੱਤਾ ਹੈ ਕਿ ਪੈਰੋਲ ਦੀ ਅਰਜ਼ੀ 'ਤੇ ਫ਼ੈਸਲਾ ਅਖ਼ੀਰ ਵਿਚ ਮੰਡੋਲੀ ਦੀ ਕੇਂਦਰੀ ਜੇਲ੍ਹ ਨੰਬਰ 15 ਦੇ ਸੁਪਰਡੈਂਟ ਹੀ ਲੈਣਗੇ। ਇਹ ਗੱਲ ਉਦੋਂ ਕਹੀ ਗਈ, ਜਦੋਂ ਅਦਾਲਤ ਨੂੰ ਦੱਸਿਆ ਗਿਆ ਕਿ ਪੈਰੋਲ ਦੀ ਬੇਨਤੀ 'ਤੇ ਫ਼ੈਸਲਾ ਲੈਣ ਦਾ ਅਧਿਕਾਰ ਉਸ ਜੇਲ੍ਹ ਦੇ ਸੁਪਰਡੈਂਟ ਕੋਲ ਹੁੰਦਾ ਹੈ, ਜਿੱਥੇ ਦੋਸ਼ੀ ਇਸ ਵੇਲੇ ਬੰਦ ਹੈ, ਨਾ ਕਿ ਚੰਡੀਗੜ੍ਹ ਪ੍ਰਸ਼ਾਸਨ ਕੋਲ।

ਜਸਟਿਸ ਵਿਨੋਦ ਐੱਸ. ਭਾਰਦਵਾਜ ਅਤੇ ਜਸਟਿਸ ਸੁਖਵਿੰਦਰ ਕੌਰ ਦੇ ਡਿਵੀਜ਼ਨ ਬੈਂਚ ਨੇ ਨੋਟ ਕੀਤਾ ਕਿ ਹਵਾਰਾ ਇਸ ਸਮੇਂ ਨਵੀਂ ਦਿੱਲੀ ਦੀ ਕੇਂਦਰੀ ਜੇਲ੍ਹ ਨੰਬਰ 15, ਮੰਡੋਲੀ ਵਿਚ ਆਪਣੀ ਸਜ਼ਾ ਭੁਗਤ ਰਿਹਾ ਹੈ। ਉਸ ਨੂੰ ਗ੍ਰਹਿ ਮੰਤਰਾਲੇ ਵੱਲੋਂ ਜੇਲ੍ਹ ਤੋੜ ਕੇ ਭੱਜਣ ਦੀ ਇੱਕ ਘਟਨਾ ਤੋਂ ਬਾਅਦ ਇੱਥੇ ਸ਼ਿਫਟ ਕੀਤਾ ਗਿਆ ਸੀ। ਉਸ ਘਟਨਾ ਦੌਰਾਨ ਉਹ ਹਿਰਾਸਤ ਵਿਚੋਂ ਫ਼ਰਾਰ ਹੋ ਗਿਆ ਸੀ ਅਤੇ ਦੁਬਾਰਾ ਫੜੇ ਜਾਣ ਤੱਕ ਭਗੌੜਾ ਰਿਹਾ ਸੀ।

**ਹਵਾਰਾ ਨੇ ਬਿਮਾਰ ਮਾਂ ਦੀ ਦੇਖਭਾਲ ਲਈ ਮੰਗੀ ਹੈ 4 ਹਫ਼ਤਿਆਂ ਦੀ ਪੈਰੋਲ**



ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਵੱਲੋਂ ਪੇਸ਼ ਹੋਏ ਸਰਕਾਰੀ ਵਕੀਲ ਨੇ ਦਲੀਲ ਦਿੱਤੀ ਕਿ ਚੰਡੀਗੜ੍ਹ 'ਤੇ ਲਾਗੂ ਹੁੰਦੇ 'ਪੰਜਾਬ ਗੁੱਡ ਕੰਡਕਟ ਪ੍ਰਿਜ਼ਨਰਜ਼ (ਟੈਂਪਰੇਰੀ ਰਿਲੀਜ਼) ਐਕਟ' ਦੇ ਤਹਿਤ "ਕਿਸੇ ਦੋਸ਼ੀ ਦੀ ਆਰਜ਼ੀ ਰਿਹਾਈ (ਪੈਰੋਲ) ਬਾਰੇ ਫ਼ੈਸਲਾ ਉਸ ਜੇਲ੍ਹ ਦੇ ਸੁਪਰਡੈਂਟ ਵੱਲੋਂ ਲਿਆ ਜਾਣਾ ਹੁੰਦਾ ਹੈ, ਜਿੱਥੇ ਦੋਸ਼ੀ ਆਪਣੀ ਸਜ਼ਾ ਕੱਟ ਰਿਹਾ ਹੈ"।

ਹਵਾਰਾ ਇਸ ਵੇਲੇ ਮੰਡੋਲੀ ਜੇਲ੍ਹ ਵਿਚ ਬੰਦ ਹੈ, ਇਸ ਲਈ ਚੰਡੀਗੜ੍ਹ ਪ੍ਰਸ਼ਾਸਨ ਪੈਰੋਲ ਦੀ ਅਰਜ਼ੀ 'ਤੇ ਫ਼ੈਸਲਾ ਕਰਨ ਲਈ ਅਧਿਕਾਰਤ ਸੰਸਥਾ ਨਹੀਂ ਹੈ।

ਕੇਂਦਰ ਸ਼ਾਸਿਤ ਪ੍ਰਦੇਸ਼ ਨੇ 'ਦਿੱਲੀ ਜੇਲ੍ਹ ਨਿਯਮ, 2018' ਦਾ ਵੀ ਹਵਾਲਾ ਦਿੱਤਾ ਅਤੇ ਕਿਹਾ ਕਿ ਨਿਯਮਾਂ ਅਨੁਸਾਰ, "ਦੇਸ਼ਧ੍ਰੋਹ, ਅੱਤਵਾਦੀ ਗਤੀਵਿਧੀਆਂ 'ਚ ਸ਼ਾਮਲ ਦੋਸ਼ੀਆਂ ਅਤੇ ਜੇਲ੍ਹ ਵਿਚੋਂ ਭੱਜਣ ਦੀ ਕੋਸ਼ਿਸ਼ ਕਰਨ ਵਾਲਿਆਂ" ਨੂੰ ਪੈਰੋਲ ਨਹੀਂ ਦਿੱਤੀ ਜਾਵੇਗੀ। ਹਾਲਾਂਕਿ, ਉਨ੍ਹਾਂ ਨੇ ਇਹ ਵੀ ਕਿਹਾ ਕਿ ਪੈਰੋਲ ਅਰਜ਼ੀ 'ਤੇ ਫ਼ੈਸਲਾ ਕਰਦੇ ਸਮੇਂ ਯੋਗਤਾ ਦੀ ਜਾਂਚ ਕਰਨਾ ਵੀ ਮੰਡੋਲੀ ਦੀ ਕੇਂਦਰੀ ਜੇਲ੍ਹ ਨੰਬਰ 15 ਦੇ ਸੁਪਰਡੈਂਟ ਦਾ ਹੀ ਕੰਮ ਹੈ। ਬੈਂਚ ਨੇ ਹੁਕਮ ਦਿੱਤਾ, "ਮੰਡੋਲੀ ਦੀ ਕੇਂਦਰੀ ਜੇਲ੍ਹ ਨੰਬਰ 15 ਦੇ ਸੁਪਰਡੈਂਟ, ਪਟੀਸ਼ਨਕਰਤਾ ਦੀ ਪੈਰੋਲ ਦੀ ਅਰਜ਼ੀ ਨੂੰ ਇੱਕ ਹਫ਼ਤੇ ਦੇ ਅੰਦਰ ਚੰਡੀਗੜ੍ਹ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਗ੍ਰਹਿ ਸਕੱਤਰ ਨੂੰ ਭੇਜਣਗੇ।"

ਬੈਂਚ ਨੇ ਨਿਰਦੇਸ਼ ਦਿੱਤਾ, "ਅਰਜ਼ੀ ਮਿਲਣ ਤੋਂ ਬਾਅਦ, ਚੰਡੀਗੜ੍ਹ ਕੇਂਦਰ ਸ਼ਾਸਿਤ ਪ੍ਰਦੇਸ਼ ਕਾਨੂੰਨ ਦੇ ਅਨੁਸਾਰ ਅਗਲੇ ਚਾਰ ਹਫ਼ਤਿਆਂ ਦੇ ਅੰਦਰ ਮੰਡੋਲੀ ਦੀ ਕੇਂਦਰੀ ਜੇਲ੍ਹ ਨੰਬਰ 15 ਦੇ ਸੁਪਰਡੈਂਟ ਨੂੰ ਆਪਣੀ ਟਿੱਪਣੀ/ਸਿਫ਼ਾਰਸ਼ਾਂ ਸੌਂਪੇਗਾ।"

ਬੈਂਚ ਨੇ ਇਹ ਵੀ ਕਿਹਾ, "ਟਿੱਪਣੀ/ਸਿਫ਼ਾਰਸ਼ ਮਿਲਣ ਤੋਂ ਬਾਅਦ, ਮੰਡੋਲੀ ਦੀ ਕੇਂਦਰੀ ਜੇਲ੍ਹ ਨੰਬਰ 15 ਦੇ ਸੁਪਰਡੈਂਟ ਉਸ ਤੋਂ ਬਾਅਦ ਦੋ ਹਫ਼ਤਿਆਂ ਦੇ ਅੰਦਰ ਪੈਰੋਲ ਅਰਜ਼ੀ 'ਤੇ ਫ਼ੈਸਲਾ ਲੈਣਗੇ।"

## ਈ.ਡੀ. ਵੱਲੋਂ ਜ਼ਬਤ ਸਾਈਟਾਂ 'ਤੇ ਮੁੜ ਮਾਈਨਿੰਗ ਦੇ ਸ਼ੱਕ 'ਚ ਛਾਪੇ




**ਰੋਪੜ, (ਪੰਜਾਬ ਮੇਲ)-** ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਨੰਗਲ ਸਬ-ਡਿਵੀਜ਼ਨ ਦੇ ਮਜਾਰੀ ਅਤੇ ਭੱਲਣ ਸਮੇਤ ਕਈ ਥਾਵਾਂ 'ਤੇ ਛਾਪੇ ਮਾਰ ਕੇ ਪਹਿਲਾਂ ਜ਼ਬਤ ਕੀਤੀਆਂ ਜਾਇਦਾਦਾਂ ਦਾ ਨਿਰੀਖਣ ਕੀਤਾ। ਸੂਤਰਾਂ ਅਨੁਸਾਰ ਇਨ੍ਹਾਂ ਸਾਈਟਾਂ 'ਤੇ ਮੁੜ ਗ਼ੈਰ-ਕਾਨੂੰਨੀ ਮਾਈਨਿੰਗ ਹੋਣ ਦਾ ਸ਼ੱਕ ਹੈ।

ਈ.ਡੀ. ਨੇ ਰਿਕਾਰਡਾਂ ਦੀ ਜਾਂਚ ਕੀਤੀ, ਜਦਕਿ ਸਥਾਨਕ ਪ੍ਰਸ਼ਾਸਨ ਪਹਿਲਾਂ ਹੀ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਚੁੱਕਾ ਹੈ। ਇਸ ਤੋਂ ਪਹਿਲਾਂ ਏਜੰਸੀ ਨੰਗਲ, ਨੂਰਪੁਰ ਬੇਦੀ, ਗੜ੍ਹਸ਼ੰਕਰ ਅਤੇ ਮਾਛੀਵਾੜਾ ਵਿਚ ਕਰੀਬ 250 ਕਨਾਲ ਜ਼ਮੀਨ ਜ਼ਬਤ ਕਰ ਚੁੱਕੀ ਹੈ, ਜਿਸ ਨੂੰ ਗ਼ੈਰ-ਕਾਨੂੰਨੀ ਮਾਈਨਿੰਗ ਦੀ ਕਮਾਈ ਨਾਲ ਖਰੀਦਿਆ ਗਿਆ ਹੋਣ ਦਾ ਦੋਸ਼ ਹੈ।

# ਈ.ਡੀ. ਵੱਲੋਂ 'ਆਪ' ਵਿਧਾਇਕ ਸੰਜੀਵ ਅਰੋੜਾ ਖਿਲਾਫ਼ ਚਾਰਜਸ਼ੀਟ ਦਾਇਰ



**ਚੰਡੀਗੜ੍ਹ, (ਪੰਜਾਬ ਮੇਲ)-** ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਪੰਜਾਬ ਦੇ ਸਾਬਕਾ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਸੰਜੀਵ ਅਰੋੜਾ ਵਿਰੁੱਧ ਕਥਿਤ ਫਰਜ਼ੀ ਆਈਫੋਨ ਨਿਰਯਾਤ ਅਤੇ ਮਨੀ ਲਾਂਡਰਿੰਗ ਮਾਮਲੇ ਵਿਚ ਵਿਸ਼ੇਸ਼ ਅਦਾਲਤ ਅੱਗੇ ਚਾਰਜਸ਼ੀਟ ਦਾਇਰ ਕੀਤੀ ਹੈ। ਈ.ਡੀ. ਨੇ ਉਨ੍ਹਾਂ ਨੂੰ ਕਥਿਤ ਘੁਟਾਲੇ ਦਾ ਮੁੱਖ ਸੂਤਰਧਾਰ ਦੱਸਿਆ ਹੈ। ਇਹ ਦੋਸ਼ ਜਾਂਚ ਏਜੰਸੀ ਦੇ ਹਨ ਅਤੇ ਹਾਲੇ ਅਦਾਲਤ ਵਿਚ ਸਾਬਤ ਹੋਣੇ ਬਾਕੀ ਹਨ।

ਈ.ਡੀ. ਦਾ ਦਾਅਵਾ ਹੈ ਕਿ ਹੈਮਪਟਨ ਸਕਾਈ ਰਿਐਲਟੀ ਲਿਮਟਿਡ ਨੇ ਸ਼ੈੱਲ ਕੰਪਨੀਆਂ ਅਤੇ ਫਰਜ਼ੀ ਦਸਤਾਵੇਜ਼ਾਂ ਦੀ ਮਦਦ ਨਾਲ ਮੋਬਾਈਲ ਫੋਨਾਂ ਦੇ ਕਾਲਪਨਿਕ ਨਿਰਯਾਤ ਦਿਖਾ ਕੇ ਜੀ.ਐੱਸ.ਟੀ. ਲਾਭ ਅਤੇ ਨਿਰਯਾਤ ਰਕਮ ਹਾਸਲ ਕੀਤੀ। ਜਾਂਚ ਅਨੁਸਾਰ 43 ਸ਼ਿਪਿੰਗ ਬਿੱਲਾਂ ਰਾਹੀਂ 102.99 ਕਰੋੜ ਰੁਪਏ ਦੀ ਕਥਿਤ ਅਪਰਾਧਿਕ ਕਮਾਈ ਦਾ ਪਤਾ ਲੱਗਾ ਹੈ।

ਚਾਰਜਸ਼ੀਟ ਵਿਚ ਕਿਹਾ ਗਿਆ ਹੈ ਕਿ ਕੰਪਨੀ ਦੇ ਕਰਮਚਾਰੀਆਂ ਨੇ ਮੰਨਿਆ ਕਿ ਉਨ੍ਹਾਂ ਨੇ ਮੋਬਾਈਲ ਫੋਨਾਂ ਦੀ ਅਸਲ ਸਪਲਾਈ ਜਾਂ ਸਟੋਰੇਜ ਨਹੀਂ ਦੇਖੀ ਅਤੇ ਜ਼ਿਆਦਾਤਰ ਕਾਰਵਾਈ ਸਿਰਫ਼ ਕਾਗਜ਼ੀ ਦਸਤਾਵੇਜ਼ਾਂ ਤੱਕ ਸੀਮਤ ਰਹੀ। ਈ.ਡੀ. ਦਾ ਇਹ ਵੀ ਦਾਅਵਾ ਹੈ ਕਿ ਸੰਜੀਵ ਅਰੋੜਾ ਮੋਬਾਈਲ ਡਿਵੀਜ਼ਨ ਦੇ ਬੈਂਕ ਖਾਤੇ ਦੇ ਅਧਿਕਾਰਤ ਹਸਤਾਖਰਕਰਤਾ ਸਨ, ਜਿਸ ਵਿਚ ਲਗਭਗ 102.50 ਕਰੋੜ ਰੁਪਏ ਦੀ ਕਥਿਤ ਨਿਰਯਾਤ ਰਕਮ ਆਈ।

ਅਰੋੜਾ 9 ਮਈ 2026 ਤੋਂ ਨਿਆਂਇਕ ਹਿਰਾਸਤ ਵਿਚ ਹਨ ਅਤੇ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਹਾਈ ਕੋਰਟ ਵਿਚ ਵਿਚਾਰ ਅਧੀਨ ਹੈ। ਦੂਜੇ ਪਾਸੇ, ਹੈਮਪਟਨ ਸਕਾਈ ਰਿਐਲਟੀ ਨੇ ਈ.ਡੀ. ਦੇ ਸਾਰੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਕੰਪਨੀ ਵੱਲੋਂ ਕੀਤੇ ਗਏ ਨਿਰਯਾਤ ਪੂਰੀ ਤਰ੍ਹਾਂ ਅਸਲੀ ਅਤੇ ਕਾਨੂੰਨੀ ਸਨ। ਅੰਤਿਮ ਫੈਸਲਾ ਅਦਾਲਤ ਵੱਲੋਂ ਸਬੂਤਾਂ ਦੇ ਆਧਾਰ 'ਤੇ ਕੀਤਾ ਜਾਵੇਗਾ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ICE ਦੀ ਵੱਡੀ ਕਾਰਵਾਈ: ਬੱਚਿਆਂ ਨਾਲ ਜਿਨਸੀ ਅਪਰਾਧ, ਹਿੰਸਕ ਹਮਲੇ ਅਤੇ ਨਸ਼ਿਆਂ ਦੇ ਦੋਸ਼ੀਆਂ ਸਮੇਤ ਕਈ ਗੈਰ-ਕਾਨੂੰਨੀ ਪਰਵਾਸੀ ਗ੍ਰਿਫ਼ਤਾਰ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE) ਨੇ ਦੇਸ਼ ਭਰ ਵਿਚ ਇੱਕ ਹੋਰ ਵੱਡੀ ਕਾਰਵਾਈ ਕਰਦਿਆਂ ਅਜਿਹੇ ਕਈ ਗੈਰ-ਕਾਨੂੰਨੀ ਪਰਵਾਸੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਐਲਾਨ ਕੀਤਾ ਹੈ, ਜਿਨ੍ਹਾਂ ਨੂੰ ਬੱਚਿਆਂ ਨਾਲ ਜਿਨਸੀ ਅਪਰਾਧ, ਹਿੰਸਕ ਹਮਲਿਆਂ, ਨਸ਼ਿਆਂ ਨਾਲ ਸਬੰਧਤ ਅਪਰਾਧਾਂ ਅਤੇ ਹੋਰ ਗੰਭੀਰ ਮਾਮਲਿਆਂ ਵਿਚ ਦੋਸ਼ੀ ਠਹਿਰਾਇਆ ਜਾ ਚੁੱਕਾ ਸੀ।

ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਮੁਤਾਬਕ ਇਹ ਕਾਰਵਾਈ ਟਰੰਪ ਪ੍ਰਸ਼ਾਸਨ ਦੀ ਉਸ ਨੀਤੀ ਦਾ ਹਿੱਸਾ ਹੈ, ਜਿਸ ਤਹਿਤ ਅਪਰਾਧਿਕ ਰਿਕਾਰਡ ਵਾਲੇ ਗੈਰ-ਕਾਨੂੰਨੀ ਪਰਵਾਸੀਆਂ ਨੂੰ ਪਹਿਲ ਦੇ ਆਧਾਰ 'ਤੇ ਗ੍ਰਿਫ਼ਤਾਰ ਕਰਕੇ ਦੇਸ਼ ਤੋਂ ਬਾਹਰ ਭੇਜਿਆ ਜਾ ਰਿਹਾ ਹੈ।

ਕਾਰਜਕਾਰੀ ਸਹਾਇਕ ਸਕੱਤਰ ਲੌਰੇਨ ਬਿਸ ਨੇ ਕਿਹਾ ਕਿ ਆਈਸ ਦੇ ਅਧਿਕਾਰੀ ਹਰ ਰੋਜ਼ ਅਮਰੀਕੀ ਭਾਈਚਾਰਿਆਂ ਨੂੰ ਸੁਰੱਖਿਅਤ ਬਣਾਉਣ ਲਈ ਸਭ ਤੋਂ ਖ਼ਤਰਨਾਕ ਅਪਰਾਧੀਆਂ ਨੂੰ ਹਿਰਾਸਤ ਵਿਚ ਲੈ ਰਹੇ ਹਨ। ਉਨ੍ਹਾਂ ਦਾ ਦਾਅਵਾ ਸੀ ਕਿ ਅਮਰੀਕੀ ਲੋਕ ਵੱਡੀ ਗਿਣਤੀ ਵਿਚ ਅਪਰਾਧਿਕ ਰਿਕਾਰਡ ਵਾਲੇ ਗੈਰ-ਕਾਨੂੰਨੀ ਪਰਵਾਸੀਆਂ ਦੀ ਦੇਸ਼ ਨਿਕਾਲੇ ਦੀ ਕਾਰਵਾਈ ਦਾ




ਸਮਰਥਨ ਕਰਦੇ ਹਨ।

ਆਈਸ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਲੋਕਾਂ ਵਿਚ ਮੈਕਸੀਕੋ ਦਾ ਯੂਰੀਅਲ ਕਾਸਟਾਨੇਡਾ-ਪੇਨਾਲੋਜ਼ਾ ਵੀ ਸ਼ਾਮਲ ਹੈ, ਜਿਸ ਨੂੰ ਕੈਲੀਫ਼ੋਰਨੀਆ ਦੇ ਬੇਕਰਜ਼ਫ਼ੀਲਡ ਵਿਚ 14 ਸਾਲ ਤੋਂ ਘੱਟ ਉਮਰ ਦੇ ਬੱਚੇ ਨਾਲ ਜਿਨਸੀ ਅਪਰਾਧ ਲਈ ਦੋਸ਼ੀ ਕਰਾਰ ਦਿੱਤਾ ਗਿਆ ਸੀ।

ਲਾਓਸ ਦੇ ਚਾ ਹਰ ਨੂੰ ਫਰਿਜ਼ਨੋ (ਕੈਲੀਫ਼ੋਰਨੀਆ) ਵਿਚ 14 ਸਾਲ ਤੋਂ ਘੱਟ ਉਮਰ ਦੇ ਬੱਚੇ ਨਾਲ ਜਿਨਸੀ ਅਪਰਾਧ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਉਸ ਨੂੰ ਵੀ ਆਈਸ ਨੇ ਹਿਰਾਸਤ ਵਿਚ ਲਿਆ ਹੈ।

ਐਲ ਸਲਵਾਡੋਰ ਦੇ ਰੋਨਾਲਡ ਫ਼ਲੋਰਸ-ਕਾਡਿਜ਼ ਨੂੰ ਨਾਰਥ ਕੈਰੋਲੀਨਾ ਦੇ ਵੇਕ ਕਾਊਂਟੀ ਵਿੱਚ ਬੱਚੇ ਨਾਲ ਅਸ਼ਲੀਲ ਹਰਕਤਾਂ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਸੀ।

ਇਸ ਤੋਂ ਇਲਾਵਾ ਮੈਕਸੀਕੋ ਦੇ ਜੇਸਸ ਰੋਹਾਸ-ਸਾਂਟਾਕਰੂਜ਼ ਨੂੰ ਐਰੀਜ਼ੋਨਾ ਦੇ ਮੈਰਿਕੋਪਾ ਕਾਊਂਟੀ ਵਿਚ ਗੰਭੀਰ ਹਮਲੇ ਦੇ ਮਾਮਲੇ ਵਿਚ ਸਜ਼ਾ ਮਿਲ ਚੁੱਕੀ ਸੀ।

ਟੈਨੇਸੀ ਵਿਚ ਗ੍ਰਿਫ਼ਤਾਰ ਕੀਤੇ ਗਏ ਮੈਕਸੀਕੋ ਦੇ ਫਿਡੈਂਸੀਓ ਲੋਪੇਜ਼-ਮੇਂਡੇਜ਼ 'ਤੇ ਨਸ਼ਿਆਂ ਦੇ ਪ੍ਰਭਾਵ ਹੇਠ ਵਾਹਨ ਚਲਾਉਣ, ਪੁਲਿਸ ਤੋਂ ਭੱਜਣ, ਕੋਕੀਨ ਰੱਖਣ, ਨਸ਼ਿਆਂ ਨਾਲ ਸਬੰਧਤ ਸਾਮਾਨ ਰੱਖਣ ਅਤੇ ਦੋ ਵਾਰ ਮਾਰੀਜੁਆਨਾ ਰੱਖਣ ਦੇ ਦੋਸ਼ ਸਾਬਤ ਹੋ ਚੁੱਕੇ ਸਨ।

ਡੀ.ਐੱਚ.ਐੱਸ. ਨੇ ਕਿਹਾ ਹੈ ਕਿ ਅਜਿਹੇ ਅਪਰਾਧਿਕ ਰਿਕਾਰਡ ਵਾਲੇ ਗੈਰ-ਕਾਨੂੰਨੀ ਪਰਵਾਸੀਆਂ ਖ਼ਿਲਾਫ਼ ਕਾਰਵਾਈ ਜਾਰੀ ਰਹੇਗੀ ਅਤੇ ਆਈਸ ਦੇਸ਼ ਭਰ ਵਿਚ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਇਸ ਤਰ੍ਹਾਂ ਦੇ ਵਿਸ਼ੇਸ਼ ਅਭਿਆਨ ਚਲਾਉਂਦੀ ਰਹੇਗੀ।

ਸਰਕਾਰ ਨੇ ਇਹ ਵੀ ਕਿਹਾ ਹੈ ਕਿ ਲੋਕ ਆਪਣੇ ਇਲਾਕੇ ਵਿਚ ਗ੍ਰਿਫ਼ਤਾਰ ਕੀਤੇ ਗਏ ਅਪਰਾਧਿਕ ਪਰਵਾਸੀਆਂ ਬਾਰੇ ਜਾਣਕਾਰੀ ਡੀ.ਐੱਚ.ਐੱਸ. ਦੀ ਅਧਿਕਾਰਤ ਵੈੱਬਸਾਈਟ ਰਾਹੀਂ ਵੀ ਦੇਖ ਸਕਦੇ ਹਨ।

ਇਹ ਜਾਣਕਾਰੀ ਡੀ.ਐੱਚ.ਐੱਸ./ਆਈਸ ਵੱਲੋਂ ਜਾਰੀ ਅਧਿਕਾਰਤ ਪ੍ਰੈੱਸ ਰਿਲੀਜ਼ 'ਤੇ ਆਧਾਰਿਤ ਹੈ। ਇਸ ਵਿਚ ਦਰਸਾਏ ਗਏ ਦੋਸ਼ ਅਤੇ ਵੇਰਵੇ ਸਰਕਾਰੀ ਏਜੰਸੀਆਂ ਦੇ ਬਿਆਨਾਂ ਅਨੁਸਾਰ ਹਨ।

# ਜਾਅਲੀ ਯੂ-ਵੀਜ਼ਾ ਘੁਟਾਲਾ: ਚਾਰ ਸਾਬਕਾ ਪੁਲਿਸ ਮੁਖੀਆਂ ਸਮੇਤ ਪੰਜ ਨੇ ਦੋਸ਼ ਕੀਤੇ ਕਬੂਲ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਯੂ-ਵੀਜ਼ਾ ਪ੍ਰੋਗਰਾਮ ਨਾਲ ਜੁੜੇ ਇੱਕ ਵੱਡੇ ਧੋਖਾਧੜੀ ਮਾਮਲੇ ਵਿਚ ਚਾਰ ਸਾਬਕਾ ਪੁਲਿਸ ਮੁਖੀਆਂ ਸਮੇਤ ਪੰਜ ਸਾਬਕਾ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੇ ਸੰਘੀ ਅਦਾਲਤ ਵਿਚ ਆਪਣੇ ਦੋਸ਼ ਕਬੂਲ ਕਰ ਲਏ ਹਨ। ਸਰਕਾਰੀ ਵਕੀਲਾਂ ਅਨੁਸਾਰ ਇਹ ਸਾਜ਼ਿਸ਼ ਕਰੀਬ ਇੱਕ ਦਹਾਕੇ ਤੱਕ ਚੱਲਦੀ ਰਹੀ, ਜਿਸ ਦੌਰਾਨ ਵਿਦੇਸ਼ੀ ਨਾਗਰਿਕਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਯੂ-ਵੀਜ਼ਾ ਦਿਵਾਉਣ ਲਈ ਜਾਅਲੀ ਹਥਿਆਰਬੰਦ ਲੁੱਟ ਦੀਆਂ ਰਿਪੋਰਟਾਂ ਤਿਆਰ ਕੀਤੀਆਂ ਗਈਆਂ। ਮਾਮਲੇ ਦਾ ਮੁੱਖ ਦੋਸ਼ੀ ਸਾਬਕਾ ਪੁਲਿਸ ਅਧਿਕਾਰੀ ਗਲਿਨ ਡਿਕਸਨ ਹੈ। ਉਸ ਦੇ ਨਾਲ ਚੰਦਰਕਾਂਤ ਪਟੇਲ, ਚੈਡ ਡੋਇਲ, ਮਾਈਕਲ ਸਲੇਨੀ ਅਤੇ ਟੇਬੋ ਓਨੀਸ਼ੀਆ ਨੇ ਵੀ ਸਾਜ਼ਿਸ਼ ਵਿਚ ਆਪਣੀ ਭੂਮਿਕਾ ਮੰਨ ਲਈ ਹੈ। ਇਨ੍ਹਾਂ ਸਾਰਿਆਂ ਖ਼ਿਲਾਫ਼ 2 ਜੁਲਾਈ 2025 ਨੂੰ ਦੋਸ਼ ਆਇਦ ਕੀਤੇ ਗਏ ਸਨ। ਜਾਂਚ ਮੁਤਾਬਕ ਦੋਸ਼ੀਆਂ ਨੇ ਅਜਿਹੇ ਵਿਦੇਸ਼ੀ ਨਾਗਰਿਕਾਂ ਲਈ ਜਾਅਲੀ ਅਪਰਾਧਿਕ ਰਿਪੋਰਟਾਂ ਅਤੇ ਦਸਤਾਵੇਜ਼ ਤਿਆਰ ਕੀਤੇ, ਜਿਨ੍ਹਾਂ ਦੇ ਆਧਾਰ 'ਤੇ ਯੂ-ਵੀਜ਼ਾ ਲਈ ਅਰਜ਼ੀਆਂ ਦਾਇਰ ਕੀਤੀਆਂ ਗਈਆਂ। ਯੂ-ਵੀਜ਼ਾ ਉਨ੍ਹਾਂ ਵਿਦੇਸ਼ੀ ਨਾਗਰਿਕਾਂ ਨੂੰ ਦਿੱਤਾ ਜਾਂਦਾ ਹੈ, ਜੋ ਅਮਰੀਕਾ ਵਿਚ ਕੁਝ ਗੰਭੀਰ ਅਪਰਾਧਾਂ ਦੇ ਸ਼ਿਕਾਰ ਹੋਏ ਹੋਣ ਅਤੇ ਜਾਂਚ ਜਾਂ ਮੁਕੱਦਮੇ ਵਿਚ ਪੁਲਿਸ ਦੀ ਮਦਦ ਕਰਨ ਲਈ ਤਿਆਰ ਹੋਣ।

# ਡਰੱਗਜ਼ ਸਮੱਗਲਿੰਗ ਦੇ ਦੋਸ਼ਾਂ ਹੇਠ ਸਾਬਕਾ ਅਫ਼ਗਾਨ ਜਨਰਲ ਅਮਰੀਕਾ ਹਵਾਲੇ

**ਨਿਊਯਾਰਕ, (ਪੰਜਾਬ ਮੇਲ)-** ਅਫ਼ਗਾਨਿਸਤਾਨ ਦੇ ਸਾਬਕਾ ਜਨਰਲ ਅਤੇ ਨੈਸ਼ਨਲ ਅਸੈਂਬਲੀ ਦੇ ਸਾਬਕਾ ਮੈਂਬਰ ਅਬਦੁਲ ਜ਼ਾਹਿਰ ਕਾਦਿਰ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਹਥਿਆਰਾਂ ਨਾਲ ਸਬੰਧਤ ਗੰਭੀਰ ਦੋਸ਼ਾਂ ਦਾ ਸਾਹਮਣਾ ਕਰਨ ਲਈ ਕੀਨੀਆ ਤੋਂ ਅਮਰੀਕਾ ਹਵਾਲੇ ਕਰ ਦਿੱਤਾ ਗਿਆ ਹੈ। ਉਨ੍ਹਾਂ ਨੂੰ ਨਿਊਯਾਰਕ ਦੇ ਮੈਨਹੱਟਨ ਸਥਿਤ ਫੈਡਰਲ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੇ ਜੱਜ ਨੇ ਮੁਕੱਦਮੇ ਦੀ ਸੁਣਵਾਈ ਪੂਰੀ ਹੋਣ ਤੱਕ ਨਿਆਇਕ ਹਿਰਾਸਤ ਵਿਚ ਭੇਜਣ ਦੇ ਹੁਕਮ ਦਿੱਤੇ।


ਫੈਡਰਲ ਪ੍ਰੋਸੀਕਿਊਟਰਾਂ ਮੁਤਾਬਕ 52 ਸਾਲਾ ਕਾਦਿਰ ਨੂੰ 15 ਅਪ੍ਰੈਲ ਨੂੰ ਕੀਨੀਆ ਦੀ ਰਾਜਧਾਨੀ ਨੈਰੋਬੀ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤੋਂ ਬਾਅਦ ਕਾਨੂੰਨੀ ਕਾਰਵਾਈ ਪੂਰੀ ਹੋਣ ਉਪਰੰਤ ਉਨ੍ਹਾਂ ਨੂੰ ਅਮਰੀਕਾ ਹਵਾਲੇ ਕੀਤਾ ਗਿਆ। ਅਮਰੀਕੀ ਅਧਿਕਾਰੀਆਂ ਦਾ ਦੋਸ਼ ਹੈ ਕਿ ਕਾਦਿਰ ਨੇ ਹੈਰੋਇਨ ਅਤੇ ਮੈਥਾਮਫੇਟਾਮਾਈਨ ਦੀ ਅੰਤਰਰਾਸ਼ਟਰੀ ਤਸਕਰੀ ਦੀ ਸਾਜ਼ਿਸ਼ ਰਚੀ ਅਤੇ ਇਸ ਸਾਜ਼ਿਸ਼ ਨੂੰ ਅੰਜਾਮ ਦੇਣ ਲਈ ਹਥਿਆਰਾਂ ਨਾਲ ਜੁੜੀਆਂ ਗੈਰ-ਕਾਨੂੰਨੀ ਗਤੀਵਿਧੀਆਂ ਵਿਚ ਵੀ ਸ਼ਮੂਲੀਅਤ ਕੀਤੀ। ਜਾਂਚ ਏਜੰਸੀਆਂ ਦਾ ਕਹਿਣਾ ਹੈ ਕਿ ਕਾਦਿਰ ਅਫ਼ਗਾਨਿਸਤਾਨ ਦੀ ਬਾਰਡਰ ਫੋਰਸ ਵਿਚ ਜਨਰਲ ਰਹਿ ਚੁੱਕੇ ਹਨ ਅਤੇ ਦੇਸ਼ ਦੀ ਰਾਜਨੀਤੀ ਵਿਚ ਵੀ ਪ੍ਰਭਾਵਸ਼ਾਲੀ ਚਿਹਰਾ ਰਹੇ ਹਨ। ਉਹ ਅਫ਼ਗਾਨ ਸੰਸਦ ਦੇ ਹੇਠਲੇ ਸਦਨ ਹਾਊਸ ਆਫ਼ ਦ ਪੀਪਲ ਦੇ ਪਹਿਲੇ ਡਿਪਟੀ ਸਪੀਕਰ ਵਜੋਂ ਵੀ ਸੇਵਾ ਨਿਭਾ ਚੁੱਕੇ ਹਨ।

ਅਮਰੀਕੀ ਅਧਿਕਾਰੀਆਂ ਨੇ ਕਿਹਾ ਕਿ ਇਹ ਮਾਮਲਾ ਅੰਤਰਰਾਸ਼ਟਰੀ ਨਸ਼ਾ ਤਸਕਰੀ ਖ਼ਿਲਾਫ਼ ਚੱਲ ਰਹੀ ਕਾਰਵਾਈ ਦਾ ਹਿੱਸਾ ਹੈ। ਜੇਕਰ ਅਦਾਲਤ ਵਿਚ ਦੋਸ਼ ਸਾਬਤ ਹੋ ਜਾਂਦੇ ਹਨ, ਤਾਂ ਕਾਦਿਰ ਨੂੰ ਸਖ਼ਤ ਸਜ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਅਬਦੁਲ ਜ਼ਾਹਿਰ ਕਾਦਿਰ ਵਿਰੁੱਧ ਇਸ ਵੇਲੇ ਸਿਰਫ਼ ਦੋਸ਼ ਲਗਾਏ ਗਏ ਹਨ। ਅਦਾਲਤ ਵਿਚ ਦੋਸ਼ ਸਾਬਤ ਹੋਣ ਤੱਕ ਉਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਦੋਸ਼ੀ ਨਹੀਂ ਮੰਨਿਆ ਜਾਂਦਾ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com**

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

Designed By Punjab Mail USA

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

# 'ਅਪਰੇਸ਼ਨ ਹਾਰਡ ਬਾਲ': ਨਸ਼ਾ ਤਸਕਰੀ ਤੇ ਕਤਲ ਮਾਮਲੇ 'ਚ ਲੋੜੀਂਦਾ ਪੰਜਾਬੀ ਵਿਅਕਤੀ ਫਰਾਂਸ 'ਚ ਕਾਬੂ

ਵੈਨਕੂਵਰ, (ਪੰਜਾਬ ਮੇਲ)- ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਕਮਿਸ਼ਨਰ ਦੀ ਤਰਫ਼ੋਂ ਪੈਸਫਿਕ ਖੇਤਰ ਦੇ ਫੈਡਰਲ ਮੀਡੀਆ ਵੱਲੋਂ ਜਾਰੀ ਕੀਤੇ ਗਏ ਸੰਦੇਸ਼ ਵਿਚ ਦੱਸਿਆ ਗਿਆ ਹੈ ਕਿ 'ਅਪਰੇਸ਼ਨ ਹਾਰਡ ਬਾਲ' ਰਾਹੀਂ ਨਸ਼ਾ ਤਸਕਰੀ, ਹਿੰਸਾ ਅਤੇ ਕਤਲਾਂ ਦੇ ਮਾਮਲਿਆਂ ਵਿਚ ਸ਼ਾਮਲ ਵੈਸਟ ਵੈਨਕੂਵਰ ਦੇ ਰਹਿਣ ਵਾਲੇ ਗੁਰਿੰਦਰ ਸਿੰਘ ਦਿਓ (40) ਨੂੰ ਫਰਾਂਸ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਉਸਨੂੰ ਜਲਦ ਹੀ ਅਮਰੀਕਾ ਲਿਆਂਦਾ ਜਾ ਰਿਹਾ ਹੈ, ਜਿੱਥੇ ਉਹ ਸਾਂਝੇ ਜਾਂਚ ਦਲ ਵੱਲੋਂ ਲਗਾਏ ਗਏ ਸਾਰੇ ਦੋਸ਼ਾਂ ਦਾ ਸਾਹਮਣਾ ਕਰੇਗਾ। ਜਾਰੀ ਕੀਤੇ ਗਏ ਇਸ ਪ੍ਰੈੱਸ ਨੋਟ ਦੀ ਵਿਸ਼ੇਸ਼ਤਾ ਇਹ ਹੈ ਕਿ ਇਸਨੂੰ ਅੰਗਰੇਜ਼ੀ, ਫਰੈਂਚ, ਹਿੰਦੀ ਅਤੇ ਪੰਜਾਬੀ ਭਾਸ਼ਾਵਾਂ ਵਿਚ ਜਾਰੀ ਕੀਤਾ ਗਿਆ ਹੈ, ਜੋ ਕਿ ਕੈਨੇਡਾ ਦੀ ਕੇਂਦਰੀ ਪੁਲਿਸ ਵੱਲੋਂ ਪਹਿਲੀ ਵਾਰ

**■ ਹਵਾਲਗੀ ਦੀ ਪ੍ਰਕਿਰਿਆ ਸ਼ੁਰੂ**

ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਿੰਦਰ ਦਿਓ ਉਸੇ ਪਿੰਡੀ ਦਿਓ ਦੇ ਪਰਿਵਾਰ ਵਿਚੋਂ ਹੈ, ਜਿਸ ਦਾ ਨਾਂ ਪੰਜਾਬ ਦੇ ਚਰਚਿਤ 6 ਹਜ਼ਾਰ ਕਰੋੜ ਰੁਪਏ ਦੇ ਡਰੱਗ ਕਾਂਡ ਵਿਚ ਸਾਹਮਣੇ ਆਇਆ ਸੀ ਅਤੇ ਗੁਰਿੰਦਰ ਦੇ ਇੱਕ ਭਰਾ ਸੁੱਖ ਦਿਓ (34) ਦੀ ਕੁਝ ਸਾਲ ਪਹਿਲਾਂ ਟੋਰਾਂਟੋ ਵਿਚ ਹੱਤਿਆ ਕਰ ਦਿੱਤੀ ਗਈ ਸੀ।

ਸੂਤਰਾਂ ਅਨੁਸਾਰ ਪੁਲਿਸ ਗੁਰਿੰਦਰ ਦੇ ਦੋ ਭਰਾਵਾਂ ਅਤੇ ਹੋਰ ਨੇੜਲਿਆਂ ਨੂੰ ਹਿਰਾਸਤ ਵਿਚ ਲੈ ਕੇ ਪੁੱਛਗਿੱਛ ਕਰ ਰਹੀ ਹੈ ਅਤੇ ਪੁਲਿਸ ਦਾ ਦਾਅਵਾ ਹੈ ਕਿ ਗੁਰਿੰਦਰ ਦਿਓ, ਉਸਦੀ ਪਤਨੀ, ਭੈਣ ਅਤੇ ਜੀਜੇ ਦੀ ਮਾਲਕੀ ਵਾਲੇ 55 ਲੱਖ ਡਾਲਰ ਦੀ ਕੀਮਤ ਦੇ ਤਿੰਨ ਘਰ ਗੈਰ-ਕਾਨੂੰਨੀ ਕਮਾਈ ਨਾਲ ਬਣਾਏ ਗਏ ਹਨ, ਜਿਨ੍ਹਾਂ ਨੂੰ ਸਰਕਾਰੀ ਕਬਜ਼ੇ ਵਿਚ ਲਿਆ ਜਾਵੇਗਾ। ਇਸੇ ਕੇਸ ਵਿਚ ਫੜੇ ਗਏ ਰਵਿੰਦਰ ਢੰਡਾ, ਜਸਕਰਨ ਬਾਗੜੀ ਅਤੇ ਗੁਰਦੇਵ ਸਮਾਘ ਨੂੰ ਬੀ.ਸੀ. ਸੁਪਰੀਮ ਕੋਰਟ ਵਿਚ ਪੇਸ਼ ਕੀਤਾ ਗਿਆ, ਜਿੱਥੇ ਉਨ੍ਹਾਂ ਨੂੰ ਅਮਰੀਕਾ ਦੇ ਸਪੁਰਦ ਕਰਨ ਬਾਰੇ ਫੈਸਲਾ ਲਿਆ ਜਾਣਾ ਹੈ, ਪਰ ਜੱਜ ਨੇ ਸੁਣਵਾਈ ਕਰਨ ਦੇ ਬਾਵਜੂਦ ਅਜੇ ਫੈਸਲਾ ਰਾਖਵਾਂ ਰੱਖਿਆ ਹੈ ਅਤੇ ਮਾਮਲੇ ਨਾਲ ਸਬੰਧਤ ਹੋਰ ਜਾਣਕਾਰੀ ਨਸ਼ਰ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਹੋਰਮੁਜ਼ 'ਚ ਤੇਲ ਟੈਂਕਰਾਂ 'ਤੇ ਹਮਲੇ 'ਚ ਇੱਕ ਭਾਰਤੀ ਮਲਾਹ ਦੀ ਮੌਤ ਤੋਂ ਬਾਅਦ ਭਾਰਤ ਸਰਕਾਰ ਦਾ ਸਖ਼ਤ ਰੁਖ਼

ਨਵੀਂ ਦਿੱਲੀ, (ਪੰਜਾਬ ਮੇਲ)- ਹੋਰਮੁਜ਼ ਸਟ੍ਰੇਟ 'ਚ ਯੂ.ਏ.ਈ. ਦੇ ਦੋ ਤੇਲ ਟੈਂਕਰਾਂ 'ਤੇ ਹਮਲੇ 'ਚ ਇੱਕ ਭਾਰਤੀ ਮਲਾਹ ਦੀ ਮੌਤ ਤੋਂ ਬਾਅਦ ਭਾਰਤ ਸਰਕਾਰ ਨੇ ਸਖ਼ਤ ਰੁਖ਼ ਅਪਣਾਇਆ ਹੈ। ਕੇਂਦਰ ਸਰਕਾਰ ਨੇ ਨਵੀਂ ਦਿੱਲੀ 'ਚ ਈਰਾਨ ਦੇ ਡਿਪਟੀ ਚੀਫ਼ ਆਫ਼ ਮਿਸ਼ਨ, ਮੁਹੰਮਦ ਜਾਵੇਦ ਹੁਸੈਨੀ ਨੂੰ ਤਲਬ ਕਰਕੇ ਇਸ ਘਟਨਾ 'ਤੇ ਰਸਮੀ ਵਿਰੋਧ ਦਰਜ ਕਰਵਾਇਆ। ਵਿਦੇਸ਼ ਮੰਤਰਾਲੇ ਨੇ ਈਰਾਨੀ ਡਿਪਲੋਮੈਟ ਨੂੰ ਤਲਬ ਕੀਤਾ ਅਤੇ ਭਾਰਤੀ ਨਾਗਰਿਕ ਦੀ ਮੌਤ ਤੇ ਹੋਰ ਭਾਰਤੀਆਂ ਦੇ ਜ਼ਖ਼ਮੀ ਹੋਣ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ। ਹਾਲਾਂਕਿ, ਮੀਟਿੰਗ ਵਿਚ ਕੀ ਹੋਇਆ ਇਸ ਦੇ ਅਧਿਕਾਰਤ ਵੇਰਵੇ ਜਨਤਕ ਨਹੀਂ ਕੀਤੇ ਗਏ ਹਨ। ਰਿਪੋਰਟਾਂ ਅਨੁਸਾਰ, ਯੂ.ਏ.ਈ. ਦੇ ਦੋ ਤੇਲ ਟੈਂਕਰ, "ਮੋਮਬਾਸਾ" ਅਤੇ "ਅਲ ਬਾਹੀਆ", ਹੋਰਮੁਜ਼ ਸਟ੍ਰੇਟ ਦੇ ਦੱਖਣੀ ਰਸਤੇ ਤੋਂ ਲੰਘ ਰਹੇ ਸਨ, ਜਦੋਂ ਉਨ੍ਹਾਂ 'ਤੇ ਹਮਲਾ ਕੀਤਾ ਗਿਆ।

# ਮਿਸੀਸਾਗਾ 'ਚ ਵਾਹਨ ਚੋਰੀ ਗਿਰੋਹ ਖ਼ਿਲਾਫ਼ ਕਾਰਵਾਈ, ਪੰਜਾਬੀ ਨੌਜਵਾਨ ਨੇ ਪੁਲਿਸ ਅੱਗੇ ਕੀਤਾ ਸਰੈਂਡਰ

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਦੇ ਮਿਸੀਸਾਗਾ ਵਿਚ ਵਾਹਨ ਚੋਰੀ ਦੇ ਮਾਮਲਿਆਂ ਦੀ ਜਾਂਚ ਕਰ ਰਹੀ ਪੀਲ ਰੀਜਨਲ ਪੁਲਿਸ ਨੇ "ਪ੍ਰੋਜੈਕਟ ਟੇਲ ਲਾਈਟ" ਤਹਿਤ ਦੂਜੇ ਸ਼ੱਕੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਅਨੁਸਾਰ 23 ਸਾਲਾ ਗੁਰਜੀਤ ਸਿੰਘ ਵਿਰਕ ਨੇ ਖੁਦ ਪੁਲਿਸ ਅੱਗੇ ਸਰੈਂਡਰ ਕੀਤਾ, ਜਿਸ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਪੁਲਿਸ ਨੇ ਦੱਸਿਆ ਕਿ ਮਈ 2026 ਦੌਰਾਨ ਮਿਸੀਸਾਗਾ ਦੇ ਹੁਰੋਨਟਾਰੀਓ ਸਟ੍ਰੀਟ ਅਤੇ ਬਰਨਹੈਮਥੋਰਪ ਰੋਡ ਈਸਟ ਇਲਾਕੇ ਦੀਆਂ ਅੰਡਰਗ੍ਰਾਊਂਡ ਪਾਰਕਿੰਗਾਂ ਵਿਚ ਕਈ ਵਾਹਨ ਚੋਰੀ ਅਤੇ ਚੋਰੀ ਦੀਆਂ ਕੋਸ਼ਿਸ਼ਾਂ ਹੋਈਆਂ ਸਨ। ਇਸ ਤੋਂ ਬਾਅਦ ਸ਼ੁਰੂ ਕੀਤੀ ਗਈ ਜਾਂਚ ਵਿਚ ਦੋ ਸ਼ੱਕੀਆਂ ਦੀ ਪਛਾਣ ਕੀਤੀ ਗਈ।

ਇਸ ਮਾਮਲੇ ਵਿਚ ਪਹਿਲਾਂ ਹੀ 21 ਸਾਲਾ ਪ੍ਰਿੰਸ ਨੂੰ 22 ਅਪਰਾਧਿਕ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਹੁਣ ਗੁਰਜੀਤ ਸਿੰਘ ਵਿਰਕ 'ਤੇ ਵੀ ਵਾਹਨ ਚੋਰੀ, ਰਿਹਾਈ ਦੇ ਹੁਕਮ ਦੀ ਉਲੰਘਣਾ, ਚੋਰੀ ਲਈ ਵਰਤੇ ਜਾਣ ਵਾਲੇ ਸੰਦ ਰੱਖਣ, 5,000 ਡਾਲਰ ਤੋਂ ਵੱਧ ਅਤੇ ਘੱਟ ਮੁੱਲ ਦੀ ਚੋਰੀ ਅਤੇ ਧੋਖਾਧੜੀ ਸਮੇਤ ਕਈ ਦੋਸ਼ ਲਗਾਏ ਗਏ ਹਨ।

ਜਾਂਚ ਦੌਰਾਨ ਪੁਲਿਸ ਨੇ ਛਾਪਿਆਂ ਵਿਚ ਮੋਬਾਈਲ ਫੋਨ, ਕੀ-ਫੌਬ, ਵਾਹਨਾਂ ਦੀਆਂ ਚਾਬੀਆਂ ਪ੍ਰੋਗਰਾਮ ਕਰਨ ਵਾਲੇ ਉਪਕਰਨ, ਵਾਹਨਾਂ ਨਾਲ ਸਬੰਧਤ ਦਸਤਾਵੇਜ਼ ਅਤੇ ਨਕਦੀ ਵੀ ਬਰਾਮਦ ਕੀਤੀ ਹੈ। ਪੁਲਿਸ ਦਾ ਕਹਿਣਾ ਹੈ ਕਿ ਜਾਂਚ ਅਜੇ ਵੀ ਜਾਰੀ ਹੈ ਅਤੇ ਹੋਰ ਸ਼ੱਕੀਆਂ ਦੀ ਭਾਲ ਕੀਤੀ ਜਾ ਰਹੀ ਹੈ।

ਗੁਰਜੀਤ ਸਿੰਘ ਵਿਰਕ ਅਤੇ ਦੂਜੇ ਮੁਲਜ਼ਮਾਂ ਵਿਰੁੱਧ ਦੋਸ਼ ਲਗਾਏ ਗਏ ਹਨ। ਅਦਾਲਤ ਵਿਚ ਦੋਸ਼ ਸਾਬਤ ਹੋਣ ਤੱਕ ਉਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਦੋਸ਼ੀ ਨਹੀਂ ਮੰਨਿਆ ਜਾਂਦਾ।

# ਆਸਟ੍ਰੇਲੀਆ 'ਚ ਹੁਨਰਮੰਦ ਕਰਮਚਾਰੀਆਂ ਦਾ ਵੱਡਾ ਸੰਕਟ

ਸਿਡਨੀ, (ਪੰਜਾਬ ਮੇਲ)- ਆਸਟ੍ਰੇਲੀਆ ਇਸ ਵੇਲੇ ਸਿਹਤ, ਸਿੱਖਿਆ ਅਤੇ ਉਸਾਰੀ ਖੇਤਰ ਵਿਚ ਇਤਿਹਾਸਕ ਕਰਮਚਾਰੀ ਘਾਟ ਦਾ ਸਾਹਮਣਾ ਕਰ ਰਿਹਾ ਹੈ। ਸਰਕਾਰੀ ਸੰਸਥਾ ਜੌਬਸ ਐਂਡ ਸਕਿੱਲਸ ਆਸਟ੍ਰੇਲੀਆ ਅਨੁਸਾਰ ਦੇਸ਼ ਦੀਆਂ ਲਗਭਗ 30 ਫ਼ੀਸਦੀ ਪੇਸ਼ੇਵਰ ਸ਼੍ਰੇਣੀਆਂ ਵਿਚ ਗੰਭੀਰ ਕਰਮਚਾਰੀ ਘਾਟ ਚੱਲ ਰਹੀ ਹੈ। ਸਭ ਤੋਂ ਵੱਡਾ ਸੰਕਟ ਨਰਸਾਂ ਦਾ ਹੈ, ਜਿੱਥੇ ਇਸ ਵੇਲੇ ਕਰੀਬ 1 ਲੱਖ ਨਰਸਾਂ ਦੀ ਘਾਟ ਹੈ ਅਤੇ ਸਾਲ 2030 ਤੱਕ ਇਹ ਅੰਕੜਾ 1.23 ਲੱਖ ਤੋਂ 1.50 ਲੱਖ ਤੱਕ ਪਹੁੰਚਣ ਦੀ ਸੰਭਾਵਨਾ ਹੈ। ਸਿਹਤ ਖੇਤਰ ਵਿਚ ਇਸ ਸਮੇਂ ਕੁੱਲ ਲਗਭਗ 1.50 ਲੱਖ ਅਸਾਮੀਆਂ ਖ਼ਾਲੀ ਪਈਆਂ ਹਨ।

ਸਿੱਖਿਆ ਖੇਤਰ ਵਿਚ 50 ਹਜ਼ਾਰ ਤੋਂ ਵੱਧ ਅਧਿਆਪਕਾਂ ਦੀ ਤੁਰੰਤ ਲੋੜ ਹੈ, ਜਦੋਂਕਿ ਭਵਿੱਖ ਵਿਚ ਇਹ ਮੰਗ 1.32 ਲੱਖ ਤੱਕ ਪਹੁੰਚ ਸਕਦੀ ਹੈ। ਉਸਾਰੀ ਅਤੇ ਤਕਨੀਕੀ ਧੰਦਿਆਂ ਵਿਚ ਕਰੀਬ 90 ਹਜ਼ਾਰ ਹੁਨਰਮੰਦ ਕਾਰੀਗਰਾਂ ਦੀ ਤੁਰੰਤ ਘਾਟ ਹੈ, ਜੋ ਸਾਲ 2026-27 ਦੌਰਾਨ 1.85 ਲੱਖ ਤੋਂ ਵੱਧ ਹੋ ਸਕਦੀ ਹੈ। ਬਿਜਲੀ ਮਿਸਤਰੀ, ਪਲੰਬਰ, ਤਰਖਾਣ, ਵੈਲਡਰ ਅਤੇ ਇੱਟਾਂ ਲਾਉਣ ਵਾਲੇ ਕਾਰੀਗਰ ਸਭ ਤੋਂ ਵੱਧ ਮੰਗ ਵਿਚ ਹਨ। ਇਸ ਤੋਂ ਇਲਾਵਾ, ਪਿੰਡਾਂ ਅਤੇ ਦੂਰ-ਦਰਾਜ਼ ਦੇ ਖੇਤਰਾਂ ਵਿਚ 1,500 ਤੋਂ 3,000 ਪਰਿਵਾਰਕ ਡਾਕਟਰਾਂ ਦੀ ਘਾਟ ਵੀ ਚਿੰਤਾ ਦਾ ਵੱਡਾ ਕਾਰਨ ਬਣੀ ਹੋਈ ਹੈ।

ਰੁਜ਼ਗਾਰ ਅਤੇ ਕਾਰਜਸਥਲ ਸਬੰਧੀ ਮੰਤਰੀ ਅਮਾਂਡਾ ਰਿਸ਼ਵਰਥ ਨੇ ਕਿਹਾ ਹੈ ਕਿ ਸਰਕਾਰ ਹੁਨਰਮੰਦ ਕਰਮਚਾਰੀਆਂ ਦੀ ਘਾਟ ਦੂਰ ਕਰਨ ਲਈ ਸਿਖਲਾਈ, ਸਿਖਿਆਰਥੀ ਯੋਜਨਾਵਾਂ ਅਤੇ ਸਕਿੱਲਡ ਮਾਈਗ੍ਰੇਸ਼ਨ (ਹੁਨਰਮੰਦ ਪਰਵਾਸ) ਪ੍ਰਣਾਲੀ ਨੂੰ ਮਜ਼ਬੂਤ ਕਰ ਰਹੀ ਹੈ, ਤਾਂ ਜੋ ਲੋੜੀਂਦੇ ਖੇਤਰਾਂ ਵਿਚ

**■ ਸਿਹਤ, ਸਿੱਖਿਆ ਤੇ ਉਸਾਰੀ ਖੇਤਰਾਂ 'ਚ ਲੱਖਾਂ ਅਸਾਮੀਆਂ ਖ਼ਾਲੀ**
**■ ਸਕਿੱਲਡ ਮਾਈਗ੍ਰੇਸ਼ਨ ਦੀ ਮੰਗ ਹੋਈ ਤੇਜ਼; ਨਰਸਾਂ, ਅਧਿਆਪਕਾਂ ਅਤੇ ਤਕਨੀਕੀ ਕਾਰੀਗਰਾਂ ਦੀ ਭਾਰੀ ਕਿੱਲਤ**

ਵਿਦੇਸ਼ਾਂ ਤੋਂ ਮਾਹਰ ਕਰਮਚਾਰੀ ਲਿਆਂਦੇ ਜਾ ਸਕਣ। ਸਰਕਾਰ ਦਾ ਮੰਨਣਾ ਹੈ ਕਿ ਆਸਟ੍ਰੇਲੀਆ ਦੀ ਸਕਿੱਲਡ ਮਾਈਗ੍ਰੇਸ਼ਨ ਪ੍ਰਣਾਲੀ ਆਉਣ ਵਾਲੇ ਸਾਲਾਂ ਵਿਚ ਨਰਸਾਂ, ਡਾਕਟਰਾਂ, ਅਧਿਆਪਕਾਂ, ਇੰਜੀਨੀਅਰਾਂ ਅਤੇ ਉਸਾਰੀ ਖੇਤਰ ਦੇ ਕਾਰੀਗਰਾਂ ਦੀ ਘਾਟ ਪੂਰੀ ਕਰਨ ਵਿਚ ਅਹਿਮ ਭੂਮਿਕਾ ਨਿਭਾਏਗੀ।

ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਸਥਾਨਕ ਸਿਖਲਾਈ ਦੇ ਨਾਲ-ਨਾਲ ਹੁਨਰਮੰਦ ਪ੍ਰਵਾਸ ਨੂੰ ਹੋਰ ਪ੍ਰਭਾਵਸ਼ਾਲੀ ਨਾ ਬਣਾਇਆ ਗਿਆ, ਤਾਂ ਵਧਦੀ ਆਬਾਦੀ, ਰਿਹਾਇਸ਼ੀ ਉਸਾਰੀ ਅਤੇ ਸਿਹਤ ਸੇਵਾਵਾਂ ਦੀ ਮੰਗ ਨੂੰ ਪੂਰਾ ਕਰਨਾ ਬੇਹੱਦ ਮੁਸ਼ਕਲ ਹੋ ਸਕਦਾ ਹੈ। ਇਸੇ ਕਾਰਨ ਆਉਣ ਵਾਲੇ ਸਮੇਂ ਵਿਚ ਆਸਟ੍ਰੇਲੀਆ ਦੇ ਸਕਿੱਲਡ ਮਾਈਗ੍ਰੇਸ਼ਨ ਪ੍ਰੋਗਰਾਮ ਤਹਿਤ ਕਈ ਪੇਸ਼ਿਆਂ ਲਈ ਮੌਕੇ ਹੋਰ ਵੀ ਵਧਣ ਦੀ ਉਮੀਦ ਜਤਾਈ ਜਾ ਰਹੀ ਹੈ।

ਇੱਕ ਰਿਪੋਰਟ ਅਨੁਸਾਰ, ਸਾਲ 2024-25 ਵਿਚ ਆਸਟ੍ਰੇਲੀਆ ਵੱਲੋਂ ਜਾਰੀ ਕੀਤੇ ਗਏ 1,85,001 ਸਥਾਈ ਵੀਜ਼ਿਆਂ ਵਿਚੋਂ ਲਗਭਗ 71 ਫ਼ੀਸਦੀ ਨੂੰ ਹੁਨਰਮੰਦ ਮਾਈਗ੍ਰੇਸ਼ਨ ਸ਼੍ਰੇਣੀ ਵਿਚ ਦਰਸਾਇਆ ਗਿਆ ਸੀ। ਪਰ ਇਸ ਦੇ ਨਾਲ ਹੀ ਇਹ ਦਾਅਵਾ ਵੀ ਕੀਤਾ ਗਿਆ ਹੈ ਕਿ ਇਨ੍ਹਾਂ ਵਿਚੋਂ ਕੇਵਲ 33 ਫ਼ੀਸਦੀ ਵੀਜ਼ੇ ਹੀ ਅਸਲ ਹੁਨਰਮੰਦ ਮੁੱਖ ਬਿਨੈਕਾਰਾਂ ਨੂੰ ਮਿਲੇ, ਜਦਕਿ ਬਾਕੀ ਦੇ ਵੀਜ਼ੇ ਉਨ੍ਹਾਂ ਦੇ ਜੀਵਨ ਸਾਥੀਆਂ ਅਤੇ ਬੱਚਿਆਂ ਵਰਗੇ ਪਰਿਵਾਰਕ ਮੈਂਬਰਾਂ ਨੂੰ ਜਾਰੀ ਕੀਤੇ ਗਏ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਕੈਨੇਡਾ ਦੇ ਪ੍ਰਮੁੱਖ ਹਵਾਈ ਅੱਡਿਆਂ ਵੱਲੋਂ ਯਾਤਰੀਆਂ ਨੂੰ ਚਿਤਾਵਨੀ ਜਾਰੀ

ਵਿਨੀਪੈਗ, (ਪੰਜਾਬ ਮੇਲ)- ਕੈਨੇਡਾ ਦੇ ਸਭ ਤੋਂ ਰੁੱਝੇ ਅਤੇ ਸਭ ਤੋਂ ਵੱਡੇ ਹਵਾਈ ਅੱਡੇ ਟੋਰਾਂਟੋ ਪੀਅਰਸਨ ਨੇ ਯਾਤਰੀਆਂ ਨੂੰ ਚਿਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਇੰਟਰਨੈੱਟ ਉੱਤੇ ਏ.ਆਈ. ਆਧਾਰਿਤ ਬੋਟਾਂ ਅਤੇ ਕਲਿਕਬੇਟ ਵੈੱਬਸਾਈਟਾਂ ਵੱਲੋਂ ਹਵਾਈ ਯਾਤਰਾ ਨਾਲ ਸਬੰਧਿਤ ਵੱਡੀ ਮਾਤਰਾ ਵਿਚ ਗਲਤ ਅਤੇ ਭਰਮਕ ਜਾਣਕਾਰੀ ਪ੍ਰਸਾਰਿਤ ਕੀਤੀ ਜਾ ਰਹੀ ਹੈ। ਹਵਾਈ ਅੱਡਾ ਪ੍ਰਬੰਧਨ ਦਾ ਕਹਿਣਾ ਹੈ ਕਿ ਅਜਿਹੀ ਸਮੱਗਰੀ ਕਾਰਨ ਯਾਤਰੀ ਉਡਾਣਾਂ ਵਿਚ ਦੇਰੀ, ਰੱਦ ਹੋਣ ਅਤੇ ਹਵਾਈ ਅੱਡੇ ਦੇ ਸੰਚਾਲਨ ਬਾਰੇ ਬੇਲੋੜੀ ਚਿੰਤਾ ਅਤੇ ਉਲਝਣ ਦਾ ਸ਼ਿਕਾਰ ਹੋ ਰਹੇ ਹਨ।

ਪੀਅਰਸਨ ਹਵਾਈ ਅੱਡੇ ਦੇ ਬੁਲਾਰੇ ਅਨੁਸਾਰ ਪਿਛਲੇ ਕੁਝ ਮਹੀਨਿਆਂ ਦੌਰਾਨ ਕਈ ਅਜਿਹੀਆਂ ਵੈੱਬਸਾਈਟਾਂ ਸਾਹਮਣੇ ਆਈਆਂ ਹਨ, ਜੋ ਏ.ਆਈ. ਬੋਟਾਂ ਦੀ ਮਦਦ ਨਾਲ ਹਰ ਰੋਜ਼ ਦਰਜਨਾਂ ਤੋਂ ਲੈ ਕੇ 100 ਤੋਂ ਵੱਧ ਲੇਖ ਤਿਆਰ ਕਰ ਰਹੀਆਂ ਹਨ। ਇਨ੍ਹਾਂ ਲੇਖਾਂ ਵਿਚ ਹਵਾਈ ਅੱਡੇ ਦੇ ਸੰਚਾਲਨ, ਉਡਾਣਾਂ ਵਿਚ ਦੇਰੀ, ਰੱਦ ਹੋਣ ਦੀਆਂ ਘਟਨਾਵਾਂ ਅਤੇ ਸਮੇਂ ਸਿਰ ਰਵਾਨਗੀ ਨਾਲ

**■ ਏ.ਆਈ. ਦੀਆਂ ਜਾਅਲੀ ਖ਼ਬਰਾਂ ਤੋਂ ਚੌਕਸ ਰਹਿਣ ਯਾਤਰੀ**

ਸਬੰਧਿਤ ਅੰਕੜੇ ਬਿਨਾਂ ਕਿਸੇ ਅਧਿਕਾਰਤ ਪੁਸ਼ਟੀ ਦੇ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਕਈ ਵਾਰ ਇਹ ਜਾਣਕਾਰੀ ਇਸ ਤਰੀਕੇ ਨਾਲ ਪੇਸ਼ ਕੀਤੀ ਜਾਂਦੀ ਹੈ ਕਿ ਪਾਠਕਾਂ ਨੂੰ ਲੱਗਦਾ ਹੈ, ਜਿਵੇਂ ਪੂਰਾ ਹਵਾਈ ਅੱਡਾ ਗੰਭੀਰ ਸੰਕਟ ਵਿਚ ਹੋਵੇ, ਜਦਕਿ ਅਸਲ ਸਥਿਤੀ ਇਸ ਤੋਂ ਕਾਫ਼ੀ ਵੱਖਰੀ ਹੁੰਦੀ ਹੈ।

ਹਵਾਈ ਅੱਡਾ ਪ੍ਰਬੰਧਨ ਨੇ ਕਿਹਾ ਕਿ ਏ.ਆਈ. ਰਾਹੀਂ ਤਿਆਰ ਕੀਤੀ ਜਾ ਰਹੀ ਇਸ ਸਮਗਰੀ ਵਿਚ ਤੱਥਾਂ ਦੀ ਜਾਂਚ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਅਧਿਕਾਰਤ ਸਰੋਤਾਂ ਨਾਲ ਜਾਣਕਾਰੀ ਦੀ ਪੁਸ਼ਟੀ ਕੀਤੀ ਜਾਂਦੀ ਹੈ। ਇਸ ਕਾਰਨ ਯਾਤਰੀ ਗ਼ਲਤ ਧਾਰਨਾ ਬਣਾ ਲੈਂਦੇ ਹਨ ਕਿ ਵੱਡੀ ਗਿਣਤੀ ਵਿਚ ਉਡਾਣਾਂ ਪ੍ਰਭਾਵਿਤ ਹੋ ਰਹੀਆਂ ਹਨ, ਜਿਸ ਨਾਲ ਬਿਨਾਂ ਕਾਰਨ ਯਾਤਰਾ ਯੋਜਨਾਵਾਂ 'ਚ ਤਬਦੀਲੀਆਂ ਅਤੇ ਬੇਲੋੜੀ ਪਰੇਸ਼ਾਨੀ ਪੈਦਾ ਹੋ ਰਹੀ ਹੈ। ਪੀਅਰਸਨ ਹਵਾਈ ਅੱਡੇ ਨੇ ਕੁਝ ਅਜਿਹੀਆਂ ਵੈੱਬਸਾਈਟਾਂ ਦੇ ਨਾਮ ਵੀ



ਜਨਤਕ ਕੀਤੇ ਹਨ, ਜਿਨ੍ਹਾਂ ਉੱਤੇ ਬਿਨਾਂ ਤਸਦੀਕ ਵਾਲੀ ਜਾਂ ਏ.ਆਈ. ਰਾਹੀਂ ਤਿਆਰ ਕੀਤੀ ਜਾਣਕਾਰੀ ਪ੍ਰਕਾਸ਼ਿਤ ਕਰਨ ਦੇ ਦੋਸ਼ ਲਗਾਏ ਗਏ ਹਨ। ਇਨ੍ਹਾਂ ਵਿਚ TheTraveler.org, Toronto Digest, Travel and Tour World, NomadLawyer ਅਤੇ Travel Tourister ਸ਼ਾਮਲ ਹਨ। ਹਵਾਈ ਅੱਡੇ ਦਾ ਕਹਿਣਾ ਹੈ ਕਿ ਇਨ੍ਹਾਂ ਸਰੋਤਾਂ ਤੋਂ ਮਿਲਣ ਵਾਲੀ ਜਾਣਕਾਰੀ ਨੂੰ ਅਧਿਕਾਰਤ ਨਹੀਂ ਮੰਨਿਆ ਜਾਣਾ ਚਾਹੀਦਾ।

ਇਸ ਦੌਰਾਨ ਕੈਨੇਡਾ ਦੇ ਹੋਰ ਪ੍ਰਮੁੱਖ ਹਵਾਈ ਅੱਡਿਆਂ – ਮਾਂਟਰੀਅਲ, ਵੈਨਕੂਵਰ ਅਤੇ ਓਟਾਵਾ ਨੇ ਵੀ ਟੋਰਾਂਟੋ ਪੀਅਰਸਨ ਦੀਆਂ ਚਿੰਤਾਵਾਂ ਨਾਲ ਸਹਿਮਤੀ ਜਤਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਏ.ਆਈ. ਬੋਟਾਂ ਅਤੇ ਜਾਅਲੀ ਯਾਤਰਾ ਵੈੱਬਸਾਈਟਾਂ ਦੀ ਵਧਦੀ ਗਿਣਤੀ ਕਾਰਨ ਯਾਤਰੀਆਂ ਨੂੰ ਉਡਾਣਾਂ, ਪਾਰਕਿੰਗ, ਟਰਮੀਨਲ ਸੇਵਾਵਾਂ, ਸੁਰੱਖਿਆ ਨਿਯਮਾਂ ਅਤੇ ਆਵਾਜਾਈ ਸਬੰਧੀ ਗ਼ਲਤ ਜਾਂ ਪੁਰਾਣੀ ਜਾਣਕਾਰੀ ਮਿਲ ਰਹੀ ਹੈ। ਇਸ ਨਾਲ ਯਾਤਰੀਆਂ ਨੂੰ ਅਸੁਵਿਧਾ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਅਧਿਕਾਰਤ ਜਾਣਕਾਰੀ ਤੱਕ ਪਹੁੰਚਣਾ ਵੀ ਮੁਸ਼ਕਲ ਹੋ ਜਾਂਦਾ ਹੈ।

ਹਵਾਈ ਅੱਡਾ ਅਧਿਕਾਰੀਆਂ ਨੇ ਯਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਉਡਾਣਾਂ ਵਿਚ ਦੇਰੀ, ਰੱਦ ਹੋਣ, ਗੇਟਾਂ ਵਿਚ ਤਬਦੀਲੀ, ਪਾਰਕਿੰਗ ਜਾਂ ਹੋਰ ਯਾਤਰਾ ਸਬੰਧੀ ਜਾਣਕਾਰੀ ਲਈ ਸਿਰਫ਼ ਆਪਣੀ ਏਅਰਲਾਈਨ ਅਤੇ ਸਬੰਧਿਤ ਹਵਾਈ ਅੱਡੇ ਦੀ ਅਧਿਕਾਰਤ ਵੈੱਬਸਾਈਟ ਜਾਂ ਪ੍ਰਮਾਣਿਤ ਸੋਸ਼ਲ ਮੀਡੀਆ ਖਾਤਿਆਂ 'ਤੇ ਹੀ ਭਰੋਸਾ ਕਰਨ। ਪੀਅਰਸਨ ਹਵਾਈ ਅੱਡੇ ਦਾ ਕਹਿਣਾ ਹੈ ਕਿ ਉਸ ਦੀ ਅਧਿਕਾਰਤ ਵੈੱਬਸਾਈਟ 'ਤੇ ਹਰ ਰੋਜ਼ ਉਡਾਣਾਂ ਦੀ ਸਥਿਤੀ, ਦੇਰੀ ਅਤੇ ਰੱਦ ਹੋਣ ਸਬੰਧੀ ਤਾਜ਼ਾ ਅਤੇ ਪ੍ਰਮਾਣਿਤ ਜਾਣਕਾਰੀ ਅੱਪਡੇਟ ਕੀਤੀ ਜਾਂਦੀ ਹੈ।

ਸਫਾ 1 ਦਾ ਬਾਕੀ

## ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਕਨਵੋਕੇਸ਼ਨ...

ਉਨ੍ਹਾਂ ਕਿਹਾ ਕਿ ਉਹ ਪੰਜਾਬੀ ਪਰਵਾਸੀ ਭਾਈਚਾਰੇ ਅਤੇ ਅਮਰੀਕੀ ਕਾਨੂੰਨੀ ਪ੍ਰਣਾਲੀ ਵਿਚਕਾਰ ਇੱਕ ਮਜ਼ਬੂਤ ਪੁਲ ਵਜੋਂ ਜਾਣੇ ਜਾਂਦੇ ਹਨ ਅਤੇ ਇਮੀਗ੍ਰੇਸ਼ਨ ਨੀਤੀਆਂ ਅਤੇ ਸੁਧਾਰਾਂ ਨਾਲ ਜੁੜੇ ਮਹੱਤਵਪੂਰਨ ਵਿਚਾਰ-ਵਟਾਂਦਰਿਆਂ ਵਿਚ ਵੀ ਅਹਿਮ ਭੂਮਿਕਾ ਨਿਭਾ ਚੁੱਕੇ ਹਨ।

ਉਨ੍ਹਾਂ ਦੱਸਿਆ ਕਿ ਸ. ਜਸਪ੍ਰੀਤ ਸਿੰਘ ਨੂੰ ਨਿਊ ਜਰਸੀ ਗਵਰਨਿੰਗ ਕੌਂਸਲ ਲਈ ਚੁਣਿਆ ਗਿਆ, ਨਿਊ ਜਰਸੀ ਟ੍ਰਾਂਜ਼ੀਸ਼ਨ ਇੰਟਰਡਿਸਪਲਿਨਰੀ ਐਡਵਾਇਜ਼ਰੀ ਟਾਸਕ ਫੋਰਸ ਦਾ ਮੈਂਬਰ ਨਿਯੁਕਤ ਕੀਤਾ ਗਿਆ ਅਤੇ ਵਾਸ਼ਿੰਗਟਨ ਡੀ.ਸੀ. ਵਿਚ 'ਬਰਜ ਗਲੋਬਲ ਪਾਵਰ 100' ਵਿਚ ਵੀ ਸ਼ਾਮਲ ਕੀਤਾ ਗਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਲੱਖਣ ਸਾਬਕਾ ਵਿਦਿਆਰਥੀ ਵਜੋਂ ਉਨ੍ਹਾਂ ਨੇ ਸਿੱਖ ਅਧਿਐਨ ਚੇਅਰ ਲਈ 5 ਕਰੋੜ ਰੁਪਏ, ਪੀ.ਐੱਚ.ਡੀ. ਸਕਾਲਰਸ਼ਿਪਾਂ ਲਈ 20 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਯੂਨੀਵਰਸਿਟੀ ਦੇ ਵਿਦੇਸ਼ੀ ਕੈਂਪਸ ਦੀ ਸਥਾਪਨਾ ਲਈ ਕੈਲੀਫੋਰਨੀਆ ਵਿਚ ਜ਼ਮੀਨ ਵੀ ਦਾਨ ਕੀਤੀ ਹੈ।

ਸਨਮਾਨ ਪ੍ਰਾਪਤ ਕਰਨ ਉਪਰੰਤ ਸ. ਜਸਪ੍ਰੀਤ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਜੁੜਨਾ ਉਨ੍ਹਾਂ ਲਈ ਮਾਣ ਅਤੇ ਸਨਮਾਨ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਯੂਨੀਵਰਸਿਟੀ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਨਵੀਆਂ ਉਚਾਈਆਂ ਤੱਕ ਲਿਜਾਣ ਲਈ ਦੂਰਅੰਦੇਸ਼ੀ ਨਾਲ ਕੰਮ ਕਰ ਰਹੇ ਹਨ ਅਤੇ ਵਿਦੇਸ਼ੀ ਯੂਨੀਵਰਸਿਟੀਆਂ ਨਾਲ ਅਕਾਦਮਿਕ ਸਾਂਝ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਯਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਪਰਵਾਸੀ ਪੰਜਾਬੀ ਹਮੇਸ਼ਾ ਆਪਣੀ ਮਾਤਭੂਮੀ ਅਤੇ ਪੰਜਾਬ ਦੀ ਤਰੱਕੀ ਲਈ ਵਚਨਬੱਧ ਰਹਿੰਦੇ ਹਨ ਅਤੇ ਭਵਿੱਖ ਵਿਚ ਵੀ ਸਿੱਖਿਆ ਅਤੇ ਖੋਜ ਦੇ ਖੇਤਰ ਵਿਚ ਹਰ ਸੰਭਵ ਸਹਿਯੋਗ ਜਾਰੀ ਰਹੇਗਾ।

ਸਮਾਗਮ ਵਿਚ ਉੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਐਡੀਸ਼ਨਲ ਪ੍ਰਿੰਸੀਪਲ ਸਕੱਤਰ ਵਿਵੇਕ ਪ੍ਰਤਾਪ ਸਿੰਘ (ਆਈ.ਏ.ਐੱਸ.), ਡੀਨ ਅਕਾਦਮਿਕ ਮਾਮਲੇ ਪ੍ਰੋ. ਹਰਵਿੰਦਰ ਸਿੰਘ ਸੈਣੀ, ਰਜਿਸਟਰਾਰ ਪ੍ਰੋ. ਕੇ.ਐੱਸ. ਚਾਹਲ, ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਦੇ ਮੈਂਬਰ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਸੰਸਦ ਮੈਂਬਰ ਰਾਜ ਕੁਮਾਰ ਚੱਬੇਵਾਲ, ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ, ਮੇਅਰ ਜਤਿੰਦਰ ਸਿੰਘ ਭਾਟੀਆ, ਐੱਸ.ਜੀ.ਪੀ.ਸੀ. ਦੇ ਕਾਰਜਕਾਰੀ ਮੈਂਬਰ ਰਜਿੰਦਰ ਸਿੰਘ ਮਹਿਤਾ ਸਮੇਤ ਵੱਡੀ ਗਿਣਤੀ ਵਿਚ ਵਿਦਿਆਰਥੀ, ਮਾਪੇ, ਅਧਿਆਪਕ ਅਤੇ ਹੋਰ ਪਤਵੰਤੇ ਸ਼ਾਮਲ ਹੋਏ।

ਸਫਾ 1 ਦਾ ਬਾਕੀ

## ਅਮਰੀਕਾ ਨੇ ਵੀਜ਼ਾ-ਮੁਕਤ ਯਾਤਰਾ...

ਅਮਰੀਕੀ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਹ ਪੂਰੀ ਯਾਤਰਾ ਪਾਬੰਦੀ ਨਹੀਂ ਹੈ। ਜਿਹੜੇ ਲੋਕ ਈ.ਐੱਸ.ਟੀ.ਏ. ਲਈ ਯੋਗ ਨਹੀਂ ਰਹਿੰਦੇ, ਉਹ ਅਜੇ ਵੀ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਰਾਹੀਂ ਰੈਗੂਲਰ ਵੀਜ਼ਾ ਲਈ ਅਰਜ਼ੀ ਦੇ ਸਕਦੇ ਹਨ। ਫ਼ਰਕ ਸਿਰਫ਼ ਇਹ ਹੈ ਕਿ ਹੁਣ ਉਨ੍ਹਾਂ ਦੀ ਵਧੇਰੇ ਸੁਰੱਖਿਆ ਜਾਂਚ ਅਤੇ ਇੰਟਰਵਿਊ ਕੀਤਾ ਜਾਵੇਗਾ। ਇਹ ਨਿਯਮ ਅਮਰੀਕਾ ਨੇ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਸੰਭਾਵਿਤ ਖ਼ਤਰਿਆਂ ਦੀ ਵਧੇਰੇ ਜਾਂਚ ਲਈ ਲਾਗੂ ਕੀਤੇ ਹਨ। ਸਰਕਾਰ ਦਾ ਮੰਨਣਾ ਹੈ ਕਿ ਕੁਝ ਯਾਤਰੀਆਂ ਦੇ ਯਾਤਰਾ ਇਤਿਹਾਸ ਜਾਂ ਦੋਹਰੀ ਨਾਗਰਿਕਤਾ ਕਾਰਨ ਵਾਧੂ ਜਾਂਚ ਜ਼ਰੂਰੀ ਹੈ।

ਯਾਤਰਾ ਦੀ ਯੋਜਨਾ ਬਣਾਉਣ ਵਾਲੇ ਲੋਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਟਿਕਟ ਬੁੱਕ ਕਰਨ ਤੋਂ ਪਹਿਲਾਂ ਆਪਣੀ ਈ.ਐੱਸ.ਟੀ.ਏ. ਯੋਗਤਾ ਅਤੇ ਅਮਰੀਕਾ ਦੇ ਤਾਜ਼ਾ ਦਾਖ਼ਲਾ ਨਿਯਮਾਂ ਦੀ ਜਾਂਚ ਜ਼ਰੂਰ ਕਰ ਲੈਣ। ਯੋਗਤਾ ਦੀ ਪੁਸ਼ਟੀ ਨਾ ਕਰਨ ਦੀ ਸੂਰਤ ਵਿਚ ਬੋਰਡਿੰਗ ਤੋਂ ਇਨਕਾਰ, ਯਾਤਰਾ ਰੱਦ ਹੋਣ ਜਾਂ ਹੋਰ ਦੇਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਤਬਦੀਲੀਆਂ ਮੁੱਖ ਤੌਰ 'ਤੇ ਵੀਜ਼ਾ ਵੇਵਰ ਪ੍ਰੋਗਰਾਮ ਵਾਲੇ ਦੇਸ਼ਾਂ ਦੇ ਨਾਗਰਿਕਾਂ ਲਈ ਹਨ। ਭਾਰਤ ਇਸ ਪ੍ਰੋਗਰਾਮ ਦਾ ਹਿੱਸਾ ਨਹੀਂ ਹੈ, ਇਸ ਲਈ ਭਾਰਤੀ ਪਾਸਪੋਰਟ ਧਾਰਕਾਂ ਲਈ ਅਮਰੀਕੀ ਵੀਜ਼ਾ ਪ੍ਰਕਿਰਿਆ ਵਿਚ ਇਸ ਖ਼ਬਰ ਕਾਰਨ ਕੋਈ ਸਿੱਧੀ ਤਬਦੀਲੀ ਨਹੀਂ ਆਈ ਹੈ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਨੂੰ ਬਣਾ ਕੇ ਦਿੱਤੇ ਜਾ ਰਹੇ ਮਕਾਨ ਦੀ ਕੀਤੀ ਸ਼ੁਰੂਆਤ

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸੰਨੀ ਓਬਰਾਏ ਆਵਾਸ ਯੋਜਨਾ ਤਹਿਤ ਵੱਡੀ ਪੱਧਰ ’ਤੇ ਬਿਨਾਂ ਛੱਤ ਤੋਂ ਰਹਿ ਰਹੇ ਪਰਿਵਾਰਾਂ ਨੂੰ ਮਕਾਨ ਬਣਾ ਕੇ ਦਿੱਤੇ ਜਾ ਰਹੇ ਹਨ। ਇਸ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਡਾਕਟਰ ਰਾਜਿੰਦਰ ਸਿੰਘ ਅਟਵਾਲ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਮਾਨ ਸਿੰਘ ਵਾਲਾ ਵਿਖੇ ਇੱਕ ਬਹੁਤ ਹੀ ਲੋੜਵੰਦ ਨੂੰ ਮਕਾਨ ਬਣਾ ਕੇ ਦਿੱਤਾ ਜਾ ਰਿਹਾ ਹੈ, ਜਿਸ ਦਾ ਨੀਂਹ ਪੱਥਰ ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਪ੍ਰਧਾਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਅਤੇ ਚਰਨਜੀਤ ਸਿੰਘ, ਸੁਖਬੀਰ ਸਿੰਘ ਵੱਲੋਂ ਰੱਖਿਆ ਗਿਆ।



ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਪਿਛਲੇ ਸਾਲ ਬਾਰਸ਼ਾਂ ਦੌਰਾਨ ਇਸ ਦਾ ਮਕਾਨ ਢਹਿ ਗਿਆ ਸੀ। ਇਸ ਨੇ ਮਕਾਨ ਬਣਾਉਣ ਤੋਂ ਅਸਮਰੱਥਤਾ ਜ਼ਾਹਿਰ ਕਰਦਿਆਂ ਡਾ. ਓਬਰਾਏ ਨੂੰ ਪਰਿਵਾਰ ਲਈ ਮਕਾਨ ਬਣਾ ਕੇ ਦੇਣ ਲਈ ਬੇਨਤੀ ਕੀਤੀ ਗਈ ਸੀ। ਪਰਿਵਾਰ ਦੇ ਹਾਲਾਤ ਦੇਖਦੇ ਹੋਏ ਡਾ. ਓਬਰਾਏ ਨੇ ਮਕਾਨ ਬਣਾ ਕੇ ਦੇਣ ਲਈ ਹਾਂ ਕੀਤੀ ਅਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਟੀਮ ਨੂੰ ਇਸ ਬਾਬਤ ਲੋੜੀਂਦੀ ਕਾਰਵਾਈ ਕਰਨ ਨੂੰ ਕਿਹਾ। ਪਰਿਵਾਰ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਦੇ ਇਸ ਉਪਰਾਲੇ ਨਾਲ ਅਸੀਂ ਸਾਰਾ ਪਰਿਵਾਰ ਹੁਣ ਛੱਤ ਹੇਠਾਂ ਰਹਿਣ ਯੋਗ ਹੋ ਜਾਵਾਂਗੇ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਸੰਨ ਓਬਰਾਏ ਆਵਾਸ ਯੋਜਨਾ ਤਹਿਤ ਲੋੜਵੰਦਾਂ ਨੂੰ 480 ਮਕਾਨ ਬਣਾ ਕੇ ਦਿੱਤੇ ਜਾ ਚੁੱਕੇ ਹਨ। ਨੇਪਾਲ ਵਿਚ 500, ਜੰਮੂ ਕਸ਼ਮੀਰ ਵਿਚ 125, ਹੜ੍ਹਾਂ ਦੌਰਾਨ ਡਿੱਗੇ 620 ਮਕਾਨ ਵੀ ਬਣਾ ਕੇ ਦਿੱਤੇ ਜਾ ਚੁੱਕੇ ਹਨ। ਇਸ ਮੌਕੇ ਲੋੜਵੰਦ ਪਰਿਵਾਰ ਅਤੇ ਪਿੰਡ ਵਾਸੀ ਹਾਜ਼ਰ ਸਨ।



*ਡਾ. ਐੱਸ.ਪੀ. ਸਿੰਘ ਓਬਰਾਏ।*

# ਲਾਹੌਰ ’ਚ ਗੁਰੂ ਹਰਗੋਬਿੰਦ ਨਾਲ ਸਬੰਧਤ ਇਤਿਹਾਸਕ ਗੁਰਦੁਆਰਾ 79 ਸਾਲਾਂ ਬਾਅਦ ਮੁੜ ਖੁੱਲ੍ਹਿਆ

**ਅੰਮ੍ਰਿਤਸਰ, (ਪੰਜਾਬ ਮੇਲ)**- ਲਾਹੌਰ ਵਿਚ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਇੱਕ ਇਤਿਹਾਸਕ ਗੁਰਦੁਆਰੇ ਨੂੰ 79 ਸਾਲਾਂ ਬਾਅਦ ਸੰਗਤ ਲਈ ਮੁੜ ਖੋਲ੍ਹ ਦਿੱਤਾ ਗਿਆ ਹੈ। ਸਾਲ 1947 ਵਿਚ ਦੇਸ਼ ਦੀ ਵੰਡ ਤੋਂ ਬਾਅਦ ਇਹ ਅਸਥਾਨ ਬੰਦ ਪਿਆ ਸੀ।

ਲਾਹੌਰ-ਕਸੂਰ ਰੋਡ ’ਤੇ ਸਥਿਤ ਇਤਿਹਾਸਕ ਪਿੰਡ ਅਮਰ ਸਿੱਧੂ (ਜੋ ਹੁਣ ਲਾਹੌਰ ਸ਼ਹਿਰ ਦਾ ਹਿੱਸਾ ਬਣ ਚੁੱਕਾ ਹੈ) ਵਿਖੇ ਸਥਿਤ ‘ਗੁਰਦੁਆਰਾ ਪਾਤਸ਼ਾਹੀ ਛੇਵੀਂ’ ਦਾ ਨਵੀਨੀਕਰਨ ਕਰਨ ਤੋਂ ਬਾਅਦ ਇਸ ਨੂੰ ਰਸਮੀ ਤੌਰ ’ਤੇ ਖੋਲ੍ਹਿਆ ਗਿਆ ਹੈ। ਇਸ ਖ਼ਾਸ ਮੌਕੇ ’ਤੇ ਸਥਾਨਕ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਸ਼ਨਿੱਚਰਵਾਰ ਨੂੰ ਇਕੱਠੇ ਹੋ ਕੇ ਸੁਖਮਨੀ ਸਾਹਿਬ ਦੇ ਪਾਠ ਕੀਤੇ ਅਤੇ ਸ਼ੁਕਰਾਨੇ ਦੀ ਅਰਦਾਸ ਕੀਤੀ।

ਇਹ ਪਵਿੱਤਰ ਅਸਥਾਨ ਲਾਹੌਰ ਵਿਚ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਸਬੰਧਤ ਤਿੰਨ ਇਤਿਹਾਸਕ ਗੁਰਦੁਆਰਿਆਂ ਵਿਚੋਂ ਇੱਕ ਹੈ। ਇਤਿਹਾਸਕ ਹਵਾਲਿਆਂ ਅਨੁਸਾਰ ਛੇਵੇਂ ਗੁਰੂ ਸਾਹਿਬ ਕਸ਼ਮੀਰ ਤੋਂ ਵਾਪਸ ਆਉਂਦੇ ਸਮੇਂ ਅੰਮ੍ਰਿਤਸਰ ਜਾਣ ਤੋਂ ਪਹਿਲਾਂ ਇਸ ਅਸਥਾਨ ’ਤੇ ਰੁਕੇ ਸਨ। ਇਹ ਅਸਥਾਨ ਬੀਬੀ ਕੌਲਾਂ ਜੀ ਨਾਲ ਵੀ ਜੁੜਿਆ ਹੋਇਆ ਹੈ, ਜਿਨ੍ਹਾਂ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਸਿੱਖ ਸੰਗਤ ਨਾਲ ਗੁਰੂ ਸਾਹਿਬ ਦੀ ਇਸ ਯਾਤਰਾ ਦੌਰਾਨ ਉਨ੍ਹਾਂ ਦੇ ਨਾਲ ਸਨ।





*ਅਰਦਾਸ ਕਰਦੇ ਹੋਏ ਸਿੱਖ ਭਾਈਚਾਰੇ ਦੇ ਮੈਂਬਰ।*

‘ਗੁਰਦੁਆਰਾ ਪੀਡੀਆ’ ਪੋਰਟਲ ਦੇ ਸੰਪਾਦਕ ਦਵਿੰਦਰ ਸਿੰਘ ਢਿੱਲੋਂ ਮੁਤਾਬਕ ਸ਼ੁਰੂਆਤ ਵਿਚ ਇਸ ਜਗ੍ਹਾ ’ਤੇ ਇੱਕ ਸਾਧਾਰਨ ਯਾਦਗਾਰ ਬਣੀ ਹੋਈ ਸੀ। ਸਾਲ 1923 ਵਿਚ ਲਾਹੌਰ ਦੀ ਸਿੱਖ ਸੰਗਤ ਦੇ ਸਹਿਯੋਗ ਨਾਲ ਭਾਈ ਮੋਹਨ ਸਿੰਘ ਅਕਾਲੀ (ਨਿਹੰਗ) ਦੇ ਯਤਨਾਂ ਸਦਕਾ ਇੱਥੇ ਗੁਰਦੁਆਰੇ ਦਾ ਨਿਰਮਾਣ ਕੀਤਾ ਗਿਆ। ਬ੍ਰਿਟਿਸ਼ ਕਾਲ ਦੌਰਾਨ ਅਣਵੰਡੇ ਪੰਜਾਬ ਵਿਚ ਕਈ ਇਤਿਹਾਸਕ ਇਮਾਰਤਾਂ ਦਾ ਨਕਸ਼ਾ ਤਿਆਰ ਕਰਨ ਵਾਲੇ ਉੱਘੇ ਸਿਵਲ ਇੰਜੀਨੀਅਰ ਸਰ ਗੰਗਾ ਰਾਮ ਨੇ ਇਸ ਇਮਾਰਤ ਦੀ ਉਸਾਰੀ ਵਿਚ ਅਹਿਮ ਯੋਗਦਾਨ ਪਾਇਆ ਸੀ।

ਢਿੱਲੋਂ ਨੇ ਦੱਸਿਆ ਕਿ ਇਸ ਗੁਰਦੁਆਰਾ ਕੰਪਲੈਕਸ ਕੋਲ ਲਗਪਗ 17 ਕਨਾਲ ਜ਼ਮੀਨ ਸੀ, ਜਿਸ ਵਿਚ ਲੰਗਰ ਹਾਲ ਅਤੇ ਸ਼ਰਧਾਲੂਆਂ ਦੇ ਰਹਿਣ ਲਈ ਰਿਹਾਇਸ਼ੀ ਕਮਰੇ ਬਣੇ ਹੋਏ ਸਨ। ਵੰਡ ਤੋਂ ਪਹਿਲਾਂ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੀ ਦੇਖ-ਰੇਖ ਹੇਠ ਸਥਾਨਕ ਸਿੱਖ ਸੰਗਤ ਵੱਲੋਂ ਚਲਾਇਆ ਜਾਂਦਾ ਸੀ। ਇਤਿਹਾਸਕ ਰਿਕਾਰਡ ਦੱਸਦੇ ਹਨ ਕਿ ਜਿਸ ਅਸਥਾਨ (ਥੜ੍ਹੇ) ’ਤੇ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਰਾਮ ਕੀਤਾ ਸੀ, ਉਸ ਦੇ ਆਲੇ-ਦੁਆਲੇ 1923 ਵਿਚ ਇੱਕ ਬਾਗ ਦੇ ਵਿਚਕਾਰ ਪੱਕਾ ਢਾਂਚਾ ਬਣਾਇਆ ਗਿਆ ਸੀ। ਇਸ ਇਮਾਰਤ ’ਤੇ ਇੱਕ ਸ਼ਾਨਦਾਰ ਗੁੰਬਦ, ਚਾਰ-ਚੁਫੇਰੇ ਵਰਾਂਡੇ ਅਤੇ ਸੰਗਮਰਮਰ ਦਾ ਫਰਸ਼ ਲੱਗਿਆ ਹੋਇਆ ਸੀ, ਜਿਸ ਉੱਤੇ ਗੁਰਮੁਖੀ ਅਤੇ ਸ਼ਾਹਮੁਖੀ ਦੋਵਾਂ ਲਿਪੀਆਂ ਵਿਚ ਉਨ੍ਹਾਂ ਸਿੱਖ ਸ਼ਰਧਾਲੂਆਂ ਦੇ ਨਾਮ ਲਿਖੇ ਹੋਏ ਸਨ, ਜਿਨ੍ਹਾਂ ਨੇ ਇਸ ਦੀ ਉਸਾਰੀ ਵਿਚ ਯੋਗਦਾਨ ਪਾਇਆ ਸੀ।

ਸਾਲ 1947 ਦੀ ਫ਼ਿਰਕੂ ਹਿੰਸਾ ਦੌਰਾਨ ਇਸ ਪਵਿੱਤਰ ਅਸਥਾਨ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ ਅਤੇ ਸਿੱਖ ਆਬਾਦੀ ਦੇ ਭਾਰਤ ਹਿਜਰਤ ਕਰ ਜਾਣ ਤੋਂ ਬਾਅਦ ਇਹ ਇਮਾਰਤ ਬੇਅਬਾਦ ਹੋ ਗਈ ਸੀ। ਬੀਤੇ ਦਹਾਕਿਆਂ ਵਿਚ ਇਮਾਰਤ ਦੀ ਹਾਲਤ ਬਹੁਤ ਖ਼ਰਾਬ ਹੋ ਗਈ, ਗੁਰਦੁਆਰਾ ਸਾਹਿਬ ਦੇ ਨਾਲ ਲੱਗਦਾ ਸਰੋਵਰ ਮਿੱਟੀ ਨਾਲ ਭਰ ਦਿੱਤਾ ਗਿਆ ਅਤੇ ਆਲੇ-ਦੁਆਲੇ ਦੀ ਜ਼ਮੀਨ ਦੇ ਵੱਡੇ ਹਿੱਸੇ ’ਤੇ ਨਾਜਾਇਜ਼ ਕਬਜ਼ੇ ਕਰ ਲਏ ਗਏ।

ਰਿਪੋਰਟਾਂ ਅਨੁਸਾਰ ਕਈ ਸਾਲਾਂ ਤੱਕ ਇਹ ਪਰਿਸਰ ਇੱਕ ਨਿੱਜੀ ਪਰਿਵਾਰ ਦੇ ਕਬਜ਼ੇ ਹੇਠ ਰਿਹਾ, ਜਿਸ ਨੇ ਕੰਪਲੈਕਸ ਦੇ ਅੰਦਰ ਇੱਕ ਸਥਾਨਕ ਪੀਰ ਦੀ ਕਬਰ ਵੀ ਬਣਾ ਦਿੱਤੀ ਸੀ। ਹੁਣ ਇਸ ਇਤਿਹਾਸਕ ਅਸਥਾਨ ਦੇ ਨਵੀਨੀਕਰਨ ਅਤੇ ਇਸ ਨੂੰ ਦੁਬਾਰਾ ਖੋਲ੍ਹੇ ਜਾਣ ਨਾਲ ਇਹ ਜਗ੍ਹਾ ਇੱਕ ਵਾਰ ਫਿਰ ਸਥਾਨਕ ਸਿੱਖ ਭਾਈਚਾਰੇ ਦੀ ਪਹੁੰਚ ਵਿਚ ਆ ਗਈ ਹੈ, ਜਿਸ ਨਾਲ ਪਾਕਿਸਤਾਨ ਵਿਚ ਸਿੱਖ ਵਿਰਸੇ ਦਾ ਇੱਕ ਅਹਿਮ ਅਧਿਆਇ ਮੁੜ ਸੁਰਜੀਤ ਹੋ ਗਿਆ ਹੈ।

# ਪਰਮਜੀਤ ਕੌਰ ਖਾਲੜਾ ਵੱਲੋਂ 80-90ਵੇਂ ਦੇ ਦਹਾਕੇ ਦੇ ਲਾਪਤਾ ਲੋਕਾਂ ਤੇ ਝੂਠੇ ਮੁਕਾਬਲਿਆਂ ਦੀ ਜਾਂਚ ਲਈ ‘ਪੀਪਲਜ਼ ਕਮਿਸ਼ਨ’ ਬਣਾਉਣ ਦੀ ਮੰਗ

**ਅੰਮ੍ਰਿਤਸਰ, (ਪੰਜਾਬ ਮੇਲ)**- ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਧਰਮਪਤਨੀ ਅਤੇ ਮਨੁੱਖੀ ਅਧਿਕਾਰ ਕਾਰਕੁਨ ਬੀਬੀ ਪਰਮਜੀਤ ਕੌਰ ਖਾਲੜਾ ਨੇ ਵੱਡੀ ਮੰਗ ਚੁੱਕੀ ਹੈ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਵਿਚ ਕਾਲੇ ਦੌਰ ਦੌਰਾਨ ਜ਼ਬਰਦਸਤੀ ਗਾਇਬ ਕੀਤੇ ਗਏ ਲੋਕਾਂ, ਲਾਵਾਰਿਸ ਲਾਸ਼ਾਂ ਅਤੇ ਕਥਿਤ ਝੂਠੇ ਪੁਲਿਸ ਮੁਕਾਬਲਿਆਂ ਦੀ ਅਸਲ ਗਿਣਤੀ ਸਾਹਮਣੇ ਲਿਆਉਣ ਲਈ ਇੱਕ ਨਿਰਪੱਖ ‘ਪੀਪਲਜ਼ ਕਮਿਸ਼ਨ’ (ਲੋਕ ਕਮਿਸ਼ਨ) ਦਾ ਗਠਨ ਕੀਤਾ ਜਾਵੇ।

■ **ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਲਿਖਿਆ ਪੱਤਰ**



ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਸਾਂਝੀ ਕੀਤੀ ਇੱਕ ਪੋਸਟ ਵਿਚ ਬੀਬੀ ਖਾਲੜਾ ਨੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਅਪੀਲ ਕੀਤੀ ਕਿ ਉਹ 1980 ਅਤੇ 1990 ਦੇ ਦਹਾਕਿਆਂ ਦੌਰਾਨ ਹੋਈਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦਾ ਸੱਚ ਸਾਹਮਣੇ ਲਿਆਉਣ ਲਈ ਇਸ ਨਿਰਪੱਖ ਮੁਹਿੰਮ ਦੀ ਅਗਵਾਈ ਕਰਨ। ਉਨ੍ਹਾਂ ਜੂਨ 1984 ਦੇ ਦਰਬਾਰ ਸਾਹਿਬ ’ਤੇ ਹੋਏ ਫ਼ੌਜੀ ਹਮਲੇ, ਨਵੰਬਰ 1984 ਦੇ ਸਿੱਖ ਕਤਲੇਆਮ ਅਤੇ ਉਸ ਤੋਂ ਬਾਅਦ ਦੇ ਸਾਲਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਹਜ਼ਾਰਾਂ ਲਾਵਾਰਿਸ ਲਾਸ਼ਾਂ, ਤਸ਼ੱਦਦ ਅਤੇ ਝੂਠੇ ਮੁਕਾਬਲਿਆਂ ਦੇ ਪੀੜਤ ਪਰਿਵਾਰ ਅੱਜ ਵੀ ਇਨਸਾਫ਼ ਅਤੇ ਜਵਾਬਦੇਹੀ ਦੀ ਉਡੀਕ ਕਰ ਰਹੇ ਹਨ।

ਬੀਬੀ ਖਾਲੜਾ ਨੇ ਪੰਜਾਬ ਅਤੇ ਕੇਂਦਰ ਦੀਆਂ ਸਾਬਕਾ ਤੇ ਮੌਜੂਦਾ ਸਰਕਾਰਾਂ ’ਤੇ ਪੀੜਤਾਂ ਨੂੰ ਇਨਸਾਫ਼ ਦੇਣ ਵਿੱਚ ਬੁਰੀ ਤਰ੍ਹਾਂ ਨਾਕਾਮ ਰਹਿਣ ਦੇ ਗੰਭੀਰ ਦੋਸ਼ ਲਾਏ। ਉਨ੍ਹਾਂ ਉਸ ਦੌਰ ਵਿਚ ਹੋਏ ਜ਼ੁਲਮਾਂ ਲਈ ਕਾਂਗਰਸ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ, ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਨੂੰ ਵੀ ਕਟਹਿਰੇ ਵਿਚ ਖੜ੍ਹਾ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਦਲ ਨੇ ਜਵਾਬਦੇਹੀ ਤੈਅ ਕਰਨ ਦੀ ਬਜਾਏ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ੀ ਪੁਲਿਸ ਅਫ਼ਸਰਾਂ ਨੂੰ ਸਰਕਾਰੀ ਅਹੁਦੇ ਅਤੇ ਸੁਰੱਖਿਆ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਮੌਜੂਦਾ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ’ਤੇ ਵੀ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਹ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਸਜ਼ਾਵਾਂ ਦਿਵਾਉਣ ਵਿਚ ਅਸਫ਼ਲ ਰਹੀ ਹੈ। ਉਨ੍ਹਾਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਵੀ ਵਿਦੇਸ਼ਾਂ ਵਿਚ ਹੋ ਰਹੇ ਸਿੱਖਾਂ ਦੇ ਕਥਿਤ ਟਾਰਗੇਟ ਕਿਲਿੰਗ ਦੇ ਮੁੱਦੇ ’ਤੇ ਘੇਰਿਆ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਰੱਖੀਆਂ ਮੰਗਾਂ ਵਿਚ ਬੀਬੀ ਖਾਲੜਾ ਨੇ ਮੰਗ ਕੀਤੀ ਕਿ 80-90 ਦੇ ਦਹਾਕੇ ਦੇ ਪੀੜਤਾਂ ਦੀ ਅਸਲ ਗਿਣਤੀ ਦਾ ਪਤਾ ਲਾਉਣ ਲਈ ਕਮਿਸ਼ਨ ਬਣਾਇਆ ਜਾਵੇ। ਇਸ ਦੇ ਨਾਲ ਹੀ ਜਸਵੰਤ ਸਿੰਘ ਖਾਲੜਾ ਦੀ ਮਿਹਨਤ ਸਦਕਾ ਪਛਾਣੇ ਗਏ ਅਣਪਛਾਤੇ ਸ਼ਹੀਦਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ (ਅੰਮ੍ਰਿਤਸਰ) ਵਿਚ ਲਾਈਆਂ ਜਾਣ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਵੱਲੋਂ ਪੀੜਤ ਪਰਿਵਾਰਾਂ ਦੀ ਆਰਥਿਕ ਮਦਦ ਕੀਤੀ ਜਾਵੇ।

## ਸ਼੍ਰੋਮਣੀ ਕਮੇਟੀ ਵੱਲੋਂ 17 ਜੁਲਾਈ ਨੂੰ ਮਨਾਈ ਜਾਵੇਗੀ ਤੇਜਾ ਸਿੰਘ ਸਮੁੰਦਰੀ ਦੀ 100 ਸਾਲਾ ਸ਼ਹੀਦੀ ਸ਼ਤਾਬਦੀ

**ਅੰਮ੍ਰਿਤਸਰ, (ਪੰਜਾਬ ਮੇਲ)**- ਗੁਰਦੁਆਰਾ ਸੁਧਾਰ ਲਹਿਰ ਅਤੇ ਅਕਾਲੀ ਲਹਿਰ ਦੇ ਪ੍ਰਮੁੱਖ ਆਗੂ ਤੇਜਾ ਸਿੰਘ ਸਮੁੰਦਰੀ ਦੀ 100 ਸਾਲਾ ਸ਼ਹੀਦੀ ਸ਼ਤਾਬਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 17 ਜੁਲਾਈ ਨੂੰ ਉਨ੍ਹਾਂ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਸਥਾਪਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਮਨਾਈ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ 15 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ, ਜਿਸ ਦੇ ਭੋਗ ਉਪਰੰਤ 17 ਜੁਲਾਈ ਨੂੰ ਸਮਾਗਮ ਹੋਵੇਗਾ।

# ਮੋਰਿੰਡਾ ਐੱਮ.ਸੀ. ਚੋਣਾਂ ਸੰਬੰਧੀ 9 ਕਾਂਗਰਸੀ ਕੌਂਸਲਰਾਂ ਵੱਲੋਂ ਪੰਜਾਬ ਦੇ ਡੀ.ਜੀ.ਪੀ. ਕੋਲ ਸ਼ਿਕਾਇਤ!

**ਮੋਰਿੰਡਾ, (ਪੰਜਾਬ ਮੇਲ)**- 9 ਕਾਂਗਰਸੀ ਕੌਂਸਲਰਾਂ ਨੇ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੂੰ ਇੱਕ ਰਸਮੀ ਸ਼ਿਕਾਇਤ ਸੌਂਪੀ ਹੈ, ਜਿਸ ਵਿਚ ਡੀ.ਐੱਸ.ਪੀ. ਮੋਰਿੰਡਾ ਗੁਰਜੀਤ ਸਿੰਘ ਅਤੇ ਚੋਣਾਂ ਦੌਰਾਨ ਉਨ੍ਹਾਂ ਨੂੰ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਤੋਂ ਕਥਿਤ ਤੌਰ ’ਤੇ ਰੋਕਣ ਵਿਚ ਸ਼ਾਮਲ ਹੋਰ ਪੁਲਿਸ ਕਰਮਚਾਰੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਗਈ ਹੈ।

ਵੀਰਵਾਰ ਨੂੰ ਆਮ ਆਦਮੀ ਪਾਰਟੀ (ਆਪ) ਇੱਕ ਆਜ਼ਾਦ ਉਮੀਦਵਾਰ ਜਗਪਾਲ ਸਿੰਘ ਜੌਲੀ (ਜੋ ਬਾਅਦ ਵਿਚ ‘ਆਪ’ ਵਿਚ ਸ਼ਾਮਲ ਹੋ ਗਏ ਸਨ) ਨੂੰ ਮੋਰਿੰਡਾ ਨਗਰ ਕੌਂਸਲ ਦਾ ਪ੍ਰਧਾਨ ਬਣਾਉਣ ਵਿਚ ਕਾਮਯਾਬ ਰਹੀ, ਜਦੋਂ ਕਿ ਹਾਊਸ ਦੇ 10 ਚੁਣੇ ਹੋਏ ਕੌਂਸਲਰਾਂ ਦੇ ਨਾਲ ਕਾਂਗਰਸ ਕੋਲ ਪੂਰਾ ਬਹੁਮਤ ਸੀ। ਪੁਲਿਸ ਖ਼ਿਲਾਫ਼ ਦਿੱਤੀ ਸ਼ਿਕਾਇਤ ਉੱਤੇ 9 ਕਾਂਗਰਸੀ ਕੌਂਸਲਰਾਂ ਦੇ ਦਸਤਖਤ ਹੋਣ ਕਾਰਨ ਹੁਣ ਇਹ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਕਾਂਗਰਸ ਦਾ ਇੱਕ ਕੌਂਸਲਰ ਟੁੱਟ ਕੇ ‘ਆਪ’ ਵਿਚ ਸ਼ਾਮਲ ਹੋ ਗਿਆ ਹੈ। ਇਸ ਦੇ ਬਾਵਜੂਦ, ਹਾਊਸ ਦੇ ਕੁੱਲ 15 ਕੌਂਸਲਰਾਂ ਵਿਚੋਂ 9 ਕੌਂਸਲਰਾਂ ਦੇ ਨਾਲ ਕਾਂਗਰਸ ਪਾਰਟੀ ਕੋਲ ਅਜੇ ਵੀ ਬਹੁਮਤ ਮੌਜੂਦ ਹੈ।

■ **ਵੋਟ ਪਾਉਣ ਤੋਂ ਰੋਕਣ ਦੇ ਲਾਏ ਦੋਸ਼**

9 ਚੁਣੇ ਹੋਏ ਕੌਂਸਲਰਾਂ ਵੱਲੋਂ ਦਸਤਖਤ ਕੀਤੀ ਗਈ ਸ਼ਿਕਾਇਤ ਵਿਚ ਦੋਸ਼ ਲਗਾਇਆ ਗਿਆ ਹੈ ਕਿ ਪੁਲਿਸ ਪ੍ਰਸ਼ਾਸਨ ਨੇ ਉਨ੍ਹਾਂ ਨੂੰ 10 ਜੁਲਾਈ ਨੂੰ ਹੋਣ ਵਾਲੀ ਚੋਣ ਪ੍ਰਕਿਰਿਆ ਵਿਚ ਹਿੱਸਾ ਲੈਣ ਤੋਂ ਗ਼ੈਰ-ਕਾਨੂੰਨੀ ਤੌਰ ’ਤੇ ਰੋਕਿਆ ਅਤੇ ਉਨ੍ਹਾਂ ’ਤੇ ਤਾਕਤ ਦੀ ਵਰਤੋਂ ਕੀਤੀ। ਕੌਂਸਲਰਾਂ ਨੇ ਇਹ ਵੀ ਦੋਸ਼ ਲਾਇਆ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਚੁਣੇ ਹੋਏ ਨੁਮਾਇੰਦਿਆਂ ਦੇ ਨਾਲ ਹੋਣ ਦੇ ਬਾਵਜੂਦ ਧੱਕੇ ਮਾਰੇ ਗਏ, ਬਦਸਲੂਕੀ ਕੀਤੀ ਗਈ ਅਤੇ ਨਗਰ ਕੌਂਸਲ ਦੀ ਇਮਾਰਤ ਵਿਚ ਦਾਖਲ ਹੋਣ ਤੋਂ ਰੋਕਿਆ ਗਿਆ।

ਸ਼ਿਕਾਇਤ ਦੇ ਅਨੁਸਾਰ, ਕੌਂਸਲਰ ਚੋਣਾਂ ਦੇ ਨਿਰਧਾਰਤ ਸਮੇਂ ਤੋਂ ਪਹਿਲਾਂ ਨਗਰ ਕੌਂਸਲ ਦੇ ਦਫ਼ਤਰ ਪਹੁੰਚ ਗਏ ਸਨ ਪਰ ਉਨ੍ਹਾਂ ਨੇ ਦਫ਼ਤਰ ਦੇ ਆਲੇ-ਦੁਆਲੇ ਦੇ ਖੇਤਰ ਨੂੰ ਭਾਰੀ ਬੈਰੀਕੇਡਾਂ ਨਾਲ ਘਿਰਿਆ ਹੋਇਆ ਅਤੇ ਪੁਲਿਸ ਦੇ ਕੰਟਰੋਲ ਵਾਲੇ ਜ਼ੋਨ ਵਿਚ ਬਦਲਿਆ ਹੋਇਆ ਪਾਇਆ। ਉਨ੍ਹਾਂ ਦੋਸ਼ ਲਾਇਆ ਕਿ ਪੁਲਿਸ ਕਰਮਚਾਰੀਆਂ ਦੀ ਵੱਡੀ ਤਾਇਨਾਤੀ ਨੇ ਚੁਣੇ ਹੋਏ ਮੈਂਬਰਾਂ ਵਿਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ।

ਕੌਂਸਲਰਾਂ ਨੇ ਦਾਅਵਾ ਕੀਤਾ ਕਿ ਬੈਰੀਕੇਡ ਪਾਰ ਕਰਕੇ ਨਗਰ ਕੌਂਸਲ ਦੇ ਦਫ਼ਤਰ ਵਿਚ ਦਾਖਲ ਹੋਣ ਤੋਂ ਬਾਅਦ, ਪੁਲਿਸ ਅਧਿਕਾਰੀਆਂ ਨੇ ਉਨ੍ਹਾਂ ਸਾਰਿਆਂ ਨੂੰ ਇਸ ਬਹਾਨੇ ਪ੍ਰਧਾਨ ਦੇ ਕਮਰੇ ਦੇ ਅੰਦਰ ਇੰਤਜ਼ਾਰ ਕਰਨ ਲਈ ਕਿਹਾ ਕਿ ਐੱਸ.ਡੀ.ਐੱਮ. ਅਜੇ ਤੱਕ ਨਹੀਂ ਪਹੁੰਚੇ ਹਨ। ਹਾਲਾਂਕਿ, ਉਨ੍ਹਾਂ ਦੋਸ਼ ਲਾਇਆ ਕਿ ਕਮਰੇ ਨੂੰ ਬਾਹਰੋਂ ਤਾਲਾ ਲਗਾ ਦਿੱਤਾ ਗਿਆ ਸੀ, ਜੋ ਕਿ ਗ਼ੈਰ-ਕਾਨੂੰਨੀ ਹਿਰਾਸਤ ਦੇ ਬਰਾਬਰ ਹੈ। ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਕੌਂਸਲਰਾਂ ਵਿਚੋਂ ਇੱਕ, ਸੁਰਿੰਦਰ ਕੌਰ, ਕਮਰੇ ਨੂੰ ਤਾਲਾ ਲੱਗਿਆ ਦੇਖ ਕੇ ਘਬਰਾ ਗਈ ਸੀ ਅਤੇ ਜੇਕਰ ਉਸਨੂੰ ਸਮੇਂ ਸਿਰ ਬਾਹਰ ਨਾ ਕੱਢਿਆ ਜਾਂਦਾ, ਤਾਂ ਸਥਿਤੀ ਖ਼ਤਰਨਾਕ ਹੋ ਸਕਦੀ ਸੀ।

# ਮੰਤਰੀ ਮੁਅੱਤਲੀ ਬਿੱਲ: ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਨੂੰ ਹਟਾਉਣ ਦੀ ਥਾਂ ਮੁਅੱਤਲੀ ਦੀ ਸਿਫ਼ਾਰਿਸ਼!

### 130ਵੇਂ ਸੰਵਿਧਾਨ ਸੋਧ ਬਿੱਲ ਦੀ ਘੋਖ ਕਰ ਰਹੀ ਹੈ ਸੰਸਦ ਦੀ ਸਾਂਝੀ ਕਮੇਟੀ



**ਨਵੀਂ ਦਿੱਲੀ, (ਪੰਜਾਬ ਮੇਲ)-** ਵਿਰੋਧੀ ਪਾਰਟੀਆਂ ਵੱਲੋਂ ਜਤਾਏ ਖ਼ਦਸ਼ਿਆਂ ਦੌਰਾਨ ਸੰਸਦੀ ਕਮੇਟੀ ਨੇ ਸਿਫਾਰਿਸ਼ ਕੀਤੀ ਹੈ ਕਿ ਜੇਕਰ ਪ੍ਰਧਾਨ ਮੰਤਰੀ, ਕੇਂਦਰੀ ਮੰਤਰੀਆਂ ਅਤੇ ਮੁੱਖ ਮੰਤਰੀਆਂ ਨੂੰ ਗੰਭੀਰ ਅਪਰਾਧਾਂ ਦੇ ਦੋਸ਼ਾਂ ਵਿਚ ਲਗਾਤਾਰ 30 ਦਿਨਾਂ ਤੱਕ ਹਿਰਾਸਤ ਵਿਚ ਰੱਖਿਆ ਜਾਂਦਾ ਹੈ, ਤਾਂ ਉਨ੍ਹਾਂ ਨੂੰ ਅਹੁਦਿਆਂ ਤੋਂ ਸਥਾਈ ਤੌਰ 'ਤੇ ਹਟਾਉਣ ਦੀ ਬਜਾਏ ਮੁਅੱਤਲ ਕੀਤਾ ਜਾਵੇ। ਜੇ ਅਜਿਹੇ ਵਿਅਕਤੀ ਬਰੀ ਹੋ ਜਾਂਦੇ ਹਨ ਜਾਂ ਮੁਕੱਦਮਾ ਨਿਰਧਾਰਤ ਮਿਆਦ ਦੇ ਅੰਦਰ ਅੱਗੇ ਨਹੀਂ ਵਧਦਾ, ਤਾਂ ਇਸ ਨੇ ਸਵੈ-ਚਾਲਿਤ ਵਾਪਸੀ ਦੀ ਧਾਰਾ ਦਾ ਪ੍ਰਸਤਾਵ ਵੀ ਰੱਖਿਆ ਹੈ। ਪੈਨਲ ਨੇ ਕਿਹਾ ਕਿ ਇਹ ਸੁਰੱਖਿਆ ਉਪਾਅ ਦੁਬਾਰਾ ਨਿਯੁਕਤੀ ਨੂੰ ਯਕੀਨੀ ਬਣਾਉਂਦਾ ਹੈ।

130ਵੇਂ ਸੰਵਿਧਾਨ ਸੋਧ ਬਿੱਲ ਦੀ ਘੋਖ ਕਰ ਰਹੀ ਸੰਸਦ ਦੀ ਸਾਂਝੀ ਕਮੇਟੀ ਨੇ ਦੋ ਵਿਸ਼ੇਸ਼ ਅਤੇ ਤਿੰਨ ਆਮ ਸਿਫਾਰਸ਼ਾਂ ਕੀਤੀਆਂ ਹਨ। ਪਿਛਲੇ ਸਾਲ ਅਗਸਤ ਵਿਚ ਪੇਸ਼ ਕੀਤੇ ਗਏ ਇਸ ਬਿੱਲ ਦਾ ਉਦੇਸ਼ ਇਹ ਹੈ ਕਿ ਜੇਕਰ ਪ੍ਰਧਾਨ ਮੰਤਰੀ, ਮੰਤਰੀ ਜਾਂ ਮੁੱਖ ਮੰਤਰੀ ਆਪਣੇ-ਆਪ ਅਹੁਦਾ ਨਹੀਂ ਛੱਡਦੇ, ਤਾਂ ਹਿਰਾਸਤ ਦੇ 31ਵੇਂ ਦਿਨ ਉਨ੍ਹਾਂ ਨੂੰ ਆਪਣੇ ਆਪ ਹਟਾ ਦਿੱਤਾ ਜਾਵੇ। ਵਿਰੋਧੀ ਧਿਰ ਨੇ ਇਸ ਬਿੱਲ ਨੂੰ ਉਨ੍ਹਾਂ ਦੁਆਰਾ ਚਲਾਈਆਂ ਜਾ ਰਹੀਆਂ ਸਰਕਾਰਾਂ ਨੂੰ ਅਸਥਿਰ ਕਰਨ ਦਾ ਸਾਧਨ ਕਰਾਰ ਦਿੱਤਾ ਸੀ। ਜ਼ਿਆਦਾਤਰ ਵਿਰੋਧੀ ਪਾਰਟੀਆਂ ਨੇ ਬਿੱਲ ਦੀ ਘੋਖ ਕਰ ਰਹੀ ਸਾਂਝੀ ਕਮੇਟੀ ਤੋਂ ਬਾਹਰ ਰਹਿਣ ਦਾ ਫੈਸਲਾ ਕੀਤਾ ਸੀ।

ਇਸ ਹਫ਼ਤੇ ਅਪਣਾਈ ਜਾਣ ਵਾਲੀ ਆਪਣੀ ਰਿਪੋਰਟ ਵਿਚ ਕਮੇਟੀ ਨੇ ਪ੍ਰਸਤਾਵ ਦਿੱਤਾ ਹੈ ਕਿ 'ਹਟਾਉਣ' ਸ਼ਬਦ ਨੂੰ 'ਮੁਅੱਤਲੀ' ਨਾਲ ਬਦਲਿਆ ਜਾਵੇ। ਇਸ ਨੇ 'ਗੰਭੀਰ ਅਪਰਾਧਿਕ ਮਾਮਲਿਆਂ' ਨੂੰ ਵੀ ਪਰਿਭਾਸ਼ਤ ਕੀਤਾ ਹੈ ਅਤੇ ਕਿਹਾ ਹੈ ਕਿ ਇਸ ਸ਼ਬਦ ਦਾ ਮਤਲਬ ਉਨ੍ਹਾਂ ਅਪਰਾਧਾਂ ਤੋਂ ਹੋਣਾ ਚਾਹੀਦਾ ਹੈ, ਜਿਨ੍ਹਾਂ ਵਿਚ ਪੰਜ ਸਾਲ ਜਾਂ ਇਸ ਤੋਂ ਵੱਧ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਸਾਂਝੀ ਕਮੇਟੀ ਨੇ ਇਹ ਸਿਫ਼ਾਰਸ਼ ਵੀ ਕੀਤੀ ਹੈ ਕਿ ਉੱਚ ਪੱਧਰੀ ਸੰਵਿਧਾਨਕ ਅਹੁਦਿਆਂ ਨਾਲ ਸਬੰਧਤ ਮਾਮਲਿਆਂ ਦੀ ਸੁਣਵਾਈ, ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੇ ਅਨੁਸਾਰ, ਫਾਸਟ ਟ੍ਰੈਕ ਜਾਂ ਵਿਸ਼ੇਸ਼ ਅਦਾਲਤਾਂ ਵਿਚ ਹੋਣੀ ਚਾਹੀਦੀ ਹੈ। ਕਮੇਟੀ ਨੇ ਕਿਹਾ ਕਿ ਪ੍ਰਸਤਾਵਿਤ ਕਾਨੂੰਨ ਵਿਚ ਪੰਜ ਸਾਲ ਜਾਂ ਇਸ ਤੋਂ ਵੱਧ ਦੀ ਕੈਦ ਦੀ ਸਜ਼ਾ ਵਾਲੇ ਅਪਰਾਧਾਂ ਦੀ ਸੂਚੀ ਲਈ ਵੱਖਰੀ ਅਨੁਸੂਚੀ ਸ਼ਾਮਲ ਹੋਣੀ ਚਾਹੀਦੀ ਹੈ, ਤਾਂ ਜੋ ਮੁਅੱਤਲੀ ਦਾ ਕਾਰਨ ਬਣਨ ਵਾਲੇ ਅਪਰਾਧਾਂ ਦੀ ਸਪੱਸ਼ਟ ਪਛਾਣ ਕੀਤੀ ਜਾ ਸਕੇ। ਇਹ ਬਿੱਲ ਪੇਸ਼ ਕਰਨ ਦਾ ਉਦੇਸ਼ ਸੀ ਕਿ ਸਰਕਾਰਾਂ ਜੇਲ੍ਹ ਤੋਂ ਨਾ ਚੱਲਣ। ਜੇ ਇਹ ਸਿਫਾਰਸ਼ਾਂ ਪ੍ਰਵਾਨ ਕਰ ਲਈਆਂ ਜਾਂਦੀਆਂ ਹਨ, ਤਾਂ ਗ੍ਰਹਿ ਮੰਤਰਾਲਾ ਤਜਵੀਜ਼ਸ਼ੁਦਾ ਸੋਧਾਂ ਦੇ ਨਾਲ ਕੇਂਦਰੀ ਮੰਤਰੀ ਮੰਡਲ ਤੱਕ ਪਹੁੰਚ ਕਰੇਗਾ ਅਤੇ ਬਾਅਦ ਵਿੱਚ ਇਨ੍ਹਾਂ ਨੂੰ ਲੋਕ ਸਭਾ 'ਚ ਪੇਸ਼ ਕੀਤਾ ਜਾਵੇਗਾ।

## ਆਸਟ੍ਰੇਲੀਆ ਹਵਾਈ ਅੱਡਿਆਂ 'ਤੇ ਕਾਗਜ਼ੀ ਫਾਰਮਾਂ ਦੀ ਥਾਂ ਡਿਜ਼ੀਟਲ ਯਾਤਰਾ ਪ੍ਰਣਾਲੀ ਹੋਵੇਗੀ ਲਾਗੂ

**ਸਿਡਨੀ, (ਪੰਜਾਬ ਮੇਲ)-** ਆਸਟ੍ਰੇਲੀਆ ਸਰਕਾਰ ਨੇ ਕੌਮਾਂਤਰੀ ਯਾਤਰੀਆਂ ਲਈ ਹਵਾਈ ਅੱਡਿਆਂ ਉੱਤੇ ਵੱਡੇ ਬਦਲਾਅ ਦਾ ਐਲਾਨ ਕੀਤਾ ਹੈ। ਇਸ ਤਹਿਤ ਅਗਲੇ 18 ਮਹੀਨਿਆਂ ਦੌਰਾਨ ਦੇਸ਼ ਦੇ ਸਾਰੇ ਕੌਮਾਂਤਰੀ ਹਵਾਈ ਅੱਡਿਆਂ 'ਤੇ ਕਾਗਜ਼ੀ ਯਾਤਰੀ ਘੋਸ਼ਣਾ ਫਾਰਮਾਂ ਦੀ ਥਾਂ ਡਿਜ਼ੀਟਲ ਯਾਤਰਾ ਘੋਸ਼ਣਾ ਪ੍ਰਣਾਲੀ ਲਾਗੂ ਕੀਤੀ ਜਾਵੇਗੀ।

ਇਸ ਨਵੀਂ ਪ੍ਰਣਾਲੀ ਨਾਲ ਯਾਤਰੀ ਆਪਣੇ ਵੇਰਵੇ ਆਨਲਾਈਨ ਹੀ ਜਮ੍ਹਾਂ ਕਰ ਸਕਣਗੇ, ਜਿਸ ਨਾਲ ਹਵਾਈ ਅੱਡਿਆਂ 'ਤੇ ਲੰਮੀਆਂ ਕਤਾਰਾਂ ਅਤੇ ਕਾਗਜ਼ੀ ਕਾਰਵਾਈ ਵਿਚ ਕਾਫ਼ੀ ਕਮੀ ਆਉਣ ਦੀ ਉਮੀਦ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਕਦਮ ਹਰ ਸਾਲ ਆਸਟ੍ਰੇਲੀਆ ਆਉਣ ਵਾਲੇ ਲੱਖਾਂ ਕੌਮਾਂਤਰੀ ਯਾਤਰੀਆਂ ਲਈ ਆਗਮਨ ਪ੍ਰਕਿਰਿਆ ਨੂੰ ਹੋਰ ਤੇਜ਼, ਸੁਵਿਧਾਜਨਕ ਅਤੇ ਸੁਰੱਖਿਅਤ ਬਣਾਏਗਾ। ਡਿਜ਼ੀਟਲ ਪ੍ਰਣਾਲੀ ਨਾਲ ਜਾਣਕਾਰੀ ਦੀ ਜਾਂਚ ਵੀ ਵਧੇਰੇ ਤੇਜ਼ੀ ਨਾਲ ਹੋ ਸਕੇਗੀ, ਜਿਸ ਨਾਲ ਸਰਹੱਦੀ ਸੁਰੱਖਿਆ ਅਤੇ ਬਾਇਓ-ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਹੋਣਗੇ। ਸਿਡਨੀ ਹਵਾਈ ਅੱਡੇ ਨੇ ਇਸ ਬਦਲਾਅ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਹ ਯਾਤਰੀਆਂ ਦੇ ਤਜ਼ਰਬੇ ਨੂੰ ਨਵੇਂ ਪੱਧਰ 'ਤੇ ਲੈ ਕੇ ਜਾਵੇਗਾ ਅਤੇ ਆਸਟ੍ਰੇਲੀਆ ਦੀ ਸਰਹੱਦੀ ਪ੍ਰਣਾਲੀ ਨੂੰ ਆਧੁਨਿਕ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਵੇਗਾ।

# ਓ.ਸੀ.ਆਈ. ਕਾਰਡ ਧਾਰਕਾਂ ਲਈ ਭਾਰਤ 'ਚ ਕੁੱਝ ਗਤੀਵਿਧੀਆਂ ਲਈ ਪਹਿਲਾਂ ਮਨਜ਼ੂਰੀ ਲੈਣੀ ਲਾਜ਼ਮੀ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਸਰਕਾਰ ਦੇ ਇਮੀਗ੍ਰੇਸ਼ਨ ਵਿਭਾਗ ਨੇ ਓ.ਸੀ.ਆਈ. ਕਾਰਡ ਧਾਰਕਾਂ ਨੂੰ ਨਵੀਂ ਐਡਵਾਇਜ਼ਰੀ ਜਾਰੀ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਭਾਰਤ ਵਿਚ ਕੁਝ ਖਾਸ ਗਤੀਵਿਧੀਆਂ ਕਰਨ ਤੋਂ ਪਹਿਲਾਂ ਉਨ੍ਹ

ਨਵਾਂ ਇਲੈਕਟ੍ਰਾਨਿਕ ਓ.ਸੀ.ਆਈ. ਸਿਰਫ਼ ਇੱਕ ਵਾਧੂ ਡਿਜ਼ੀਟਲ ਸਹੂਲਤ ਹੈ। ਇਹ ਪੁਰਾਣੇ ਛਪੇ ਹੋਏ ਓ.ਸੀ.ਆਈ. ਕਾਰਡ ਦੀ ਥਾਂ ਨਹੀਂ ਲੈਂਦਾ।

ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਅਨੁਸਾਰ ਓ.ਸੀ.ਆਈ. ਕਾਰਡ ਧਾਰਕਾਂ ਨੂੰ ਭਾਰਤ ਆਉਣ ਲਈ ਬਹੁ-ਪ੍ਰਵੇਸ਼, ਬਹੁ-ਉਦੇਸ਼ੀ ਅਤੇ ਜੀਵਨ ਭਰ ਦੇ ਵੀਜ਼ੇ ਦੀ ਸਹੂਲਤ ਮਿਲਦੀ ਹੈ। ਉਨ੍ਹਾਂ ਨੂੰ ਭਾਰਤ ਵਿਚ ਰਹਿਣ ਦੀ ਮਿਆਦ ਦੇ ਬਾਵਜੂਦ ਵਿਦੇਸ਼ੀ ਖੇਤਰੀ ਰਜਿਸਟ੍ਰੇਸ਼ਨ ਦਫ਼ਤਰ ਨਾਲ ਰਜਿਸਟ੍ਰੇਸ਼ਨ ਤੋਂ ਛੂਟ ਹੁੰਦੀ ਹੈ। ਇਸ ਤੋਂ ਇਲਾਵਾ ਕਈ ਆਰਥਿਕ, ਵਿੱਤੀ ਅਤੇ ਸਿੱਖਿਆ ਸੰਬੰਧੀ ਮਾਮਲਿਆਂ ਵਿਚ ਓ.ਸੀ.ਆਈ. ਕਾਰਡ ਧਾਰਕਾਂ ਨੂੰ ਪਰਵਾਸੀ ਭਾਰਤੀਆਂ ਦੇ ਬਰਾਬਰ ਸਹੂਲਤਾਂ ਮਿਲਦੀਆਂ ਹਨ।

ਹਾਲਾਂਕਿ ਓ.ਸੀ.ਆਈ. ਕਾਰਡ ਧਾਰਕਾਂ ਨੂੰ ਖੇਤੀਬਾੜੀ ਜਾਂ ਬਾਗ਼ਬਾਨੀ ਵਾਲੀ ਜਾਇਦਾਦ ਖਰੀਦਣ ਦੀ ਇਜਾਜ਼ਤ ਨਹੀਂ ਹੁੰਦੀ। ਇਸਦੇ ਨਾਲ ਹੀ ਉਨ੍ਹਾਂ ਨੂੰ ਭਾਰਤ ਵਿਚ ਵੋਟ ਪਾਉਣ, ਚੋਣ ਲੜਨ ਜਾਂ ਹੋਰ ਰਾਜਨੀਤਿਕ ਅਧਿਕਾਰ ਵੀ ਪ੍ਰਾਪਤ ਨਹੀਂ ਹੁੰਦੇ।

ਭਾਰਤ ਦੇ ਗ੍ਰਹਿ ਮੰਤਰਾਲੇ ਦੀਆਂ ਹਦਾਇਤਾਂ ਮੁਤਾਬਕ ਓ.ਸੀ.ਆਈ. ਦਰਜਾ ਹੋਣ ਨਾਲ ਸੁਰੱਖਿਅਤ ਖੇਤਰਾਂ ਜਾਂ ਸੀਮਿਤ ਖੇਤਰਾਂ ਲਈ ਲੋੜੀਂਦੇ ਪਰਮਿਟ ਤੋਂ ਛੂਟ ਨਹੀਂ ਮਿਲਦੀ। ਜਿੱਥੇ ਭਾਰਤੀ ਕਾਨੂੰਨ ਅਧੀਨ ਅਜਿਹਾ ਪਰਮਿਟ ਲਾਜ਼ਮੀ ਹੈ, ਉੱਥੇ ਓ.ਸੀ.ਆਈ. ਕਾਰਡ ਧਾਰਕਾਂ ਨੂੰ ਵੀ ਇਹ ਪਰਮਿਟ ਲੈਣਾ ਪਵੇਗਾ।

ਇਮੀਗ੍ਰੇਸ਼ਨ ਵਿਭਾਗ ਦੀ ਇਹ ਸਲਾਹ ਉਸ ਵੇਲੇ ਆਈ ਹੈ, ਜਦੋਂ ਭਾਰਤ ਸਰਕਾਰ ਵਿਦੇਸ਼ਾਂ ਵਿਚ ਰਹਿੰਦੇ ਭਾਰਤੀ ਮੂਲ ਦੇ ਲੋਕਾਂ ਲਈ ਸੇਵਾਵਾਂ ਨੂੰ ਹੋਰ ਡਿਜ਼ੀਟਲ ਬਣਾਉਣ ਵੱਲ ਵਧ ਰਹੀ ਹੈ। ਇਲੈਕਟ੍ਰਾਨਿਕ ਓ.ਸੀ.ਆਈ. ਪਲੇਟਫਾਰਮ ਇਸੇ ਦਿਸ਼ਾ ਵਿਚ ਇੱਕ ਨਵਾਂ ਕਦਮ ਹੈ। ਪਰ ਵਿਭਾਗ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਓ.ਸੀ.ਆਈ. ਕਾਰਡ ਧਾਰਕਾਂ ਨੂੰ ਸੀਮਤ ਗਤੀਵਿਧੀਆਂ ਅਤੇ ਸੀਮਤ ਯਾਤਰਾ ਨਾਲ ਸੰਬੰਧਤ ਮੌਜੂਦਾ ਨਿਯਮਾਂ ਦੀ ਪਾਲਣਾ ਕਰਨੀ ਲਾਜ਼ਮੀ ਰਹੇਗੀ। ਪੁਰਾਣੇ ਛਪੇ ਹੋਏ ਓ.ਸੀ.ਆਈ. ਕਾਰਡ ਨਵੇਂ ਡਿਜ਼ੀਟਲ ਓ.ਸੀ.ਆਈ. ਦੇ ਨਾਲ-ਨਾਲ ਵੈਧ

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com


Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?
For Mediation Services, Contact Office Manager :
Julie McCool Email: jmccool@jamsadr.com
Call : +1 503 910 8767
www.singhadr.com
Mediation - ⋄ Save Money ⋄ Save Time ⋄ Save Your relationship
• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave
*863

# ਚੋਣ ਕਮਿਸ਼ਨ ਦੀ 'ਵਿਸ਼ੇਸ਼ ਸੁਧਾਈ' 'ਤੇ ਉੱਠੇ ਸਵਾਲ; ਸੰਯੁਕਤ ਰਾਸ਼ਟਰ ਦੇ ਮਾਹਰਾਂ ਵੱਲੋਂ ਭਾਰਤ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ, (ਪੰਜਾਬ ਮੇਲ)-** ਸੰਯੁਕਤ ਰਾਸ਼ਟਰ (ਯੂ.ਐੱਨ.) ਦੇ ਤਿੰਨ ਵਿਸ਼ੇਸ਼ ਰਿਪੋਰਟੀਅਰਾਂ (ਖ਼ਾਸ ਮਾਹਰਾਂ) ਨੇ ਭਾਰਤ ਸਰਕਾਰ ਨੂੰ ਪੱਤਰ ਲਿਖ ਕੇ ਭਾਰਤੀ ਚੋਣ ਕਮਿਸ਼ਨ (ਈ.ਸੀ.ਆਈ.) ਵੱਲੋਂ ਵੋਟਰ ਸੂਚੀਆਂ ਦੀ ਕੀਤੀ ਜਾ ਰਹੀ 'ਵਿਸ਼ੇਸ਼ ਸੁਧਾਈ' (ਐਸ.ਆਈ.ਆਰ.) ਦੀ ਪ੍ਰਕਿਰਿਆ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਸੰਯੁਕਤ ਰਾਸ਼ਟਰ ਦੇ ਮਾਹਰਾਂ ਨੇ ਦੋਸ਼ ਲਾਇਆ ਹੈ ਕਿ ਇਸ ਮੁਹਿੰਮ ਕਾਰਨ ਮੁਸਲਿਮ, ਬੰਗਾਲੀ ਮੂਲ ਦੇ ਲੋਕਾਂ ਅਤੇ ਹੋਰ ਘੱਟ-ਗਿਣਤੀ ਭਾਈਚਾਰਿਆਂ ਦੇ ਨਾਂ ਵੋਟਰ ਸੂਚੀ ਵਿਚੋਂ ਪੱਖਪਾਤੀ ਢੰਗ ਨਾਲ ਹਟਾਏ ਗਏ ਹਨ, ਜਿਸ ਨਾਲ ਉਨ੍ਹਾਂ ਦੇ ਵੋਟ ਪਾਉਣ ਦੇ ਅਧਿਕਾਰ 'ਤੇ ਮਾੜਾ ਅਸਰ ਪੈ ਸਕਦਾ ਹੈ।

ਇਹ ਅਧਿਕਾਰਤ ਪੱਤਰ 1 ਮਈ 2026 ਨੂੰ ਸੰਯੁਕਤ ਰਾਸ਼ਟਰ ਦੇ ਘੱਟ-ਗਿਣਤੀ ਮਾਮਲਿਆਂ ਦੇ

**■ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਦੇ ਦੋਸ਼**

ਵਿਸ਼ੇਸ਼ ਮਾਹਰ, ਵਿਚਾਰਾਂ ਦੀ ਆਜ਼ਾਦੀ ਤੇ ਪ੍ਰਗਟਾਵੇ ਦੀ ਰੱਖਿਆ ਸਬੰਧੀ ਮਾਹਰ ਅਤੇ ਧਾਰਮਿਕ ਆਜ਼ਾਦੀ ਦੇ ਵਿਸ਼ੇਸ਼ ਮਾਹਰ ਵੱਲੋਂ ਸਾਂਝੇ ਤੌਰ 'ਤੇ ਭੇਜਿਆ ਗਿਆ ਸੀ। ਸੰਯੁਕਤ ਰਾਸ਼ਟਰ ਦੇ ਨਿਯਮਾਂ ਮੁਤਾਬਕ, ਇਸ ਚਿੱਠੀ ਨੂੰ ਜਨਤਕ ਕਰਨ ਤੋਂ ਪਹਿਲਾਂ ਭਾਰਤ ਸਰਕਾਰ ਨੂੰ ਆਪਣਾ ਪੱਖ ਰੱਖਣ ਲਈ 60 ਦਿਨਾਂ ਦਾ ਸਮਾਂ ਦਿੱਤਾ ਗਿਆ ਸੀ।

ਸੰਯੁਕਤ ਰਾਸ਼ਟਰ ਦੇ ਮਾਹਰਾਂ ਨੇ ਕਿਹਾ ਕਿ ਚੋਣ ਕਮਿਸ਼ਨ ਦੀ ਅਗਵਾਈ ਹੇਠ ਚੱਲ ਰਹੀ ਇਸ ਪ੍ਰਕਿਰਿਆ ਦੌਰਾਨ ਲੱਖਾਂ ਵੋਟਰਾਂ ਦੇ ਨਾਂ ਸੂਚੀ ਵਿਚੋਂ ਹਟਾਏ ਜਾਣ ਦੀਆਂ ਖ਼ਬਰਾਂ ਚਿੰਤਾਜਨਕ ਹਨ, ਜਿਨ੍ਹਾਂ ਵਿਚ ਜ਼ਿਆਦਾਤਰ ਘੱਟ-ਗਿਣਤੀ ਵਰਗ ਨਾਲ ਸਬੰਧਤ ਹਨ। ਪੱਤਰ ਵਿਚ ਦੋਸ਼ ਲਾਇਆ ਗਿਆ ਹੈ ਕਿ ਵੋਟਰ ਸੂਚੀਆਂ ਦੀ ਇਸ ਸੁਧਾਈ ਲਈ ਗੈਰ-ਪਾਰਦਰਸ਼ੀ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਪ੍ਰਣਾਲੀ ਦਾ ਸਹਾਰਾ ਲਿਆ ਗਿਆ, ਵੋਟਰਾਂ ਨੂੰ ਆਪਣੇ ਦਸਤਾਵੇਜ਼ ਜਮ੍ਹਾਂ ਕਰਵਾਉਣ ਲਈ ਪੂਰਾ ਸਮਾਂ ਨਹੀਂ ਦਿੱਤਾ ਗਿਆ ਅਤੇ ਨਾਂ ਕੱਟੇ ਜਾਣ ਖ਼ਿਲਾਫ਼ ਅਪੀਲ ਕਰਨ ਦਾ ਕੋਈ ਪੁਖ਼ਤਾ ਪ੍ਰਬੰਧ ਵੀ ਨਹੀਂ ਸੀ। ਇੰਨਾ ਹੀ ਨਹੀਂ, ਨਾਵਾਂ ਦੇ ਸਪੈਲਿੰਗਾਂ (ਅੱਖਰਾਂ) ਵਿਚ ਮਾਮੂਲੀ ਗਲਤੀਆਂ ਨੂੰ ਆਧਾਰ ਬਣਾ ਕੇ ਵੋਟਰਾਂ ਦੇ ਨਾਂ ਸੂਚੀ ਵਿਚੋਂ ਉਡਾ ਦਿੱਤੇ ਗਏ।

ਇਸ ਸੰਚਾਰ ਵਿਚ ਖ਼ਾਸ ਤੌਰ 'ਤੇ ਪੱਛਮੀ ਬੰਗਾਲ ਦਾ ਹਵਾਲਾ ਦਿੱਤਾ ਗਿਆ ਹੈ, ਜਿੱਥੇ ਮੁਸਲਿਮ ਵੋਟਰਾਂ ਨੂੰ ਸਭ ਤੋਂ ਵੱਧ ਨੁਕਸਾਨ ਝੱਲਣਾ ਪਿਆ। ਰਿਪੋਰਟ ਮੁਤਾਬਕ ਨੰਦੀਗ੍ਰਾਮ ਵਿਧਾਨ ਸਭਾ ਹਲਕੇ ਵਿਚੋਂ ਜਿੰਨੇ ਵੋਟਰਾਂ ਦੇ ਨਾਂ ਕੱਟੇ ਗਏ, ਉਨ੍ਹਾਂ ਵਿਚੋਂ ਕਰੀਬ 95 ਫੀਸਦੀ ਮੁਸਲਿਮ ਸਨ, ਜਦੋਂ ਕਿ ਉਸ ਹਲਕੇ ਵਿਚ ਮੁਸਲਿਮ ਆਬਾਦੀ ਸਿਰਫ਼ 25 ਫੀਸਦੀ ਦੇ ਕਰੀਬ ਹੈ।

ਇਸ ਦੇ ਨਾਲ ਹੀ ਬਿਹਾਰ ਵਿਚ ਚੱਲੀ ਇਸੇ ਮੁਹਿੰਮ ਬਾਰੇ ਵੀ ਚਿੰਤਾ ਜ਼ਾਹਰ ਕੀਤੀ ਗਈ ਹੈ, ਜਿੱਥੇ ਅਜਿਹੀ ਕਾਰਵਾਈ ਕਾਰਨ ਮੁਸਲਿਮ ਅਤੇ ਹੋਰ ਪੱਛੜੇ ਵਰਗਾਂ ਦੇ ਵੱਡੀ ਗਿਣਤੀ ਵਿਚ ਵੋਟ ਦੇ ਅਧਿਕਾਰ ਤੋਂ ਵਾਂਝੇ ਹੋਣ ਦਾ ਖ਼ਦਸ਼ਾ ਜਤਾਇਆ ਗਿਆ ਹੈ। ਯੂ.ਐੱਨ. ਦੇ ਮਾਹਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਵੋਟਰ ਡਾਟਾ ਵਿਚ ਗੜਬੜੀਆਂ ਫੜਨ ਲਈ ਵਰਤੇ ਗਏ ਏ.ਆਈ. ਸਿਸਟਮ ਵਿਚ ਪੱਖਪਾਤ ਅਤੇ ਵੱਡੀਆਂ ਗਲਤੀਆਂ ਦੀ ਗੁੰਜਾਇਸ਼ ਹੋ ਸਕਦੀ ਹੈ, ਜਿਸ ਨਾਲ ਯੋਗ ਭਾਰਤੀ ਨਾਗਰਿਕਾਂ ਨੂੰ ਲੋਕਤੰਤਰ ਦੇ ਸਭ ਤੋਂ ਵੱਡੇ ਅਧਿਕਾਰ ਤੋਂ ਦੂਰ ਕੀਤਾ ਜਾ ਰਿਹਾ ਹੈ।


## MATRIMONIAL

Jatt Sikh, Chatha, Age 33yrs, height 6'-1", American born boy, Fully family values known, Gursikh Lawyer boy, working in Los Angeles county as Lawyer supervisor, looking for an educated & beautiful girl in California.
for more information Contact at : 818-645-9810
895


# ਪੰਜਾਬ ਕਾਂਗਰਸ 'ਚ ਅਨੁਸ਼ਾਸਨਹੀਣਤਾ ਕਾਰਨ ਮਦਨ ਲਾਲ ਜਲਾਲਪੁਰ ਨੂੰ ਪਾਰਟੀ 'ਚੋਂ ਬਾਹਰ ਦਾ ਰਸਤਾ ਵਿਖਾਇਆ

**ਜਲੰਧਰ, (ਪੰਜਾਬ ਮੇਲ)-** ਪੰਜਾਬ ਕਾਂਗਰਸ ਵਿਚ ਅਨੁਸ਼ਾਸਨਹੀਣਤਾ ਨੂੰ ਲੈ ਕੇ ਵੱਡੀ ਕਾਰਵਾਈ ਹੋਣ ਜਾ ਰਹੀ ਹੈ। ਜਾਣਕਾਰੀ ਅਨੁਸਾਰ ਮਦਨ ਲਾਲ ਜਲਾਲਪੁਰ ਨੂੰ ਪਾਰਟੀ ਵਿਚੋਂ ਬਾਹਰ ਦਾ ਰਸਤਾ ਵਿਖਾਇਆ ਜਾ ਸਕਦਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਪੰਜਾਬ ਕਾਂਗਰਸ ਦੇ ਇੰਚਾਰਜ ਭੂਪੇਸ਼ ਬਘੇਲ ਨੇ ਸਪੱਸ਼ਟ ਕੀਤਾ ਕਿ ਜਲਾਲਪੁਰ ਨੇ ਪਾਰਟੀ ਦਾ ਅਨੁਸ਼ਾਸਨ (ਡਸਿਪਲਨ) ਭੰਗ ਕੀਤਾ ਹੈ, ਜਿਸ ਨੂੰ ਪਾਰਟੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ। ਹਾਲਾਂਕਿ ਜਲਾਲਪੁਰ ਵੱਲੋਂ ਪਾਰਟੀ ਨੂੰ ਆਪਣਾ ਸਪੱਸ਼ਟੀਕਰਨ/ਜਵਾਬ ਭੇਜਿਆ ਗਿਆ ਸੀ ਪਰ ਪਾਰਟੀ ਹਾਈਕਮਾਂਡ ਜਲਾਲਪੁਰ ਦੇ ਜਵਾਬ ਤੋਂ ਸੰਤੁਸ਼ਟ ਨਹੀਂ ਹੈ। ਹੁਣ ਪਾਰਟੀ ਨੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਮਨ ਬਣਾ ਲਿਆ ਹੈ, ਜਿਸ ਦੇ ਚੱਲਦੇ ਉਨ੍ਹਾਂ ਨੂੰ ਪਾਰਟੀ ਵਿਚੋਂ ਬਾਹਰ ਦਾ ਰਸਤਾ ਵਿਖਾਇਆ ਜਾਵੇਗਾ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਅਨੁਸ਼ਾਸਨੀ ਕਮੇਟੀ ਨੇ ਕੁਝ ਦਿਨ ਪਹਿਲਾਂ ਹੀ ਘਨੌਰ ਦੇ ਸਾਬਕਾ ਕਾਂਗਰਸੀ ਵਿਧਾਇਕ ਮਦਨ ਲਾਲ ਜਲਾਲਪੁਰ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਹੇਠ ਨੋਟਿਸ ਜਾਰੀ ਕੀਤਾ ਸੀ। ਇਹ ਨੋਟਿਸ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਅਤੇ ਸਾਬਕਾ ਕੈਬਨਿਟ ਮੰਤਰੀ ਅਵਤਾਰ ਹੈਨਰੀ ਵੱਲੋਂ ਜਾਰੀ ਕੀਤਾ ਗਿਆ ਹੈ। ਜਾਰੀ ਨੋਟਿਸ 'ਚ ਕਿਹਾ ਗਿਆ ਸੀ ਕਿ ਮਦਨ ਲਾਲ ਜਲਾਲਪੁਰ ਵਿਰੁੱਧ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੂੰ ਇਕ ਸ਼ਿਕਾਇਤ ਪ੍ਰਾਪਤ ਹੋਈ ਸੀ।


ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com



# ਪੰਜਾਬ ਯੂਨੀਵਰਸਿਟੀ ਸੈਨੇਟ ਚੋਣਾਂ 2026 ਲਈ ਅਸ਼ੋਕ ਗੋਇਲ ਵੱਲੋਂ ਆਪਣੀ ਉਮੀਦਵਾਰੀ ਦਾ ਐਲਾਨ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਯੂਨੀਵਰਸਿਟੀ ਦੀ ਸਰਵਉੱਚ ਸੰਵਿਧਾਨਕ ਸੰਸਥਾ ਸੈਨੇਟ ਦੇ ਸਾਬਕਾ ਮੈਂਬਰ ਅਸ਼ੋਕ ਗੋਇਲ ਨੇ ਆਗਾਮੀ ਪੰਜਾਬ ਯੂਨੀਵਰਸਿਟੀ ਸੈਨੇਟ ਚੋਣਾਂ 2026 ਲਈ ਆਪਣੀ ਉਮੀਦਵਾਰੀ ਦਾ ਐਲਾਨ ਕਰ ਦਿੱਤਾ ਹੈ। ਲਗਾਤਾਰ 32 ਸਾਲਾਂ ਤੱਕ ਸੈਨੇਟ ਮੈਂਬਰ ਵਜੋਂ ਆਪਣੀ ਸਰਗਰਮ ਅਤੇ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਣ ਵਾਲੇ ਅਸ਼ੋਕ ਗੋਇਲ ਯੂਨੀਵਰਸਿਟੀ ਪ੍ਰਸ਼ਾਸਨ, ਉੱਚ ਸਿੱਖਿਆ ਅਤੇ ਅਕਾਦਮਿਕ ਵਿਕਾਸ ਨਾਲ ਜੁੜੀਆਂ ਸਭ ਤੋਂ ਤਜ਼ਰਬੇਕਾਰ ਅਤੇ ਸਤਿਕਾਰਤ ਸ਼ਖ਼ਸੀਅਤਾਂ ਵਿਚ ਗਿਣੇ ਜਾਂਦੇ ਹਨ। ਉਹ ਲਗਾਤਾਰ 9ਵੀਂ ਵਾਰ ਸੈਨੇਟ ਚੋਣ ਮੈਦਾਨ ਵਿਚ ਹਨ, ਜੋ ਯੂਨੀਵਰਸਿਟੀ ਪ੍ਰਤੀ ਉਨ੍ਹਾਂ ਦੇ ਸਮਰਪਣ, ਤਜ਼ਰਬੇ ਅਤੇ ਵਿਆਪਕ ਜਨਸਮਰਥਨ ਦਾ ਸਬੂਤ ਹੈ।



ਦੱਸ ਦੇਈਏ ਕਿ ਆਪਣੇ ਲੰਬੇ ਕਾਰਜਕਾਲ ਦੌਰਾਨ ਗੋਇਲ ਨੇ ਯੂਨੀਵਰਸਿਟੀ ਦੀ ਖ਼ੁਦਮੁਖਤਿਆਰੀ ਦੀ ਰੱਖਿਆ, ਵਿੱਦਿਅਕ ਉੱਤਮਤਾ, ਪ੍ਰਸ਼ਾਸਨਿਕ ਪਾਰਦਰਸ਼ਤਾ, ਵਿਦਿਆਰਥੀ ਅਤੇ ਅਧਿਆਪਕ ਹਿੱਤਾਂ, ਮੁਲਾਜ਼ਮਾਂ ਦੀ ਭਲਾਈ ਅਤੇ ਸਬੰਧਤ ਕਾਲਜਾਂ ਦੇ ਵਿਕਾਸ ਨਾਲ ਜੁੜੇ ਕਈ ਅਹਿਮ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਠਾਇਆ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਨੂੰ ਦੁਬਾਰਾ ਸੇਵਾ ਦਾ ਮੌਕਾ ਮਿਲਦਾ ਹੈ, ਤਾਂ ਉਹ ਵਿਦਿਆਰਥੀਆਂ, ਅਧਿਆਪਕਾਂ, ਮੁਲਾਜ਼ਮਾਂ ਅਤੇ ਗ੍ਰੈਜੂਏਟ ਵੋਟਰਾਂ ਦੀ ਆਵਾਜ਼ ਨੂੰ ਸੈਨੇਟ ਵਿਚ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਉਠਾਉਣ ਲਈ ਪੂਰੀ ਦ੍ਰਿੜ੍ਹਤਾ ਨਾਲ ਕੰਮ ਕਰਨਗੇ। ਪੰਜਾਬ ਯੂਨੀਵਰਸਿਟੀ ਦੇਸ਼ ਦੇ ਵੱਕਾਰੀ ਵਿਦਿਅਕ ਅਦਾਰਿਆਂ ਵਿਚ ਮੋਹਰੀ ਸਥਾਨ ਰੱਖਦੀ ਹੈ। ਆਪਣੀਆਂ ਸ਼ਾਨਦਾਰ ਪ੍ਰੰਪਰਾਵਾਂ, ਅਕਾਦਮਿਕ ਗੁਣਵੱਤਾ ਅਤੇ ਖ਼ੁਦਮੁਖਤਿਆਰੀ ਨੂੰ ਹੋਰ ਮਜ਼ਬੂਤ ਕਰਨਾ ਸਮੇਂ ਦੀ ਲੋੜ ਹੈ।

ਉਨ੍ਹਾਂ ਨੇ ਯੂਨੀਵਰਸਿਟੀ ਦੇ ਸਾਰੇ ਗ੍ਰੈਜੂਏਟ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਵੋਟ ਦੀ ਵਰਤੋਂ ਕਰਦੇ ਹੋਏ ਇੱਕ ਤਜ਼ਰਬੇਕਾਰ, ਇਮਾਨਦਾਰ ਅਤੇ ਸਮਰਪਿਤ ਪ੍ਰਤੀਨਿਧੀ ਵਜੋਂ ਉਨ੍ਹਾਂ ਨੂੰ ਆਪਣਾ ਸਮਰਥਨ ਅਤੇ ਆਸ਼ੀਰਵਾਦ ਦੇਣ, ਤਾਂ ਜੋ ਪੰਜਾਬ ਯੂਨੀਵਰਸਿਟੀ ਦੇ ਵਿਕਾਸ, ਮਾਣ ਅਤੇ ਉੱਤਮਤਾ ਦੇ ਸਫ਼ਰ ਨੂੰ ਨਵੀਂ ਊਰਜਾ ਅਤੇ ਨਵੀਂ ਦਿਸ਼ਾ ਮਿਲ ਸਕੇ।






# ਗੁਜਰਾਤ ਹਾਈ ਕੋਰਟ ਵੱਲੋਂ 'ਇੰਡੀਅਨ ਮੁਜਾਹਿਦੀਨ' ਦੇ 38 ਅੱਤਵਾਦੀਆਂ ਦੀ ਫਾਂਸੀ ਦੀ ਸਜ਼ਾ ਬਰਕਰਾਰ

**ਅਹਿਮਦਾਬਾਦ, (ਪੰਜਾਬ ਮੇਲ)-** ਗੁਜਰਾਤ ਹਾਈ ਕੋਰਟ ਨੇ ਸਾਲ 2008 ਦੇ ਅਹਿਮਦਾਬਾਦ ਲੜੀਵਾਰ ਬੰਬ ਧਮਾਕਿਆਂ ਦੇ ਮਾਮਲੇ ਵਿਚ ਪਾਬੰਦੀਸ਼ੁਦਾ ਜਥੇਬੰਦੀ 'ਇੰਡੀਅਨ ਮੁਜਾਹਿਦੀਨ' (ਆਈ.ਐੱਮ.) ਦੇ 38 ਅੱਤਵਾਦੀਆਂ ਦੀ ਫਾਂਸੀ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਹੈ। ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਦੇਸ਼ ਦੇ ਇਤਿਹਾਸ ਵਿਚ ਇਹ ਇੱਕ ਬੇਹੱਦ 'ਭਿਆਨਕ ਅਤੇ ਵਹਿਸ਼ੀਆਨਾ' ਸਾਜ਼ਿਸ਼ ਸੀ, ਜਿਸ ਦਾ ਮੁੱਖ ਮਕਸਦ ਸਮਾਜ ਵਿਚ ਵੱਡੇ ਪੱਧਰ 'ਤੇ ਦਹਿਸ਼ਤ ਫੈਲਾਉਣਾ ਅਤੇ ਵੱਧ ਤੋਂ ਵੱਧ ਜਾਨੀ ਨੁਕਸਾਨ ਕਰਨਾ ਸੀ।

ਜਸਟਿਸ ਏ.ਵਾਈ. ਕੋਗਜੇ ਅਤੇ ਜਸਟਿਸ ਸਮੀਰ ਦਵੇ ਦੇ ਬੈਂਚ ਨੇ ਬੀਤੀ 7 ਜੁਲਾਈ ਨੂੰ ਸੁਣਾਏ ਆਪਣੇ ਫੈਸਲੇ ਵਿਚ 11 ਹੋਰ ਦੋਸ਼ੀਆਂ ਦੀ ਉਮਰ ਕੈਦ ਦੀ ਸਜ਼ਾ ਨੂੰ ਵੀ ਜਾਇਜ਼ ਠਹਿਰਾਇਆ

**■ 11 ਹੋਰਾਂ ਦੀ ਉਮਰ ਕੈਦ ਵੀ ਜਾਇਜ਼ : ਹਾਈਕੋਰਟ**

ਹੈ। ਅਦਾਲਤ ਨੇ ਮੰਨਿਆ ਕਿ ਗੁਜਰਾਤ ਅਤੇ ਕੇਰਲ ਵਿਚ ਚੱਲੇ ਅੱਤਵਾਦੀ ਸਿਖਲਾਈ ਕੈਂਪਾਂ ਵਿਚ ਇਨ੍ਹਾਂ ਦੋਸ਼ੀਆਂ ਦੀ ਸ਼ਮੂਲੀਅਤ ਅਤੇ ਸਾਜ਼ਿਸ਼ ਲਈ ਸਾਜ਼ੋ-ਸਾਮਾਨ ਮੁਹੱਈਆ ਕਰਵਾਉਣ ਦੇ ਸਬੂਤ ਪੂਰੀ ਤਰ੍ਹਾਂ ਸਹੀ ਪਾਏ ਗਏ ਹਨ।

ਜ਼ਿਕਰਯੋਗ ਹੈ ਕਿ 26 ਜੁਲਾਈ 2008 ਨੂੰ ਅਹਿਮਦਾਬਾਦ ਵਿਚ ਮਹਿਜ਼ 70 ਮਿੰਟਾਂ ਦੇ ਅੰਦਰ 21 ਧਮਾਕੇ ਹੋਏ ਸਨ, ਜਿਨ੍ਹਾਂ ਵਿਚ 56 ਲੋਕ ਮਾਰੇ ਗਏ ਸਨ ਅਤੇ 200 ਤੋਂ ਵੱਧ ਜ਼ਖ਼ਮੀ ਹੋ ਗਏ ਸਨ। ਭਾਰਤ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਸੀ, ਜਦੋਂ ਅੱਤਵਾਦੀਆਂ ਨੇ ਉਨ੍ਹਾਂ ਹਸਪਤਾਲਾਂ ਨੂੰ ਵੀ ਨਿਸ਼ਾਨਾ ਬਣਾਇਆ ਸੀ, ਜਿੱਥੇ ਧਮਾਕਿਆਂ ਦੇ ਜ਼ਖ਼ਮੀਆਂ ਨੂੰ ਇਲਾਜ ਲਈ ਲਿਜਾਇਆ ਜਾ ਰਿਹਾ ਸੀ।

ਹਾਈ ਕੋਰਟ ਨੇ ਦੋਸ਼ੀਆਂ ਵੱਲੋਂ ਦਾਇਰ ਸਾਰੀਆਂ ਅਪੀਲਾਂ ਨੂੰ ਖਾਰਜ ਕਰਦਿਆਂ ਵਿਸ਼ੇਸ਼ ਅਦਾਲਤ ਦੇ ਫਰਵਰੀ 2022 ਦੇ ਇਤਿਹਾਸਕ ਫੈਸਲੇ ਦੀ ਪੁਸ਼ਟੀ ਕੀਤੀ ਹੈ। ਹਾਈ ਕੋਰਟ ਨੇ ਟਿੱਪਣੀ ਕੀਤੀ, "ਜਿਸ ਬੇਰਹਿਮੀ ਨਾਲ ਇਨ੍ਹਾਂ ਬੰਬ ਧਮਾਕਿਆਂ ਨੂੰ ਅੰਜਾਮ ਦਿੱਤਾ ਗਿਆ, ਉਹ ਬੇਕਸੂਰ ਲੋਕਾਂ ਦੀਆਂ ਜਾਨਾਂ ਲੈਣ ਵਾਲਿਆਂ ਦੀ ਖ਼ਤਰਨਾਕ ਮਾਨਸਿਕਤਾ ਅਤੇ ਬੇਰਹਿਮੀ ਨੂੰ ਦਰਸਾਉਂਦਾ ਹੈ।"

ਅਦਾਲਤ ਨੇ ਕਿਹਾ ਕਿ ਜੇਲ੍ਹ ਦੌਰਾਨ ਵੀ ਇਨ੍ਹਾਂ ਦੋਸ਼ੀਆਂ ਦਾ ਵਿਵਹਾਰ ਠੀਕ ਨਹੀਂ ਸੀ ਅਤੇ ਉਨ੍ਹਾਂ ਦੇ ਮਨਾਂ ਵਿਚ ਆਪਣੇ ਗੁਨਾਹਾਂ ਲਈ ਕੋਈ ਪਛਤਾਵਾ ਨਹੀਂ ਹੈ, ਇਸ ਲਈ ਸਜ਼ਾ ਵਿਚ ਕਿਸੇ ਤਰ੍ਹਾਂ ਦੀ ਨਰਮੀ ਦੀ ਗੁੰਜਾਇਸ਼ ਨਹੀਂ ਬਣਦੀ।

# ਜਸਵੰਤ ਸਿੰਘ ਖਾਲੜਾ ਕੇਸ: ਜ਼ਮਾਨਤ 'ਤੇ ਆਇਆ ਦੋਸ਼ੀ ਸਾਬਕਾ ਡੀ.ਐੱਸ.ਪੀ. ਜੇਲ੍ਹ ਰਿਕਾਰਡ ਵਾਲੇ ਪਤੇ ਤੋਂ ਗਾਇਬ!

**ਹੁਸ਼ਿਆਰਪੁਰ, (ਪੰਜਾਬ ਮੇਲ)**- ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ 1995 ਵਿਚ ਹੋਏ ਅਗਵਾ ਅਤੇ ਕਤਲ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਪੰਜਾਬ ਪੁਲਿਸ ਦਾ ਸਾਬਕਾ ਡੀ.ਐੱਸ.ਪੀ. ਜਸਪਾਲ ਸਿੰਘ, ਜਿਸ ਨੂੰ 2023 ਵਿਚ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਸੀ, ਨਾਭਾ ਜੇਲ੍ਹ ਦੇ ਰਿਕਾਰਡ ਵਿਚ ਦਰਜ ਪਿੰਡ ਦੇ ਪਤੇ 'ਤੇ ਨਹੀਂ ਮਿਲਿਆ ਹੈ।

ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਜੇਲ੍ਹ ਪ੍ਰਸ਼ਾਸਨ ਦੀ ਬੇਨਤੀ 'ਤੇ ਇਹ ਪੜਤਾਲ (ਵੈਰੀਫਿਕੇਸ਼ਨ) ਉਸ ਸਮੇਂ ਕੀਤੀ ਗਈ, ਜਦੋਂ ਖਾਲੜਾ ਦੇ ਜੀਵਨ 'ਤੇ ਆਧਾਰਿਤ ਫ਼ਿਲਮ 'ਸਤਲੁਜ' ਦੇ ਜ਼ੀ5 'ਤੇ ਰਿਲੀਜ਼ ਹੋਣ ਅਤੇ ਫਿਰ ਹਟਾਏ ਜਾਣ ਤੋਂ ਬਾਅਦ ਇਹ ਮਾਮਲਾ ਇੱਕ ਵਾਰ ਫਿਰ ਜਨਤਾ ਦੇ ਧਿਆਨ ਵਿਚ ਆਇਆ ਹੈ। ਥਾਣਾ ਸਦਰ ਦੇ ਸਹਾਇਕ ਸਬ-ਇੰਸਪੈਕਟਰ (ਏ.ਐੱਸ.ਆਈ.) ਜਸਵਿੰਦਰ ਸਿੰਘ ਨੇ ਦੱਸਿਆ ਕਿ ਜੇਲ੍ਹ ਅਧਿਕਾਰੀਆਂ ਨੇ ਇੱਕ ਸਰਕਾਰੀ ਪੱਤਰ ਰਾਹੀਂ ਇਹ ਪਤਾ ਲਗਾਉਣ ਲਈ ਕਿਹਾ ਸੀ ਕਿ ਕੀ ਜਸਪਾਲ ਸਿੰਘ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਮਾਂਝੀ ਵਿਚ ਰਹਿ ਰਿਹਾ ਹੈ, ਜੋ ਕਿ ਉਸ ਦੇ ਜੇਲ੍ਹ ਰਿਕਾਰਡ ਵਿਚ ਦਰਜ ਹੈ। ਜਦੋਂ ਪੁਲਿਸ ਪਿੰਡ ਪਹੁੰਚੀ, ਤਾਂ ਸਰਪੰਚ ਅਤੇ ਪਿੰਡ ਵਾਸੀਆਂ ਨੇ ਦੱਸਿਆ ਕਿ ਜਸਪਾਲ ਸਿੰਘ ਉੱਥੇ ਨਹੀਂ ਰਹਿ ਰਿਹਾ। ਐੱਸ.ਐੱਚ.ਓ. ਬਲਜਿੰਦਰ ਸਿੰਘ ਮੱਲ੍ਹੀ ਨੇ ਦੱਸਿਆ ਕਿ ਜਸਪਾਲ ਸਿੰਘ ਨੂੰ ਅਦਾਲਤ ਦੇ ਹੁਕਮਾਂ 'ਤੇ 27 ਮਈ 2023 ਨੂੰ ਨਾਭਾ ਜੇਲ੍ਹ ਤੋਂ ਅੰਤਰਿਮ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਸੀ ਅਤੇ ਜਾਂਚ ਵਿਚ ਇਹ ਸਾਹਮਣੇ ਆਇਆ ਹੈ ਕਿ ਉਹ ਜੇਲ੍ਹ ਦਸਤਾਵੇਜ਼ਾਂ ਵਿਚ ਦਿੱਤੇ ਪਤੇ 'ਤੇ ਨਹੀਂ ਰਹਿ ਰਿਹਾ।

> ▪ **ਖਾਲੜਾ ਕੇਸ ਦੇ ਦੋਸ਼ੀ ਦਾ ਪਤਾ ਨਾ ਮਿਲਣ 'ਤੇ ਸਿਆਸਤ ਗਰਮਾਈ; 'ਆਪ' ਨੇ ਮਜੀਠੀਆ ਦੇ ਦੋਸ਼ਾਂ ਨੂੰ ਕੀਤਾ ਖਾਰਜ**

ਜ਼ਿਕਰਯੋਗ ਹੈ ਕਿ ਦਿਲਜੀਤ ਦੋਸਾਂਝ ਸਟਾਰਰ ਫ਼ਿਲਮ 'ਸਤਲੁਜ', ਜਿਸ ਦਾ ਪਹਿਲਾਂ ਨਾਮ 'ਪੰਜਾਬ '95' ਸੀ, 3 ਜੁਲਾਈ ਨੂੰ ਜ਼ੀ5 'ਤੇ ਰਿਲੀਜ਼ ਹੋਈ ਸੀ ਅਤੇ ਦੋ ਦਿਨਾਂ ਬਾਅਦ ਹੀ ਇਸ ਨੂੰ ਪਲੇਟਫਾਰਮ ਤੋਂ ਹਟਾ ਦਿੱਤਾ ਗਿਆ। ਹਨੀ ਤਰੇਹਨ ਵੱਲੋਂ ਨਿਰਦੇਸ਼ਿਤ ਇਹ ਫ਼ਿਲਮ ਖਾਲੜਾ ਵੱਲੋਂ ਸੂਬੇ ਵਿਚ ਅੱਤਵਾਦ ਦੇ ਦੌਰ ਦੌਰਾਨ ਪੁਲਿਸ ਵੱਲੋਂ "ਗੈਰ-ਕਾਨੂੰਨੀ" ਤੌਰ 'ਤੇ "ਲਾਵਾਰਿਸ" ਦੱਸ ਕੇ ਸਸਕਾਰ ਕੀਤੀਆਂ ਗਈਆਂ ਹਜ਼ਾਰਾਂ ਲਾਸ਼ਾਂ ਦੀ ਜਾਂਚ 'ਤੇ ਆਧਾਰਿਤ ਹੈ। ਖਾਲੜਾ ਨੂੰ ਸਤੰਬਰ 1995 ਵਿਚ ਅੰਮ੍ਰਿਤਸਰ ਵਿਚ ਉਨ੍ਹਾਂ ਦੇ ਘਰ ਦੇ ਬਾਹਰੋਂ ਅਗਵਾ ਕਰ ਲਿਆ ਗਿਆ ਸੀ ਅਤੇ ਬਾਅਦ ਵਿਚ ਪਤਾ ਲੱਗਿਆ ਕਿ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ ਸੀ, ਹਾਲਾਂਕਿ ਉਨ੍ਹਾਂ ਦੀ ਲਾਸ਼ ਕਦੇ ਨਹੀਂ ਮਿਲੀ।

ਨਵੰਬਰ 2005 ਵਿਚ, ਇੱਕ ਸੀ.ਬੀ.ਆਈ. ਅਦਾਲਤ ਨੇ ਸਾਬਕਾ ਡੀ.ਐੱਸ.ਪੀ. ਜਸਪਾਲ ਸਿੰਘ ਅਤੇ ਏ.ਐੱਸ.ਆਈ. ਅਮਰਜੀਤ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ, ਜਦੋਂਕਿ ਚਾਰ ਹੋਰ ਪੁਲਿਸ ਮੁਲਾਜ਼ਮਾਂ ਨੂੰ ਸੱਤ-ਸੱਤ ਸਾਲ ਕੈਦ ਦੀ ਸਜ਼ਾ ਦਿੱਤੀ ਗਈ ਸੀ। ਸਾਲ 2007 ਵਿਚ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅਮਰਜੀਤ ਸਿੰਘ ਨੂੰ ਬਰੀ ਕਰ ਦਿੱਤਾ ਸੀ, ਜਦੋਂ ਕਿ ਬਾਕੀ ਚਾਰ ਦੋਸ਼ੀਆਂ ਦੀ ਸਜ਼ਾ ਵਧਾ ਕੇ ਉਮਰ ਕੈਦ ਕਰ ਦਿੱਤੀ ਸੀ, ਜਿਸ ਫੈਸਲੇ ਨੂੰ ਸੁਪਰੀਮ ਕੋਰਟ ਨੇ 2011 ਵਿਚ ਬਰਕਰਾਰ ਰੱਖਿਆ ਸੀ।

ਇਸ ਚੱਲ ਰਹੇ ਵਿਵਾਦ ਦੇ ਵਿਚਕਾਰ, ਆਮ ਆਦਮੀ ਪਾਰਟੀ ਨੇ ਵਿਰੋਧੀ ਧਿਰ ਦੇ ਉਨ੍ਹਾਂ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਹੈ, ਜਿਸ ਵਿਚ ਕਿਹਾ ਗਿਆ ਸੀ ਕਿ ਪੰਜਾਬ ਸਰਕਾਰ ਨੇ ਜਸਪਾਲ ਸਿੰਘ ਦੀ ਸਮੇਂ ਤੋਂ ਪਹਿਲਾਂ ਰਿਹਾਈ ਦਾ ਪ੍ਰਸਤਾਵ ਭੇਜਿਆ ਸੀ। ਇਹ ਸਿਆਸੀ ਵਿਵਾਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਦੇ ਉਸ ਦੋਸ਼ ਤੋਂ ਬਾਅਦ ਸ਼ੁਰੂ ਹੋਇਆ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ 'ਆਪ' ਸਰਕਾਰ ਨੇ ਜਸਪਾਲ ਸਿੰਘ ਦੀ ਸਜ਼ਾ ਮੁਆਫ਼ੀ ਦੀ ਕੋਸ਼ਿਸ਼ ਕੀਤੀ, ਉਸ ਦੀ ਰਿਹਾਈ ਵਿਚ ਮਦਦ ਕੀਤੀ ਅਤੇ ਅੰਤਰਿਮ ਜ਼ਮਾਨਤ ਮਿਲਣ ਤੋਂ ਬਾਅਦ ਉਸ ਦਾ ਪਤਾ ਲਗਾਉਣ ਵਿਚ ਨਾਕਾਮ ਰਹੀ।

# ਅਮਰੀਕੀ ਅਟਾਰਨੀ ਜਨਰਲ ਦੀ ਸ਼ਿਕਾਇਤ 'ਤੇ ਪੰਜਾਬ ਪੁਲਿਸ ਦੇ ਐੱਸ.ਐੱਚ.ਓ. 'ਤੇ ਹੋਈ ਸਖਤ ਕਾਰਵਾਈ



**ਹੁਸ਼ਿਆਰਪੁਰ/ਜਲੰਧਰ, (ਪੰਜਾਬ ਮੇਲ)**- ਹੁਸ਼ਿਆਰਪੁਰ ਦੇ ਟਾਂਡਾ ਥਾਣੇ ਵਿਚ ਤਾਇਨਾਤ ਐੱਸ.ਐੱਚ.ਓ. ਗੁਰਿੰਦਰਜੀਤ ਸਿੰਘ ਨਾਗਰਾ ਨੂੰ ਅਮਰੀਕਾ ਦੇ ਅਟਾਰਨੀ ਜਨਰਲ ਦੀ ਸ਼ਿਕਾਇਤ 'ਤੇ ਤੁਰੰਤ ਪ੍ਰਭਾਵ ਨਾਲ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ। ਬੀਤੇ ਦਿਨੀਂ ਅਮਰੀਕਾ ਦੇ ਅਟਾਰਨੀ ਜਨਰਲ ਨੇ ਪ੍ਰੈੱਸ ਕਾਨਫ਼ਰੰਸ ਕਰਕੇ ਦੋਸ਼ ਲਾਇਆ ਸੀ ਕਿ ਐੱਸ.ਐੱਚ.ਓ. ਨੇ 4 ਲੱਖ ਡਾਲਰ ਦੀ ਨਾਜਾਇਜ਼ ਮੰਗ ਕੀਤੀ ਹੈ। ਇਸ ਤੋਂ ਬਾਅਦ ਡੀ.ਆਈ.ਜੀ. ਇੰਟੈਲੀਜੈਂਸ ਦੀ ਸਿਫ਼ਾਰਸ਼ 'ਤੇ ਐੱਸ.ਐੱਚ.ਓ. ਨਾਗਰਾ ਨੂੰ ਤੁਰੰਤ ਪ੍ਰਭਾਵ ਨਾਲ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ। ਪਤਾ ਲੱਗਿਆ ਹੈ ਕਿ ਜਾਂਚ ਮੁਕੰਮਲ ਹੋਣ ਤੱਕ ਨਾਗਰਾ ਲਾਈਨ ਹਾਜ਼ਰ ਰਹਿਣਗੇ।

ਜਾਣਕਾਰੀ ਮੁਤਾਬਕ ਕੁਝ ਮਹੀਨੇ ਪਹਿਲਾਂ ਟਾਂਡਾ ਦੇ ਪਿੰਡ ਮਿਆਨੀ 'ਚ ਬਲਵਿੰਦਰ ਸਿੰਘ ਸਤ ਕਰਤਾਰ ਦਾ ਕਤਲ ਕਰ ਦਿੱਤਾ ਗਿਆ ਸੀ। ਬਲਵਿੰਦਰ ਦੇ ਪਰਿਵਾਰ ਦਾ ਦੋਸ਼ ਸੀ ਕਿ ਕਤਲ ਦੀ ਵਾਰਦਾਤ ਨੂੰ ਬਲਵਿੰਦਰ ਦੀ ਧੀ ਦੇ ਸਹੁਰੇ ਪਰਿਵਾਰ ਨੇ ਅੰਜਾਮ ਦਿੱਤਾ ਹੈ। ਬਲਵਿੰਦਰ ਦੀ ਧੀ ਦਾ ਵਿਆਹ ਅਮਰੀਕਾ ਵਿਚ ਹੋਇਆ ਸੀ। ਕੁਝ ਸਮੇਂ ਬਾਅਦ ਉਸ ਦਾ ਤਲਾਕ ਹੋ ਗਿਆ ਸੀ। ਉਨ੍ਹਾਂ ਦੋਸ਼ ਲਾਇਆ ਸੀ ਕਿ ਕਤਲ ਦੇ ਮਾਮਲੇ ਵਿਚ ਐੱਸ.ਐੱਚ.ਓ. ਅਮਰੀਕਾ ਵਿਚ ਰਹਿੰਦੇ ਪਰਿਵਾਰ ਨੂੰ ਫ਼ੋਨ ਕਰਕੇ ਪੈਸਿਆਂ ਦੀ ਮੰਗ ਕਰ ਰਿਹਾ ਸੀ ਅਤੇ ਪੈਸੇ ਨਾ ਦੇਣ 'ਤੇ ਕਤਲ ਕੇਸ ਵਿਚ ਫਸਾਉਣ ਦੀ ਧਮਕੀ ਦੇ ਰਿਹਾ ਸੀ।

ਇਸ ਦੀ ਸ਼ਿਕਾਇਤ ਪਰਿਵਾਰ ਨੇ ਅਮਰੀਕਾ ਦੀ ਐੱਫ਼.ਬੀ.ਆਈ. ਕੋਲ ਕੀਤੀ। ਅਧਿਕਾਰੀਆਂ ਨੇ ਜਦੋਂ ਤਫ਼ਤੀਸ਼ ਕੀਤੀ ਤਾਂ ਪਾਇਆ ਕਿ ਐੱਸ.ਐੱਚ.ਓ. ਨੇ ਅਮਰੀਕਾ ਰਹਿੰਦੇ ਪਰਿਵਾਰ ਨਾਲ ਕਈ ਵਾਰ ਫ਼ੋਨ 'ਤੇ ਗੱਲਬਾਤ ਕੀਤੀ ਹੈ। ਦੂਜੇ ਪਾਸੇ ਐੱਸ.ਐੱਚ.ਓ. ਗੁਰਿੰਦਰਜੀਤ ਸਿੰਘ ਨਾਗਰਾ ਨੇ ਕਿਹਾ ਕਿ ਉਨ੍ਹਾਂ ਦੇ ਨਾਂ 'ਤੇ ਵੀਡੀਓ ਵਾਇਰਲ ਹੋ ਰਹੀ ਹੈ। ਏਜੰਸੀ ਨਾਲ ਗੱਲ ਕਰਨ ਤੋਂ ਬਾਅਦ ਹੀ ਉਹ ਕੁਝ ਕਹਿ ਸਕਣਗੇ। ਉਨ੍ਹਾਂ ਦੇ ਕਿਸੇ ਵੀ ਖਾਤੇ ਵਿਚ ਕੋਈ ਪੈਸਾ ਨਹੀਂ ਆਇਆ। ਸਾਰੇ ਦੋਸ਼ ਬੇਬੁਨਿਆਦ ਹਨ।

# ਮੁਅੱਤਲ ਡੀ.ਆਈ.ਜੀ. ਭੁੱਲਰ ਮਾਮਲੇ 'ਚ ਸੀ.ਬੀ.ਆਈ. ਅਦਾਲਤ ਵੱਲੋਂ ਦੋਸ਼ ਤੈਅ



**ਚੰਡੀਗੜ੍ਹ, (ਪੰਜਾਬ ਮੇਲ)**- ਚੰਡੀਗੜ੍ਹ ਦੀ ਸੀ.ਬੀ.ਆਈ. ਅਦਾਲਤ ਨੇ ਪੰਜਾਬ ਪੁਲਿਸ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਅਤੇ ਉਨ੍ਹਾਂ ਦੇ ਸਾਥੀ ਕ੍ਰਿਸ਼ਨੂੰ ਸ਼ਾਰਦਾ ਖ਼ਿਲਾਫ਼ ਪਿਛਲੇ ਸਾਲ ਦਰਜ ਹੋਏ ਰਿਸ਼ਵਤਖੋਰੀ ਦੇ ਇਕ ਮਾਮਲੇ 'ਚ ਦੋਸ਼ ਤੈਅ ਕੀਤੇ ਹਨ।

ਇਸ ਮਾਮਲੇ 'ਚ ਐੱਫ਼.ਆਈ.ਆਰ. ਆਕਾਸ਼ ਬੱਟਾ ਨਾਮ ਦੇ ਇਕ ਵਿਅਕਤੀ ਦੀ ਸ਼ਿਕਾਇਤ 'ਤੇ ਦਰਜ ਕੀਤੀ ਗਈ ਸੀ। ਸ਼ਿਕਾਇਤ ਕਰਤਾ ਨੇ ਦੋਸ਼ ਲਾਇਆ ਸੀ ਕਿ ਭੁੱਲਰ, ਜੋ ਉਸ ਸਮੇਂ ਪੰਜਾਬ ਪੁਲਿਸ 'ਚ ਰੋਪੜ ਰੇਂਜ ਦੇ ਡੀ.ਆਈ.ਜੀ. ਵਜੋਂ ਤਾਇਨਾਤ ਸਨ, ਉਨ੍ਹਾਂ ਨੇ ਥਾਣਾ ਸਰਹਿੰਦ 'ਚ ਦਰਜ ਇਕ ਐੱਫ.ਆਈ.ਆਰ. 'ਚ ਪੱਖ ਪੂਰਨ ਅਤੇ ਸ਼ਿਕਾਇਤਕਰਤਾ ਦੇ ਕਾਰੋਬਾਰ ਖ਼ਿਲਾਫ਼ ਕੋਈ ਸਖ਼ਤ ਕਾਰਵਾਈ ਨਾ ਹੋਣ ਦੇਣ ਦੇ ਬਦਲੇ ਆਪਣੇ ਇਕ ਨਿੱਜੀ ਸਾਥੀ ਕ੍ਰਿਸ਼ਨੂੰ ਸ਼ਾਰਦਾ ਰਾਹੀਂ ਨਾਜਾਇਜ਼ ਰਿਸ਼ਵਤ ਦੀ ਮੰਗ ਕੀਤੀ ਸੀ। ਸ਼ਿਕਾਇਤ ਮਿਲਣ ਤੋਂ ਬਾਅਦ ਸੀ.ਬੀ.ਆਈ. ਵੱਲੋਂ ਜਾਲ ਵਿਛਾਇਆ ਗਿਆ ਅਤੇ ਭੁੱਲਰ ਦੇ ਕਥਿਤ ਸਾਥੀ ਕ੍ਰਿਸ਼ਨੂੰ ਸ਼ਾਰਦਾ ਨੂੰ 16 ਅਕਤੂਬਰ 2025 ਨੂੰ ਸ਼ਿਕਾਇਤ ਕਰਤਾ ਤੋਂ ਮੰਗੀ ਗਈ ਰਿਸ਼ਵਤ ਦੇ ਹਿੱਸੇ ਵਜੋਂ 5,00,000 ਰੁਪਏ ਸਵੀਕਾਰ ਕਰਦੇ ਹੋਏ ਪਹਿਲਾਂ ਕਾਬੂ ਕੀਤਾ ਗਿਆ। ਡੀ.ਆਈ.ਜੀ. ਭੁੱਲਰ ਨੂੰ ਵੀ ਉਸੇ ਦਿਨ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਇਸ ਮਾਮਲੇ ਵਿਚ ਬੀ.ਐੱਨ.ਐੱਸ.ਐੱਸ. ਦੀ ਧਾਰਾ 193 ਤਹਿਤ ਦਸੰਬਰ 2025 'ਚ ਚਾਰਜਸ਼ੀਟ ਦਾਇਰ ਕੀਤੀ ਗਈ ਸੀ।



# ਪੰਜਾਬ ਕਾਂਗਰਸ 'ਚ ਚੱਲ ਰਹੀ ਅੰਦਰੂਨੀ ਖਿੱਚੋਤਾਣ ਨੂੰ ਲੈ ਕੇ ਪਾਰਟੀ ਲੀਡਰਸ਼ਿਪ ਹੋਈ ਸਰਗਰਮ

**■ ਪੰਜਾਬ ਕਾਂਗਰਸ 'ਤੇ ਫ਼ੈਸਲੇ ਤੋਂ ਪਹਿਲਾਂ 3 ਮੈਂਬਰੀ ਟੀਮ ਲਵੇਗੀ ਫੀਡਬੈਕ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਕਾਂਗਰਸ ਵਿਚ ਚੱਲ ਰਹੀ ਅੰਦਰੂਨੀ ਖਿੱਚੋਤਾਣ ਅਤੇ ਵਧਦੀ ਧੜੇਬਾਜ਼ੀ ਨੂੰ ਲੈ ਕੇ ਪਾਰਟੀ ਲੀਡਰਸ਼ਿਪ ਸਰਗਰਮ ਹੋ ਗਈ ਹੈ। ਪੰਜਾਬ ਕਾਂਗਰਸ ਦੇ ਇੰਚਾਰਜ ਜਨਰਲ ਸਕੱਤਰ ਭੂਪੇਸ਼ ਬਘੇਲ ਨੇ ਸੂਬੇ ਦੇ 5 ਦਿਨਾਂ ਦੌਰੇ ਤੋਂ ਬਾਅਦ ਤਿਆਰ ਕੀਤੀ ਗਈ ਆਪਣੀ ਰਿਪੋਰਟ ਰਾਹੁਲ ਗਾਂਧੀ ਦੇ ਦਫ਼ਤਰ ਨੂੰ ਸੌਂਪ ਦਿੱਤੀ ਹੈ। ਇਸ ਰਿਪੋਰਟ ਨੂੰ ਪੰਜਾਬ ਕਾਂਗਰਸ ਦੇ ਭਵਿੱਖ ਅਤੇ ਸੰਗਠਨ ਦੀ ਦਿਸ਼ਾ ਤੈਅ ਕਰਨ ਦੇ ਲਿਹਾਜ਼ ਨਾਲ ਕਾਫ਼ੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

ਭਰੋਸੇਯੋਗ ਸੂਤਰਾਂ ਅਨੁਸਾਰ ਭੂਪੇਸ਼ ਬਘੇਲ ਨੇ ਆਪਣੇ ਦੌਰੇ ਦੌਰਾਨ ਪਾਰਟੀ ਆਗੂਆਂ, ਵਿਧਾਇਕਾਂ, ਅਹੁਦੇਦਾਰਾਂ ਅਤੇ ਵਰਕਰਾਂ ਨਾਲ ਮੁਲਾਕਾਤ ਕਰਕੇ ਸੰਗਠਨ ਦੀ ਸਥਿਤੀ ਦਾ ਮੁਲਾਂਕਣ ਕੀਤਾ ਸੀ। ਉਨ੍ਹਾਂ ਦੀ ਰਿਪੋਰਟ ਵਿਚ ਪੰਜਾਬ ਕਾਂਗਰਸ ਦੇ ਅੰਦਰ ਚੱਲ ਰਹੇ ਮਤਭੇਦਾਂ, ਸੰਗਠਨਾਤਮਕ ਚੁਣੌਤੀਆਂ ਅਤੇ ਆਗਾਮੀ ਸਿਆਸੀ ਰਣਨੀਤੀ ਨਾਲ ਜੁੜੇ ਕਈ ਮਹੱਤਵਪੂਰਨ ਨੁਕਤਿਆਂ ਦਾ ਜ਼ਿਕਰ ਕੀਤਾ ਗਿਆ ਹੈ। ਹੁਣ ਇਸ ਰਿਪੋਰਟ ਦੇ ਆਧਾਰ 'ਤੇ ਰਾਹੁਲ ਗਾਂਧੀ ਪੰਜਾਬ ਕਾਂਗਰਸ ਵਿਚ ਚੱਲ ਰਹੇ ਵਿਵਾਦਾਂ ਅਤੇ ਧੜੇਬਾਜ਼ੀ ਨੂੰ ਖ਼ਤਮ ਕਰਨ ਲਈ ਅਗਲੀ ਰਣਨੀਤੀ ਤੈਅ ਕਰਨਗੇ।

ਦਿਲਚਸਪ ਗੱਲ ਇਹ ਹੈ ਕਿ ਪਾਰਟੀ ਲੀਡਰਸ਼ਿਪ ਨੇ ਪੰਜਾਬ ਕਾਂਗਰਸ ਦੀ ਅਸਲ ਸਥਿਤੀ ਦਾ ਸੁਤੰਤਰ ਮੁਲਾਂਕਣ ਕਰਨ ਲਈ 3 ਮੈਂਬਰੀ ਵਿਸ਼ੇਸ਼ ਕਮੇਟੀ ਦਾ ਗਠਨ ਕੀਤਾ ਹੈ। ਇਸ ਕਮੇਟੀ ਨੂੰ ਗੁਪਤ ਤਰੀਕੇ ਨਾਲ ਸੂਬੇ ਦੇ ਸਿਆਸੀ ਹਾਲਾਤ ਅਤੇ ਕਾਂਗਰਸ ਸੰਗਠਨ ਦੇ ਅੰਦਰ ਦੀ ਸਥਿਤੀ ਦੀ ਜਾਣਕਾਰੀ ਇਕੱਠੀ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਕਮੇਟੀ ਵੱਖ-ਵੱਖ ਆਗੂਆਂ, ਮੀਡੀਆ ਅਦਾਰਿਆਂ ਅਤੇ ਹੋਰ ਸਬੰਧਤ ਸਰੋਤਾਂ ਨਾਲ ਗੱਲਬਾਤ ਕਰ ਕੇ ਜ਼ਮੀਨੀ ਫੀਡਬੈਕ ਇਕੱਠੀ ਕਰ ਰਹੀ ਹੈ।

ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਰਾਹੁਲ ਗਾਂਧੀ ਕਿਸੇ ਵੀ ਸਿੱਟੇ 'ਤੇ ਪਹੁੰਚਣ ਤੋਂ ਪਹਿਲਾਂ ਇਸ ਵਿਸ਼ੇਸ਼ ਕਮੇਟੀ ਦੀ ਰਿਪੋਰਟ ਦਾ ਵੀ ਗੰਭੀਰਤਾ ਨਾਲ ਅਧਿਐਨ ਕਰਨਗੇ। ਅਜਿਹੇ ਵਿਚ ਪੰਜਾਬ ਕਾਂਗਰਸ ਨੂੰ ਲੈ ਕੇ ਲਿਆ ਜਾਣ ਵਾਲਾ ਕੋਈ ਵੀ ਵੱਡਾ ਫ਼ੈਸਲਾ ਦੋਵਾਂ ਰਿਪੋਰਟਾਂ ਦੇ ਮੁਲਾਂਕਣ ਮਗਰੋਂ ਹੀ ਸਾਹਮਣੇ ਆਵੇਗਾ। ਇਹੀ ਕਾਰਨ ਹੈ ਕਿ ਫਿਲਹਾਲ ਸੰਗਠਨ ਵਿਚ ਸੰਭਾਵਿਤ ਬਦਲਾਅ ਜਾਂ ਲੀਡਰਸ਼ਿਪ ਸਬੰਧੀ ਫ਼ੈਸਲਿਆਂ ਨੂੰ ਲੈ ਕੇ ਅਟਕਲਾਂ ਦਾ ਦੌਰ ਜਾਰੀ ਹੈ। ਕਾਂਗਰਸ ਲੀਡਰਸ਼ਿਪ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਪੰਜਾਬ ਇਕਾਈ ਵਿਚ ਇਕਜੁੱਟਤਾ ਕਾਇਮ ਕਰਨਾ ਹੈ। ਹਾਲਾਂਕਿ ਇਹ ਅਜੇ ਸਪੱਸ਼ਟ ਨਹੀਂ ਹੈ ਕਿ ਪਾਰਟੀ ਸੰਗਠਨ ਵਿਚ ਬਦਲਾਅ ਕਰੇਗੀ ਜਾਂ ਫਿਰ ਆਗੂਆਂ ਨੂੰ ਅਨੁਸ਼ਾਸਨ ਦਾ ਸੰਦੇਸ਼ ਦੇ ਕੇ ਮੌਜੂਦਾ ਢਾਂਚੇ ਨੂੰ ਬਣਾਈ ਰੱਖੇਗੀ।

ਫਿਲਹਾਲ ਪੰਜਾਬ ਕਾਂਗਰਸ ਦੇ ਆਗੂਆਂ ਦੀਆਂ ਨਜ਼ਰਾਂ ਰਾਹੁਲ ਗਾਂਧੀ ਅਤੇ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ 'ਤੇ ਟਿਕੀਆਂ ਹੋਈਆਂ ਹਨ। ਸੰਭਾਵਿਤ ਫ਼ੈਸਲਿਆਂ ਨੂੰ ਲੈ ਕੇ ਆਗੂਆਂ 'ਚ ਬੇਚੈਨੀ ਵੇਖੀ ਜਾ ਰਹੀ ਹੈ। ਇਹੀ ਵਜ੍ਹਾ ਹੈ ਕਿ ਪਿਛਲੇ ਦੋ ਦਿਨਾਂ ਤੋਂ ਬਹੁਤੇ ਆਗੂ ਸੋਸ਼ਲ ਮੀਡੀਆ ਅਤੇ ਜਨਤਕ ਮੰਚਾਂ 'ਤੇ ਬਿਆਨਬਾਜ਼ੀ ਤੋਂ ਬਚਦੇ ਨਜ਼ਰ ਆ ਰਹੇ ਹਨ। ਹੁਣ ਸਾਰਿਆਂ ਨੂੰ ਕਾਂਗਰਸ ਹਾਈਕਮਾਂਡ ਦੇ ਅੰਤਿਮ ਫ਼ੈਸਲੇ ਦੀ ਉਡੀਕ ਹੈ, ਜੋ ਪੰਜਾਬ ਦੀ ਰਾਜਨੀਤੀ ਵਿਚ ਨਵੀਂ ਦਿਸ਼ਾ ਤੈਅ ਕਰ ਸਕਦਾ ਹੈ।

# 'ਸਤਲੁਜ' ਫ਼ਿਲਮ ਵਿਵਾਦ: ਸਾਬਕਾ ਐੱਸ.ਐੱਸ.ਪੀ. ਅਜੀਤ ਸਿੰਘ ਸੰਧੂ ਦੀ ਨਾਮ ਮੁੜ ਚਰਚਾ 'ਚ ਆਇਆ!



**ਚੰਡੀਗੜ੍ਹ, (ਪੰਜਾਬ ਮੇਲ)-** ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਕਤਲ ਅਤੇ ਉਨ੍ਹਾਂ ਸਾਲਾਂ ਦੌਰਾਨ ਪੰਜਾਬ ਪੁਲਿਸ ਦੇ ਅਧਿਕਾਰੀਆਂ ਵੱਲੋਂ ਕੀਤੇ ਗਏ ਕਥਿਤ ਫਰਜ਼ੀ ਮੁਕਾਬਲਿਆਂ ਨੂੰ ਦਰਸਾਉਂਦੀ ਦਿਲਜੀਤ ਦੋਸਾਂਝ ਦੀ ਫ਼ਿਲਮ 'ਸਤਲੁਜ' ਦੇ ਰਿਲੀਜ਼ ਹੋਣ ਨਾਲ ਸਾਬਕਾ ਐੱਸ.ਐੱਸ.ਪੀ. ਅਜੀਤ ਸਿੰਘ ਸੰਧੂ ਦਾ ਨਾਮ ਇੱਕ ਵਾਰ ਫਿਰ ਚਰਚਾ ਵਿਚ ਆ ਗਿਆ ਹੈ।

29 ਸਾਲ ਪਹਿਲਾਂ, 23 ਮਈ 1997 ਨੂੰ ਡੇਰਾਬੱਸੀ ਨੇੜੇ ਰੇਲਵੇ ਟਰੈਕ 'ਤੇ ਚਿੱਟੇ ਕੱਪੜਿਆਂ ਵਿਚ ਇੱਕ ਵਿਅਕਤੀ ਦਿੱਲੀ-ਕਾਲਕਾ ਹਿਮਾਲੀਅਨ ਕੁਈਨ ਐਕਸਪ੍ਰੈੱਸ ਦੇ ਸਾਹਮਣੇ ਆ ਗਿਆ ਸੀ, ਜਿਸ ਨੂੰ ਪੁਲਿਸ ਨੇ ਪੰਜਾਬ ਪੁਲਿਸ ਦੇ ਸਭ ਤੋਂ ਵਿਵਾਦਗ੍ਰਸਤ ਚਿਹਰਿਆਂ ਵਿਚੋਂ ਇੱਕ ਐੱਸ.ਐੱਸ.ਪੀ. ਅਜੀਤ ਸਿੰਘ ਸੰਧੂ ਦੱਸਿਆ ਸੀ ਪਰ ਉਸੇ ਦਿਨ ਤੋਂ ਇਹ ਸਵਾਲ ਖੜ੍ਹਾ ਹੈ ਕਿ ਕੀ ਸੰਧੂ ਦੀ ਸੱਚਮੁੱਚ ਮੌਤ ਹੋਈ ਸੀ ਜਾਂ ਇਹ ਮੌਤ ਦਾ ਇੱਕ ਡਰਾਮਾ ਸੀ।

ਉਸ ਸਮੇਂ ਪਟਿਆਲਾ ਤੋਂ ਪੱਤਰਕਾਰ ਜੁਪਿੰਦਰਜੀਤ ਸਿੰਘ ਦੀਆਂ ਖ਼ਬਰਾਂ ਮੁਤਾਬਕ ਪੁਲਿਸ ਵੱਲੋਂ ਇਸ ਨੂੰ ਖ਼ੁਦਕੁਸ਼ੀ ਕਰਾਰ ਦੇਣ ਦੇ ਬਾਵਜੂਦ ਸ਼ੁਰੂਆਤੀ ਰਿਪੋਰਟਾਂ ਵਿਚ ਕਤਲ ਦੀ ਸੰਭਾਵਨਾ ਨੂੰ ਰੱਦ ਨਹੀਂ ਸੀ ਕੀਤਾ ਗਿਆ ਅਤੇ ਸੰਧੂ ਦੀ ਮਾਂ ਨੇ ਵੀ ਪੁਲਿਸ ਨੂੰ ਆਪਣੇ ਪੁੱਤਰ ਦੇ ਕਤਲ ਹੋਣ ਦੀ ਗੱਲ ਕਹੀ ਸੀ, ਜਿਸ ਦੀ ਬਾਅਦ ਵਿਚ ਕੋਈ ਜਾਂਚ ਨਹੀਂ ਹੋਈ।

ਘਟਨਾ ਦੇ ਪੰਜ ਦਿਨਾਂ ਬਾਅਦ ਰੇਲ ਡਰਾਈਵਰ ਦਾ ਬਿਆਨ ਸਾਹਮਣੇ ਆਇਆ, ਜਿਸ ਅਨੁਸਾਰ ਇੱਕ ਵਿਅਕਤੀ ਨੇ ਲਾਲੜੂ ਨੇੜੇ ਅਚਾਨਕ ਰੇਲ ਗੱਡੀ ਅੱਗੇ ਛਾਲ ਮਾਰ ਦਿੱਤੀ ਸੀ। ਮੌਕੇ 'ਤੇ ਪਹੁੰਚੇ ਪੱਤਰਕਾਰਾਂ ਵੱਲੋਂ ਲਾਸ਼ ਦੀ ਪਛਾਣ ਕੀਤੇ ਜਾਣ ਤੋਂ ਬਾਅਦ ਹੀ ਇਹ ਮੰਨ ਲਿਆ ਗਿਆ ਕਿ ਉਹ ਅਜੀਤ ਸਿੰਘ ਸੰਧੂ ਸੀ। ਸੰਧੂ ਦੇ ਬਟੂਏ ਵਿਚੋਂ ਦੋ ਟੁਕੜਿਆਂ ਵਿਚ ਇੱਕ ਖ਼ੁਦਕੁਸ਼ੀ ਨੋਟ ਮਿਲਿਆ, ਜਿਸ ਵਿਚ ਪੰਜਾਬੀ ਵਿਚ ਲਿਖਿਆ ਸੀ– "ਜ਼ਲਾਲਤ ਦੀ ਜ਼ਿੰਦਗੀ ਜੀਣ ਨਾਲੋਂ ਮਰ ਜਾਣਾ ਹੀ ਚੰਗਾ ਹੈ।" ਪੁਲਿਸ ਸੂਤਰਾਂ ਅਨੁਸਾਰ ਇਹ ਕਾਗਜ਼ ਨਵਾਂ ਲਿਖਿਆ ਹੋਇਆ ਨਹੀਂ ਲੱਗਦਾ ਸੀ, ਜਿਸ ਤੋਂ ਅੰਦਾਜ਼ਾ ਲਗਾਇਆ ਗਿਆ ਕਿ ਉਹ ਕਈ ਦਿਨਾਂ ਤੋਂ ਪ੍ਰੇਸ਼ਾਨ ਸੀ। ਇੱਕ ਨਿੱਜੀ ਲਿਖਤ ਮਾਹਿਰ ਗੋਪਾਲ ਕ੍ਰਿਸ਼ਨ ਸ਼ਰਮਾ ਨੇ ਸੰਧੂ ਦੇ ਪੁਰਾਣੇ ਨਮੂਨਿਆਂ ਨਾਲ ਮਿਲਾਣ ਕਰਕੇ ਇਸ ਨੋਟ ਨੂੰ ਅਸਲੀ ਦੱਸਿਆ ਸੀ ਪਰ ਸਰਕਾਰੀ ਲਿਖਤ ਮਾਹਿਰ ਇਸ ਤੋਂ ਸੰਤੁਸ਼ਟ ਨਹੀਂ ਹੋਇਆ ਅਤੇ ਉਸ ਨੇ ਪੰਜਾਬੀ ਲਿਖਤ ਦੇ ਨਵੇਂ ਨਮੂਨੇ ਮੰਗੇ, ਜਿਸ ਨੇ ਜਾਂਚ ਦੀ ਵੱਡੀ ਖਾਮੀ ਨੂੰ ਉਜਾਗਰ ਕੀਤਾ।

ਇੱਕ ਸੀਨੀਅਰ ਅਧਿਕਾਰੀ ਵਜੋਂ ਸੰਧੂ ਜ਼ਿਆਦਾਤਰ ਅੰਗਰੇਜ਼ੀ ਵਿਚ ਦਸਤਾਵੇਜ਼ ਸਾਈਨ ਕਰਦੇ ਸਨ ਅਤੇ ਪੁਲਿਸ ਸਿਰਫ਼ 1977 ਅਤੇ 1978 ਦੇ ਪੁਰਾਣੇ ਪੰਜਾਬੀ ਨਮੂਨੇ ਹੀ ਪੇਸ਼ ਕਰ ਸਕੀ, ਜਿਨ੍ਹਾਂ ਦਾ ਮੌਜੂਦਾ ਲਿਖਤ ਨਾਲ ਸਹੀ ਮਿਲਾਣ ਸੰਭਵ ਨਹੀਂ ਸੀ। ਪੋਸਟਮਾਰਟਮ ਦੀ ਰਿਪੋਰਟ ਵਿਚ ਸੱਟਾਂ ਮੌਤ ਤੋਂ ਪਹਿਲਾਂ ਦੀਆਂ ਦੱਸੀਆਂ ਗਈਆਂ ਸਨ, ਜਿਸ ਦਾ ਮਤਲਬ ਸੀ ਕਿ ਜਦੋਂ ਰੇਲ ਗੱਡੀ ਵੱਜੀ, ਤਾਂ ਉਹ ਜ਼ਿੰਦਾ ਸੀ। ਉਸ ਦਾ ਸਰੀਰ ਵਿਚਕਾਰੋਂ ਕੱਟਿਆ ਗਿਆ ਸੀ ਅਤੇ ਖੋਪੜੀ ਦੇ ਚੀਥੜੇ ਉੱਡ ਗਏ ਸਨ ਪਰ ਚਿਹਰਾ ਪਛਾਣਯੋਗ ਸੀ। ਅੱਜ ਜਦੋਂ ਖਾਲੜਾ ਦੇ ਕਤਲ ਅਤੇ ਫਰਜ਼ੀ ਮੁਕਾਬਲਿਆਂ ਦੇ ਦੌਰ ਨੂੰ ਮੁੜ ਯਾਦ ਕੀਤਾ ਜਾ ਰਿਹਾ ਹੈ, ਤਾਂ ਸੰਧੂ ਦਾ ਨਾਂ ਸਾਬਕਾ ਡੀ.ਜੀ.ਪੀ. ਕੇ.ਪੀ. ਐੱਸ. ਗਿੱਲ ਨਾਲ ਜੋੜਿਆ ਜਾ ਰਿਹਾ ਹੈ।

# ਜਸਵੰਤ ਖਾਲੜਾ ਕੇਸ: ਸ਼ਹੀਦ ਭਗਤ ਸਿੰਘ ਦੇ ਪਰਿਵਾਰ ਨੇ ਡੀ.ਐੱਸ.ਪੀ. ਜਸਪਾਲ ਸਿੰਘ ਦੀ ਰਿਹਾਈ 'ਤੇ ਚੁੱਕੇ ਸਵਾਲ

**ਨਾਭਾ, (ਪੰਜਾਬ ਮੇਲ)-** ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਕਾਤਲ ਉਮਰ ਕੈਦੀ ਡੀ.ਐੱਸ.ਪੀ. ਜਸਪਾਲ ਸਿੰਘ ਦੀ ਜ਼ਮਾਨਤ 'ਤੇ ਰਿਹਾਈ ਉੱਪਰ ਹੁਣ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਪਰਿਵਾਰ ਵੀ ਸਵਾਲ ਚੁੱਕ ਰਿਹਾ ਹੈ।

ਭਗਤ ਸਿੰਘ ਦੇ ਇੱਕ ਰਿਸ਼ਤੇਦਾਰ ਕੁਲਜੀਤ ਸਿੰਘ ਢੱਠ ਨੂੰ ਮਾਰਨ ਦੀ ਮਨਸ਼ਾ ਨਾਲ ਅਗਵਾ ਕਰਨ ਦੇ ਦੋਸ਼ ਵਿਚ ਵੀ ਜਸਪਾਲ ਸਿੰਘ ਅਤੇ ਦੋ ਹੋਰ ਪੁਲਿਸ ਅਧਿਕਾਰੀਆਂ ਨੂੰ ਹੁਸ਼ਿਆਰਪੁਰ ਜ਼ਿਲ੍ਹਾ ਅਦਾਲਤ ਵੱਲੋਂ ਪੰਜ ਸਾਲ ਦੀ ਸਜ਼ਾ ਸੁਣਾਈ ਗਈ ਸੀ। ਹੁਣ ਪਰਿਵਾਰ ਦੇ ਵਕੀਲ ਨੇ ਏ.ਡੀ.ਜੀ.ਪੀ. ਜੇਲ੍ਹਾਂ, ਐਡਵੋਕੇਟ ਜਨਰਲ, ਮੁੱਖ ਮੰਤਰੀ ਦਫਤਰ ਨੂੰ ਪੱਤਰ ਲਿਖਦੇ ਹੋਏ ਕੁਝ ਸਵਾਲਾਂ ਦੇ ਜਵਾਬ ਮੰਗੇ ਹਨ। ਉਨ੍ਹਾਂ ਨੇ ਖਦਸ਼ਾ ਜ਼ਾਹਰ ਕੀਤਾ ਕਿ ਜਸਪਾਲ ਸਿੰਘ ਨੂੰ ਉਕਤ ਪੰਜ ਸਾਲ ਦੀ ਸਜ਼ਾ ਕਟਵਾਏ ਬਿਨਾਂ ਹੀ ਰਿਹਾਅ ਕੀਤਾ ਗਿਆ, ਜਦਕਿ ਉਸ ਨੂੰ ਜ਼ਮਾਨਤ ਸਿਰਫ ਖਾਲੜਾ ਕੇਸ 'ਚ ਮਿਲੀ ਸੀ। ਦੱਸਣਾ ਬਣਦਾ ਹੈ ਕਿ ਕੁਲਜੀਤ ਸਿੰਘ ਢੱਠ ਨੂੰ 1989 ਵਿਚ ਪੁਲਿਸ ਨੇ ਅਗਵਾ ਕੀਤਾ ਸੀ ਪਰ ਉਸ ਤੋਂ ਬਾਅਦ ਉਹ ਕਦੀ ਆਪਣੇ ਪਰਿਵਾਰ ਨੂੰ ਨਾ ਮਿਲਿਆ। ਉਸ ਸਮੇਂ ਪੁਲਿਸ ਦਾ ਦਾਅਵਾ ਸੀ ਕਿ ਉਹ ਹਿਰਾਸਤ ਵਿਚੋਂ ਭੱਜ ਗਿਆ ਸੀ ਪਰ ਉਸ ਦਾ ਹੁਣ ਤੱਕ ਕੋਈ ਥਹੁ ਪਤਾ ਨਾ ਲੱਗਿਆ।

ਉਮਰ ਕੈਦ ਦੀ ਸਜ਼ਾ ਮੁਆਫੀ ਦਾ ਪ੍ਰਸਤਾਵ ਪੈਂਡਿੰਗ ਹੋਣ ਕਾਰਨ ਮਈ 2023 ਵਿਚ ਜਸਪਾਲ ਸਿੰਘ ਨੂੰ ਖਾਲੜਾ



ਕੇਸ 'ਚ ਜ਼ਮਾਨਤ ਮਿਲ ਗਈ ਪਰ ਐਡਵੋਕੇਟ ਸਰਬਜੋਤ ਸਿੰਘ ਚੀਮਾ ਨੇ ਕਿਹਾ ਕਿ ਉਸ ਨੂੰ ਦੂਜੇ ਕੇਸ ਵਿਚ ਅੰਦਰ ਰੱਖਣਾ ਬਣਦਾ ਸੀ ਕਿਉਂਕਿ ਦੋ ਵੱਖ-ਵੱਖ ਅਦਾਲਤਾਂ ਵੱਲੋਂ ਕੀਤੀਆਂ ਸਜ਼ਾਵਾਂ ਇਕੱਠੀਆਂ ਨਹੀਂ ਚੱਲ ਸਕਦੀਆਂ। ਉਨ੍ਹਾਂ ਨੇ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਦਾ 2016 ਦੇ ਫੈਸਲੇ ਦਾ ਹਵਾਲਾ ਦਿੰਦੇ ਹੋਏ ਲਿਖਿਆ ਕਿ ਜੇਕਰ ਸਿਰਫ ਉਮਰ ਕੈਦ ਵਿਚ ਮੁਆਫੀ ਮਿਲ ਜਾਵੇ, ਤਾਂ ਹੋਰ ਕੇਸਾਂ ਦੀਆਂ ਛੋਟੀਆਂ ਸਜ਼ਾਵਾਂ ਕੱਟਣੀਆਂ ਪੈਣਗੀਆਂ।

ਸ਼੍ਰੀ ਚੀਮਾ ਨੇ ਦੱਸਿਆ ਕਿ ਜਸਪਾਲ ਸਿੰਘ ਵੱਲੋਂ ਉਕਤ ਕੇਸ 'ਚ 5 ਸਾਲ ਵਾਲੀ ਸਜ਼ਾ ਮੁਅੱਤਲ ਕਰਵਾਉਣ ਲਈ ਹਾਈ ਕੋਰਟ ਵਿਚ ਕੇਸ ਕੀਤਾ ਹੋਇਆ ਹੈ ਅਤੇ ਉਨ੍ਹਾਂ ਨੇ ਉਨ੍ਹਾਂ ਨੂੰ ਸਜ਼ਾ ਘੱਟ ਮਿਲਣ ਖਿਲਾਫ ਹਾਈ ਕੋਰਟ ਵਿਚ ਕੇਸ ਕੀਤਾ ਹੋਇਆ ਹੈ। ਹਾਈ ਕੋਰਟ ਨੇ ਦੋਵੇਂ ਕੇਸ ਇਕੱਠੇ ਕਰ ਦਿੱਤੇ ਸਨ ਅਤੇ ਦੋਵੇਂ ਕੇਸ ਅਦਾਲਤ 'ਚ ਪੈਂਡਿੰਗ ਹਨ। ਕੇਸ ਦੀ ਅਗਲੀ ਤਰੀਕ ਅਕਤੂਬਰ ਮਹੀਨੇ ਵਿਚ ਹੈ।

ਜ਼ਿਕਰਯੋਗ ਹੈ ਕਿ ਇਹੀ ਸਥਿਤੀ 2019 ਵਿਚ ਵੀ ਬਣੀ ਸੀ। ਉਸ ਸਮੇਂ ਵੀ ਜਸਪਾਲ ਸਿੰਘ ਨੇ ਖਾਲੜਾ ਕੇਸ ਵਿਚ ਮੁਆਫੀ ਦਾ ਪ੍ਰਸਤਾਵ ਪੈਂਡਿੰਗ ਹੋਣ ਕਾਰਨ ਹਾਈ ਕੋਰਟ ਤੋਂ ਪੈਰੋਲ ਹਾਸਲ ਕੀਤੀ ਪਰ ਜੇਲ੍ਹ ਪ੍ਰਸ਼ਾਸਨ ਨੇ ਉਸ ਨੂੰ ਕੁਲਜੀਤ ਸਿੰਘ ਵਾਲੇ ਕੇਸ ਵਿਚ ਅੰਦਰ ਰੱਖ ਲਿਆ ਸੀ। ਇਸ ਦਾ ਵਿਰੋਧ ਕਰਦੇ ਹੋਏ ਜਸਪਾਲ ਸਿੰਘ ਨੇ ਹਾਈ ਕੋਰਟ ਪਹੁੰਚ ਕਰਦਿਆਂ ਕਿਹਾ ਕਿ ਉਸ ਨੇ 5 ਸਾਲ ਵਾਲੀ ਸਜ਼ਾ ਖਾਲੜਾ ਕੇਸ ਦੀ ਸਜ਼ਾ ਦੇ ਨਾਲ-ਨਾਲ ਪੂਰੀ ਕਰ ਲਈ ਹੈ ਪਰ ਬਾਅਦ ਵਿਚ ਜਸਪਾਲ ਸਿੰਘ ਨੇ ਆਪਣਾ ਕੇਸ ਵਾਪਸ ਲੈ ਲਿਆ।

ਇਸ ਦੌਰਾਨ ਪੰਜਾਬ ਦੇ ਗ੍ਰਹਿ ਮੰਤਰਾਲੇ ਨੇ ਜੇਲ੍ਹ ਵਿਭਾਗ ਨੂੰ 5 ਅਪ੍ਰੈਲ 2019 ਨੂੰ ਇੱਕ ਪੱਤਰ ਵੀ ਲਿਖਿਆ ਕਿ ਇਸ ਕੇਸ ਵਿਚ ਦੋ ਅਦਾਲਤਾਂ ਦੀਆਂ ਸਜ਼ਾਵਾਂ ਨੂੰ ਇਕੱਠਾ ਚਲਾਉਣ ਬਾਰੇ ਸਰਕਾਰ ਜਾਂ ਏ.ਡੀ.ਜੀ.ਪੀ. ਜੇਲ੍ਹ ਸੀ.ਆਰ.ਪੀ.ਸੀ. ਨੂੰ ਪਰਿਭਾਸ਼ਿਤ ਨਹੀਂ ਕਰ ਸਕਦੇ, ਜਸਪਾਲ ਸਿੰਘ ਯੋਗ ਅਦਾਲਤ ਤੋਂ ਇਸ ਬਾਰੇ ਨਿਰਦੇਸ਼ ਲੈ ਕੇ ਆਵੇ। ਸ਼੍ਰੀ ਚੀਮਾ ਨੇ ਦੱਸਿਆ ਕਿ 2019 ਵਿਚ ਹੀ ਉਸ ਦੀ ਸਜ਼ਾ ਮੁਆਫੀ ਦੀ ਅਰਜ਼ੀ ਵੀ ਰੱਦ ਹੋ ਗਈ, ਜਿਸ ਕਾਰਨ ਉਸ ਦੀ ਉਮਰ ਕੈਦ ਮੁੜ ਸ਼ੁਰੂ ਹੋ ਗਈ ਅਤੇ 5 ਸਾਲ ਵਾਲੀ ਸਜ਼ਾ ਫੇਰ ਬਾਕੀ ਰਹੀ।

2023 ਵਿਚ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਨੇ ਖਾਲੜਾ ਕੇਸ ਵਿਚ ਹਾਈ ਕੋਰਟ ਦੇ ਸੀ.ਓ.ਸੀ.ਪੀ. 2020 ਤਹਿਤ ਹੁਕਮ ਕਰਦੇ ਹੋਏ ਲਿਖਿਆ ਕਿ ਜਸਪਾਲ ਸਿੰਘ ਜੇਕਰ ਕਿਸੇ ਹੋਰ ਕੇਸ ਵਿਚ ਲੋੜੀਂਦਾ ਨਾ ਹੋਵੇ, ਤਾਂ ਉਸ ਨੂੰ ਰਿਹਾਅ ਕੀਤਾ ਜਾਵੇ। ਹੁਣ ਐਡਵੋਕੇਟ ਚੀਮਾ ਨੇ ਸਰਕਾਰ ਨੂੰ ਸਵਾਲ ਕੀਤੇ ਹਨ ਕਿ ਕਿਸ ਦੇ ਹੁਕਮਾਂ ਤਹਿਤ ਜਸਪਾਲ ਸਿੰਘ ਨੂੰ ਰਿਹਾਅ ਕੀਤਾ ਗਿਆ ਅਤੇ ਕੀ ਕੁਲਜੀਤ ਸਿੰਘ ਕੇਸ ਵਿਚ ਹੋਈ ਸਜ਼ਾ ਨੂੰ ਵੱਖਰੇ ਤੌਰ 'ਤੇ ਮੁਆਫੀ ਮਿਲੀ ਸੀ? ਉਨ੍ਹਾਂ ਸਜ਼ਾ ਮਿਣਤੀ, ਰਿਲੀਜ਼ ਵਾਰੰਟ, ਸਜ਼ਾ ਮੁਆਫੀ ਹੁਕਮ ਅਤੇ ਸਬੰਧਿਤ ਸਾਰੇ ਦਸਤਾਵੇਜ਼ ਦੀ ਮੰਗ ਕੀਤੀ ਹੈ।

ਸ਼ਹੀਦ ਭਗਤ ਸਿੰਘ ਦੀ ਭੈਣ ਦੇ ਜਵਾਈ ਹਰਭਜਨ ਸਿੰਘ ਢੱਠ ਅਤੇ ਪੁੱਤਰ ਪ੍ਰੋ. ਜਗਮੋਹਨ ਸਿੰਘ ਨੇ ਦੱਸਿਆ ਕਿ ਦੋਸ਼ੀਆਂ ਨੂੰ ਯੋਗ ਸਜ਼ਾ ਦਿਵਾਉਣ ਲਈ ਉਹ 37 ਸਾਲ ਤੋਂ ਲੜ ਰਹੇ ਹਨ।

ਇਸ ਸਬੰਧੀ ਏ.ਡੀ.ਜੀ.ਪੀ. ਜੇਲ੍ਹ, ਨਾਭਾ ਜੇਲ੍ਹ ਸੁਪਰਡੈਂਟ, ਐਡਵੋਕੇਟ ਜਨਰਲ ਨੇ ਫੋਨ ਅਤੇ ਮੈਸੇਜ ਰਾਹੀਂ ਭੇਜੀ ਸਵਾਲਾਂ ਦਾ ਕੋਈ ਜਵਾਬ ਨਾ ਦਿੱਤਾ। ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਬਲਤੇਜ ਪੰਨੂ ਨੇ ਸ਼ਨਿੱਚਰਵਾਰ ਨੂੰ ਕੇਸ ਦਾ ਵੇਰਵਾ ਲੈਂਦਿਆਂ ਕਿਹਾ ਕਿ ਉਹ ਇਸ ਬਾਰੇ ਪਤਾ ਕਰਨਗੇ ਪਰ ਮੁੜ ਕੇ ਉਨ੍ਹਾਂ ਨੇ ਵੀ ਫੋਨ ਅਤੇ ਮੈਸੇਜ ਦਾ ਕੋਈ ਜਵਾਬ ਨਹੀਂ ਦਿੱਤਾ।

ਦੂਜੇ ਪਾਸੇ ਜਸਪਾਲ ਸਿੰਘ ਦੀ ਖਾਲੜਾ ਕੇਸ ਵਿਚ ਰਿਹਾਈ ਕਰਵਾਉਣ ਵਾਲੇ ਵਕੀਲ ਗਗਨਦੀਪ ਸਿੰਘ ਨੇ ਕਿਹਾ ਕਿ ਜੇਕਰ ਜੇਲ੍ਹ ਕੋਲ ਕਿਸੇ ਹੋਰ ਕੇਸ ਵਿਚ ਕਸਟਡੀ ਵਾਰੰਟ ਹੁੰਦਾ ਜਾਂ ਦੂਜੇ ਕੇਸ ਵਿਚ ਰਿਹਾਈ ਦੇ ਅਦਾਲਤੀ ਹੁਕਮ ਨਾ ਹੁੰਦੇ, ਤਾਂ ਉਸ ਨੂੰ ਜੇਲ੍ਹ ਨੇ ਕਿਸੇ ਹਾਲ ਵਿਚ ਨਹੀਂ ਛੱਡਣਾ ਸੀ। ਉਨ੍ਹਾਂ ਕਿਹਾ ਕਿ ਦੂਜੇ ਕੇਸ ਬਾਰੇ ਜਾਣਕਾਰੀ ਜੇਲ੍ਹ ਪ੍ਰਸ਼ਾਸਨ ਹੀ ਦੇ ਸਕਦਾ ਹੈ।

# ਹਾਈਕੋਰਟ ਵੱਲੋਂ ਕਪੂਰਥਲਾ ਨਗਰ ਨਿਗਮ ਦੇ ਮੇਅਰ ਚੋਣ ਨਤੀਜਿਆਂ 'ਤੇ ਰੋਕ

**ਕਪੂਰਥਲਾ, (ਪੰਜਾਬ ਮੇਲ)-** ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਕਪੂਰਥਲਾ ਨਗਰ ਨਿਗਮ ਦੇ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ 8 ਜੁਲਾਈ ਨੂੰ ਹੋਈ ਚੋਣ ਦੇ ਨਤੀਜਿਆਂ 'ਤੇ 30 ਜੁਲਾਈ ਤੱਕ ਅੰਤਰਿਮ ਰੋਕ ਲਗਾ ਦਿੱਤੀ ਹੈ। ਇਸ ਦੇ ਨਾਲ ਹੀ ਮਾਨਯੋਗ ਅਦਾਲਤ ਨੇ ਕਪੂਰਥਲਾ ਦੇ ਡਿਪਟੀ ਕਮਿਸ਼ਨਰ ਅਕਾਸ਼ ਬਾਂਸਲ ਨੂੰ ਅਗਲੇ ਹੁਕਮਾਂ ਤੱਕ ਨਗਰ ਨਿਗਮ ਦਾ ਪ੍ਰਸ਼ਾਸਕ ਨਿਯੁਕਤ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹਨ। ਮਿਲੀ ਜਾਣਕਾਰੀ ਅਨੁਸਾਰ, ਕਾਂਗਰਸ ਦੇ ਸੀਨੀਅਰ ਵਿਧਾਇਕ ਰਾਣਾ ਗੁਰਜੀਤ ਸਿੰਘ ਵੱਲੋਂ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਇਸ ਚੋਣ ਨੂੰ ਚੁਣੌਤੀ ਦਿੰਦੇ ਹੋਏ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਦੋ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ। ਇਨ੍ਹਾਂ ਪਟੀਸ਼ਨਾਂ 'ਤੇ ਸੁਣਵਾਈ ਕਰਦਿਆਂ ਜਸਟਿਸ ਦੀਪਕ ਸਿੱਬਲ ਅਤੇ ਜਸਟਿਸ ਰੁਪਿੰਦਰ ਚਾਹਲ ਦੇ ਡਿਵੀਜ਼ਨ ਬੈਂਚ ਨੇ ਪਹਿਲਾਂ ਪੰਜਾਬ ਸਰਕਾਰ ਨੂੰ ਚੋਣ ਪ੍ਰਕਿਰਿਆ ਦੀ ਵੀਡੀਓਗ੍ਰਾਫੀ ਸਮੇਤ ਸਮੁੱਚਾ ਰਿਕਾਰਡ ਅਦਾਲਤ ਵਿਚ ਪੇਸ਼ ਕਰਨ ਦੇ ਹੁਕਮ ਦਿੱਤੇ ਸਨ। ਬੀਤੇ ਸੋਮਵਾਰ ਨੂੰ ਹੋਈ ਸੁਣਵਾਈ ਦੌਰਾਨ ਡਿਵੀਜ਼ਨ ਬੈਂਚ ਨੇ ਚੋਣ ਨਤੀਜਿਆਂ 'ਤੇ 30 ਜੁਲਾਈ ਤੱਕ ਅੰਤਰਿਮ ਰੋਕ ਲਗਾ ਦਿੱਤੀ ਅਤੇ ਇਸ ਸਮੇਂ ਦੌਰਾਨ ਡਿਪਟੀ ਕਮਿਸ਼ਨਰ ਨੂੰ ਨਗਰ ਨਿਗਮ ਦੇ ਪ੍ਰਸ਼ਾਸਕ ਵਜੋਂ ਰੋਜ਼ਾਨਾ ਦਾ ਕੰਮਕਾਜ ਸੰਭਾਲਣ ਦੇ ਨਿਰਦੇਸ਼ ਦਿੱਤੇ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਬਰਮਿੰਘਮ ਯੂਨੀਵਰਸਿਟੀ ਵਿਖੇ 5ਵਾਂ ਯੂ.ਕੇ. ਇੰਟਰਨੈਸ਼ਨਲ ਗਿੱਧਾ ਕੰਪੀਟੀਸ਼ਨ 2026 ਕਰਵਾਇਆ ਗਿਆ



**ਬਰਮਿੰਘਮ, (ਪੰਜਾਬ ਮੇਲ)-** ਯੂ.ਕੇ. ਵਸਦੇ ਸ਼੍ਰੀਮਤੀ ਸੁਨੀਤਾ ਮਹਿਮੀ ਤੇ ਉਨ੍ਹਾਂ ਦੇ ਪਤੀ ਮੁਕੇਸ਼ ਮਹਿਮੀ ਜੋੜੀ ਅਤੇ ਉਨ੍ਹਾਂ ਦੀ ਟੀਮ ਵੱਲੋਂ ਬਰਮਿੰਘਮ ਯੂਨੀਵਰਸਿਟੀ ਵਿਖੇ ਪੰਜਵਾਂ ਯੂ.ਕੇ. ਇੰਟਰਨੈਸ਼ਨਲ ਗਿੱਧਾ ਕੰਪੀਟੀਸ਼ਨ 2026 ਬਹੁਤ ਹੀ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ। ਗਿੱਧੇ ਦੇ ਇਨ੍ਹਾਂ ਮਹਾਂ-ਮੁਕਾਬਲਿਆਂ ਵਿਚ ਵੱਖ-ਵੱਖ 11 ਟੀਮਾਂ ਨੇ ਆਪਣੀ ਰਵਾਇਤੀ ਪੇਸ਼ਕਾਰੀ ਦੇ ਬਿਹਤਰੀਨ ਜੌਹਰ ਦਿਖਾਏ। ਇਸ ਵਾਰ ਇਹ ਮੁਕਾਬਲਾ ਦੋ ਸ਼੍ਰੇਣੀਆਂ (ਲਾਈਵ ਅਤੇ ਪ੍ਰੀ-ਰਿਕਾਰਡਿਡ ਗਿੱਧਾ) ਵਿਚ ਕਰਵਾਇਆ ਗਿਆ। ਪ੍ਰੀ-ਰਿਕਾਰਡਿਡ ਗਿੱਧੇ ਵਿਚ 'ਵਿਰਾਸਤ ਰਗਬੀ' ਨੇ ਪਹਿਲਾ, 'ਗੂੰਜ ਪੰਜਾਬ ਦੀ' ਨੇ ਦੂਜਾ, ਜਦਕਿ 'ਆਪਣਾ ਵਿਰਸਾ' ਅਤੇ 'ਸ਼ਾਨ-ਏ-ਪੰਜਾਬ' ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਲ ਕੀਤਾ। ਲਾਈਵ ਗਿੱਧਾ ਸ਼੍ਰੇਣੀ ਮੁਕਾਬਲੇ ਵਿਚ 'ਸਿਟੀ ਗਿੱਧਾ' ਨੇ ਪਹਿਲਾ, 'ਫੋਕ ਰੰਗ' ਨੇ ਦੂਜਾ ਅਤੇ 'ਚਕੋਰ' ਦੀ ਟੀਮ ਨੇ ਤੀਜਾ ਸਥਾਨ ਹਾਸਲ ਕੀਤਾ। ਮੁਕੇਸ਼ ਅਤੇ ਸੁਨੀਤ ਦੀ ਅਗਵਾਈ ਵਿਚ ਕੀਤੇ ਗਏ ਇਸ ਵੱਡੇ ਸਮਾਗਮ ਦੀ ਹਰ ਪਾਸੇ ਭਰਪੂਰ ਸ਼ਲਾਘਾ ਹੋ ਰਹੀ ਹੈ। ਇਸ ਸੰਬੰਧੀ ਗੱਲਬਾਤ ਦੌਰਾਨ ਸੁਨੀਤਾ ਮਹਿਮੀ ਨੇ ਕਿਹਾ ਕਿ ਸਾਨੂੰ ਸਾਡੀ ਮਾਂ ਬੋਲੀ, ਵਿਰਸੇ ਨੇ ਬਹੁਤ ਕੁੱਝ ਦਿੱਤਾ ਹੈ, ਇਹ ਉਪਰਾਲਾ ਸਿਰਫ ਉਸ ਕਰਜ਼ ਦਾ ਵਿਆਜ ਮੋੜਨ ਮਾਤਰ ਹੀ ਹੈ। ਰਵਾਇਤੀ ਗਿੱਧੇ ਦੀ ਸ਼ਾਨ ਬਰਕਰਾਰ ਰੱਖਣ ਤੇ ਸ਼ਾਨ 'ਚ ਵਾਧਾ ਕਰਨ ਲਈ ਉਹ ਆਖਰੀ ਸਾਹ ਤੱਕ ਉਪਰਾਲੇ ਕਰਦੇ ਰਹਿਣਗੇ।

# ਬ੍ਰਿਟੇਨ 'ਚ 'ਰੋਚਡੇਲ ਚਾਈਲਡ ਸੈਕਸ ਐਬਿਊਜ਼ ਰਿੰਗ' ਦੇ ਮੁੱਖ ਦੋਸ਼ੀ ਦੀ ਹਵਾਲਗੀ ਨੂੰ ਲੈ ਕੇ ਵਧਿਆ ਤਣਾਅ

- **ਪਾਕਿਸਤਾਨ ਵੱਲੋਂ ਹਵਾਲਗੀ ਲੈਣ ਤੋਂ ਇਨਕਾਰ**
- **ਪਾਕਿਸਤਾਨ ਨੂੰ ਯੂ.ਕੇ. ਵੀਜ਼ੇ ਨਾਲ ਸਬੰਧਤ ਕਈ ਪਾਬੰਦੀਆਂ ਦਾ ਕਰਨਾ ਪੈ ਸਕਦੈ ਸਾਹਮਣਾ!**

**ਲੰਡਨ, (ਪੰਜਾਬ ਮੇਲ)-** ਬ੍ਰਿਟੇਨ 'ਚ ਸਾਲ 2012 ਦੇ ਬਦਨਾਮ 'ਰੋਚਡੇਲ ਚਾਈਲਡ ਸੈਕਸ ਐਬਿਊਜ਼ ਰਿੰਗ' ਦੇ ਮੁੱਖ ਦੋਸ਼ੀ ਸ਼ਬੀਰ ਅਹਿਮਦ ਨੂੰ ਡਿਪੋਰਟ ਕਰਨ ਨੂੰ ਲੈ ਕੇ ਚਰਚਾ ਇਕ ਵਾਰ ਫ਼ਿਰ ਤੋਂ ਸ਼ੁਰੂ ਹੋ ਗਈ ਹੈ। ਪਾਕਿਸਤਾਨੀ ਮੂਲ ਦੇ ਸ਼ਬੀਰ ਅਹਿਮਦ ਨੂੰ ਸਾਲ 2012 'ਚ ਬ੍ਰਿਟੇਨ ਦੇ ਰੋਚਡੇਲ ਸ਼ਹਿਰ 'ਚ ਕਈ ਨਾਬਾਲਗ ਕੁੜੀਆਂ ਦੇ ਸਰੀਰਕ ਸ਼ੋਸ਼ਣ ਅਤੇ ਤਸਕਰੀ ਦਾ ਮਾਸਟਰਮਾਈਂਡ ਕਰਾਰ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਉਸ ਨੂੰ 19 ਸਾਲ ਦੀ ਸਜ਼ਾ ਸੁਣਾਈ ਗਈ ਸੀ। ਬ੍ਰਿਟਿਸ਼ ਸਰਕਾਰ ਵੱਲੋਂ ਉਸ ਦੀ ਬ੍ਰਿਟਿਸ਼ ਨਾਗਰਿਕਤਾ ਪਹਿਲਾਂ ਹੀ ਰੱਦ ਕੀਤੀ ਜਾ ਚੁੱਕੀ ਹੈ, ਜਿਸ ਦਾ ਮਤਲਬ ਹੈ ਕਿ ਉਹ ਹੁਣ ਸਿਰਫ਼ ਪਾਕਿਸਤਾਨ ਦਾ ਨਾਗਰਿਕ ਹੈ। ਪਰ ਪਾਕਿਸਤਾਨ ਸਰਕਾਰ ਵੀ ਉਸ ਦੀ ਹਵਾਲਗੀ ਲੈਣ ਤੋਂ ਇਨਕਾਰ ਕਰ ਰਹੀ ਹੈ।

ਇੱਕ ਰਿਪੋਰਟ ਅਨੁਸਾਰ, ਜੇਕਰ ਪਾਕਿਸਤਾਨ ਦੋਸ਼ੀ ਠਹਿਰਾਏ ਗਏ ਰੋਚਡੇਲ ਗਰੂਮਿੰਗ ਗੈਂਗ ਲੀਡਰ ਸ਼ਬੀਰ ਅਹਿਮਦ ਨੂੰ ਵਾਪਸ ਲੈਣ ਲਈ ਸਹਿਮਤ ਨਹੀਂ ਹੁੰਦਾ ਹੈ, ਤਾਂ ਉਸਨੂੰ ਯੂ.ਕੇ. ਵੀਜ਼ੇ ਨਾਲ ਸਬੰਧਤ ਕਈ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਚੇਤਾਵਨੀ ਉਦੋਂ ਆਈ ਹੈ, ਜਦੋਂ ਬ੍ਰਿਟਿਸ਼ ਸਰਕਾਰ ਇਸ ਮਹੀਨੇ ਦੇ ਸ਼ੁਰੂ ਵਿਚ ਜੇਲ੍ਹ ਤੋਂ ਰਿਹਾਈ ਤੋਂ ਬਾਅਦ ਅਹਿਮਦ ਨੂੰ ਦੇਸ਼ ਨਿਕਾਲਾ ਦੇਣ ਲਈ ਕਾਨੂੰਨੀ ਤਬਦੀਲੀਆਂ 'ਤੇ ਵਿਚਾਰ ਕਰ ਰਹੀ ਹੈ। ਰਿਪੋਰਟਾਂ ਦੇ ਅਨੁਸਾਰ, ਯੂ.ਕੇ. ਦੀ ਗ੍ਰਹਿ ਸਕੱਤਰ ਸ਼ਬਾਨਾ ਮਹਿਮੂਦ 1971 ਦੇ ਇੱਕ ਕਾਨੂੰਨ ਵਿਚ ਸੋਧ ਕਰਨ ਲਈ ਇੱਕ ਪ੍ਰਸਤਾਵ ਤਿਆਰ ਕਰਨ ਲਈ ਤਿਆਰ ਹੈ, ਜੋ ਕਥਿਤ ਤੌਰ 'ਤੇ ਅਹਿਮਦ ਨੂੰ ਦੇਸ਼ ਨਿਕਾਲਾ ਦੇਣ ਤੋਂ ਰੋਕਦਾ ਹੈ, ਜਿਸਨੂੰ ਇਸ ਮਹੀਨੇ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਸੀ।

ਦੱਸ ਦੇਈਏ ਕਿ 1971 ਦੇ ਇੱਕ ਕਾਨੂੰਨ ਦੇ ਤਹਿਤ, ਇੱਕ ਰਾਸ਼ਟਰਮੰਡਲ ਨਾਗਰਿਕ ਜੋ 50 ਸਾਲ ਤੋਂ ਵੱਧ ਸਮਾਂ ਪਹਿਲਾਂ ਬ੍ਰਿਟੇਨ ਆਇਆ ਸੀ, ਨੂੰ ਦੇਸ਼ ਤੋਂ ਬਾਹਰ ਕੱਢਣ ਤੋਂ ਵਰਜਿਤ ਹੈ। ਇਸ ਮਹੀਨੇ ਦੇ ਸ਼ੁਰੂ ਵਿਚ ਅਹਿਮਦ ਦੀ ਰਿਹਾਈ ਤੋਂ ਬਾਅਦ ਬ੍ਰਿਟਿਸ਼ ਸਰਕਾਰ ਉਸਨੂੰ ਇਸਲਾਮਾਬਾਦ ਹਵਾਲਗੀ ਕਰਨ ਦੇ ਤਰੀਕਿਆਂ ਦੀ ਭਾਲ ਕਰ ਰਹੀ ਹੈ।







# ਜੰਨਤ ਏ ਜਰਖੜ ਵਿਖੇ ਲੱਗਿਆ ਤੀਆਂ ਦੇ ਤਿਉਹਾਰ ਦਾ ਨਿਵੇਕਲਾ ਮੇਲਾ












**ਲੁਧਿਆਣਾ, (ਪੰਜਾਬ ਮੇਲ)-** ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਵਿਰਾਸਤ ਨੂੰ ਦਰਸਾਉਂਦਾ ਮਿਊਜ਼ੀਅਮ ਜੰਨਤ-ਏ-ਜਰਖੜ ਲੁਧਿਆਣਾ ਵਿਖੇ ਸੌਣ ਮਹੀਨਾ ਚੜ੍ਹਨ ਤੋਂ ਪਹਿਲਾਂ ਹੀ ਤੀਆਂ ਦਾ ਤਿਉਹਾਰ ਬਹੁਤ ਹੀ ਸ਼ਾਨੋ ਸ਼ੌਕਤ ਨਾਲ ਮਨਾਇਆ ਗਿਆ।

ਬਹੁਤ ਹੀ ਸੱਭਿਆਚਾਰ ਦੇ ਸੁਹਾਵਨੇ ਮਾਹੌਲ ਵਿਚ ਡਰੈਗਨ ਅਕੈਡਮੀ ਲੁਧਿਆਣਾ ਦੇ ਬੱਚਿਆਂ ਨੇ ਸ: ਦਿਲਬਾਗ ਸਿੰਘ ਦੀ ਅਗਵਾਈ ਹੇਠ ਆਪਣੇ ਗੀਤ ਸੰਗੀਤ, ਗਿੱਧਾ, ਭੰਗੜਾ ਅਤੇ ਸੱਭਿਆਚਾਰ ਗੀਤਾਂ ਉੱਤੇ ਕੋਰਿਓਗਰਾਫੀ ਕਰਕੇ ਪੰਜਾਬ ਦੇ ਪੁਰਾਣੇ ਸੱਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕੀਤੀ। ਇਥੇ ਵੱਡੀ ਗਿਣਤੀ ਵਿਚ ਬੀਬੀਆਂ ਨੇ ਵੀ ਗਿੱਧਾ ਪਾ ਕੇ ਤੀਆਂ ਦੇ ਤਿਉਹਾਰ ਦਾ ਲੁਤਫ ਲਿਆ। ਇਸ ਮੌਕੇ ਦਰਸ਼ਕਾਂ ਵਾਸਤੇ ਜਲੇਬੀਆਂ, ਸੈਂਡਵਿਚ ਤੇ ਕੋਲਡਰਿੰਕ ਦਾ ਖੁੱਲ੍ਹਾ ਲੰਗਰ ਵੀ ਲਾਇਆ ਗਿਆ।

ਇਸ ਮੌਕੇ 1982 ਏਸ਼ੀਅਨ ਖੇਡਾਂ ਦੇ ਜੇਤੂ ਹਾਕੀ ਗੋਲਡ ਮੈਡਲਿਸਟ ਅਤੇ ਸੇਵਾਮੁਕਤ ਪ੍ਰਿੰਸੀਪਲ ਸ਼੍ਰੀਮਤੀ ਸ਼ਰਨਜੀਤ ਕੌਰ ਨੇ ਨਵੀਂ ਪੀੜ੍ਹੀ ਨੂੰ ਤੀਆਂ ਦੇ ਤਿਉਹਾਰ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਤੀਆਂ ਪੰਜਾਬ ਦਾ ਇੱਕ ਪ੍ਰਸਿੱਧ ਸੱਭਿਆਚਾਰਕ ਤਿਉਹਾਰ ਹੈ, ਜੋ ਸਾਉਣ ਮਹੀਨੇ ਦੀ ਤੀਜ ਤੋਂ ਸ਼ੁਰੂ ਹੋ ਕੇ ਪੂਰਨਮਾਸ਼ੀ ਤੱਕ ਮਨਾਇਆ ਜਾਂਦਾ ਹੈ। ਇਸ ਇਤਿਹਾਸਕ ਤਿਉਹਾਰ ਵਿਚ ਮੁਟਿਆਰਾਂ ਪਿੱਪਲਾਂ-ਟਾਹਣੀਆਂ ’ਤੇ ਪੀਂਘਾਂ ਝੂਟਦੀਆਂ, ਗਿੱਧਾ ਪਾਉਂਦੀਆਂ, ਲੋਕ-ਬੋਲੀਆਂ ਗਾਉਂਦੀਆਂ ਅਤੇ ਮਹਿੰਦੀ ਲਗਾਉਂਦੀਆਂ ਹਨ। ਇਹ ਤਿਉਹਾਰ ਮੁੱਖ ਤੌਰ ’ਤੇ ਵਿਆਹੀਆਂ-ਵਰ੍ਹੀਆਂ ਕੁੜੀਆਂ ਦੇ ਆਪਣੇ ਪੇਕੇ ਘਰ ਇਕੱਠੀਆਂ ਹੋਣ ਦਾ ਪ੍ਰਤੀਕ ਹੈ। ਪੁਰਾਣੇ ਸਮੇਂ ਵਿਚ, ਸੱਸ-ਨੂੰਹ ਦੇ ਰਿਸ਼ਤੇ ਵਿਚ ਸਾਉਣ ਮਹੀਨੇ ਇਕੱਠੇ ਰਹਿਣ ਨੂੰ ਚੰਗਾ ਨਹੀਂ ਮੰਨਿਆ ਜਾਂਦਾ ਸੀ, ਇਸ ਲਈ ਵਿਆਹੁਤਾ ਧੀਆਂ ਪੇਕੇ ਆ ਕੇ ਆਪਣੀਆਂ ਸਹੇਲੀਆਂ ਨੂੰ ਮਿਲਦੀਆਂ ਸਨ ਅਤੇ ਖੁਸ਼ੀਆਂ ਸਾਂਝੀਆਂ ਕਰਦੀਆਂ ਸਨ। ਇਸ ਸਮੇਂ ਦੌਰਾਨ ਖੀਰ, ਪੂੜੇ ਅਤੇ ਗੁਲਗੁਲੇ ਵਰਗੇ ਪਕਵਾਨ ਬਣਾਏ ਜਾਂਦੇ ਹਨ। ਸਮੇਂ ਦੇ ਬਦਲਾਅ ਨਾਲ ਹੁਣ ਇਸ ਨੂੰ ਸ਼ਹਿਰੀ ਅਤੇ ਵਿਦੇਸ਼ੀ ਪੱਧਰ ’ਤੇ ਵੀ ਸੱਭਿਆਚਾਰਕ ਮੇਲਿਆਂ ਵਜੋਂ ਆਯੋਜਿਤ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਜੰਨਤ-ਏ-ਜਰਖੜ ਦਾ ਇਹ ਬਹੁਤ ਹੀ ਵਧੀਆ ਉਪਰਾਲਾ ਹੈ ਕਿ ਉਨ੍ਹਾਂ ਨੇ ਇਸ ਪੱਧਰ ’ਤੇ ਤੀਆਂ ਦਾ ਤਿਉਹਾਰ ਮਨਾਇਆ ਹੈ। ਇਸ ਮੌਕੇ ਉੱਘੇ ਪੰਜਾਬੀ ਫਿਲਮ ਕਲਾਕਾਰ ਪਾਲੀ ਮਾਂਗਟ ਜੋ ਵਿਸ਼ੇਸ ਮਹਿਮਾਨ ਵਜੋਂ ਪੁੱਜੇ ਦਾ ਵਿਲੱਖਣ ਸਨਮਾਨ ਕੀਤਾ ਗਿਆ। ਇਸ ਮੌਕੇ ਪਾਲੀ ਮਾਂਗਟ ਨੇ ਆਖਿਆ ਕਿ ਜੰਨਤ-ਏ-ਜਰਖੜ ਪੰਜਾਬ ਦੀ ਪੁਰਾਣੀ ਵਿਰਾਸਤ ਦੀ ਤਸਵੀਰ ਪੇਸ਼ ਕਰ ਰਹੀ ਹੈ। ਭਵਿੱਖ ਵਿਚ ਪੰਜਾਬੀ ਫਿਲਮਾਂ ਨੂੰ ਸ਼ੂਟ ਕਰਨ ਲਈ ਇਕ ਵਧੀਆ ਜਗ੍ਹਾ ਉਪਲਬਧ ਹੋਵੇਗੀ।

ਇਸ ਮੌਕੇ ਸਟੇਜ ਦਾ ਸੰਚਾਲਨ ਉੱਘੇ ਕਲਾਕਾਰ ਗੁਰਦਾਸ ਸਿੰਘ ਕੈੜਾ ਨੇ ਬਾਖੂਬੀ ਨਿਭਾਇਆ। ਇਸ ਮੌਕੇ ਅਮਰੀਕ ਸਿੰਘ ਮਿਨਹਾਸ ਏ.ਆਈ.ਜੀ. ਪੰਜਾਬ ਪੁਲਿਸ, ਸਾਬਕਾ ਅੰਤਰਰਾਸ਼ਟਰੀ ਵੇਟ ਲਿਫਟਰ ਹਰਦੀਪ ਸਿੰਘ ਬੀਰਮਪੁਰ, ਜੰਨਤ-ਏ-ਜਰਖੜ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਅਜੀਤ ਸਿੰਘ ਲਾਦੀਆਂ, ਕੁਲਦੀਪ ਸਿੰਘ ਘਵੱਦੀ, ਦਲਵੀਰ ਸਿੰਘ ਜਰਖੜ, ਦਿਲਬਾਗ ਸਿੰਘ ਐੱਮ.ਡੀ. ਡਰੈਗਨ ਅਕੈਡਮੀ, ਕੁਲਦੀਪ ਸਿੰਘ ਦੁੱਗਲ, ਹਰਬੰਸ ਸਿੰਘ ਤੂਰ, ਹਰਮੀਤ ਸਿੰਘ ਖਾਲਸਾ, ਮੁਹੰਮਦ ਹਰਨੂਨ ਮਾਲੇਰਕੋਟਲਾ ਤੋਂ ਇਲਾਵਾ ਬੀਬੀ ਇੰਦਰਜੀਤ ਕੌਰ ਧਾਂਦਰਾ, ਰਵਿੰਦਰ ਕੌਰ ਧਾਲੀਵਾਲ, ਡਾਕਟਰ ਰੇਖਾ ਕੁਮਾਰੀ ਲੁਧਿਆਣਾ, ਰਮਨਪ੍ਰੀਤ ਕੌਰ ਲੁਧਿਆਣਾ, ਪਰਮਜੀਤ ਕੌਰ ਜਰਖੜ, ਗੁਰਸਿਮਰਤ ਕੌਰ, ਹਰਮਨਪ੍ਰੀਤ ਕੌਰ ਜਰਖੜ, ਅਮਰਜੀਤ ਕੌਰ ਲਾਦੀਆਂ ਆਦਿ ਹੋਰ ਪ੍ਰਬੰਧਕ ਮਹਿਮਾਨ ਅਤੇ ਬੀਬੀਆਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

ਇਸ ਮੌਕੇ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਸੌਣ ਦੇ ਮਹੀਨੇ ਵੱਡੇ ਪੱਧਰ ’ਤੇ ਜੰਨਤ-ਏ-ਜਰਖੜ ਵਿਖੇ ਤੀਆਂ ਦੇ ਤਿਉਹਾਰ ਮਨਾਏ ਜਾਣਗੇ, ਤਾਂ ਜੋ ਸਾਡੀਆਂ ਬੱਚੀਆਂ, ਧੀਆਂ, ਭੈਣਾਂ ਨੂੰ ਸਾਡੇ ਵਿਰਾਸਤੀ ਤੀਆਂ ਦੇ ਤਿਉਹਾਰ ਦੀ ਅਹਿਮੀਅਤ ਅਤੇ ਮਹੱਤਤਾ ਬਾਰੇ ਜਾਣਕਾਰੀ ਮਿਲ ਸਕੇ ਅਤੇ ਬੱਚੇ ਪੰਜਾਬੀ ਸੱਭਿਆਚਾਰ ਨਾਲ ਜੁੜ ਸਕਣ। ਇਸ ਵਾਸਤੇ ਮਿਊਜ਼ੀਅਮ ਦੀ ਨੋਰਮਲ ਬੁਕਿੰਗ ਹੋਵੇਗੀ। ਇਸ ਮੌਕੇ ਅਮਰੀਕ ਸਿੰਘ ਮਿਨਹਾਸ ਏ.ਆਈ.ਜੀ. ਅਤੇ ਹਰਦੀਪ ਸਿੰਘ ਬੀਰਮਪੁਰ ਨੇ ਆਏ ਸਾਰੇ ਦਰਸ਼ਕਾਂ ਦਾ ਧੰਨਵਾਦ ਕੀਤਾ।




## ਪਾਕਿਸਤਾਨ ਵੱਲੋਂ ਬੀਤੇ 3 ਸਾਲਾਂ ’ਚ 26 ਲੱਖ ਤੋਂ ਵੱਧ ਅਫਗਾਨ ਨਾਗਰਿਕ ਡਿਪੋਰਟ !

**ਇਸਲਾਮਾਬਾਦ, (ਪੰਜਾਬ ਮੇਲ)-** ਇਕ ਪਾਸੇ ਜਦੋਂ ਅਮਰੀਕਾ-ਕੈਨੇਡਾ ਵਰਗੇ ਦੇਸ਼ਾਂ ਨੇ ਪ੍ਰਵਾਸੀਆਂ ਖ਼ਿਲਾਫ਼ ਸਖ਼ਤ ਰੁਖ਼ ਅਪਣਾਇਆ ਹੋਇਆ ਹੈ, ਉੱਥੇ ਹੀ ਪਾਕਿਸਤਾਨ ਵੀ ਗ਼ੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਕਾਰਵਾਈ ਤੋਂ ਪਿੱਛੇ ਨਹੀਂ ਹੈ। ਪਾਕਿ ਸਰਕਾਰ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਚਲਾਈ ਜਾ ਰਹੀ ਸਖ਼ਤ ਮੁਹਿੰਮ ਤਹਿਤ ਪਿਛਲੇ 3 ਸਾਲਾਂ ਦੌਰਾਨ ਔਰਤਾਂ ਅਤੇ ਬੱਚਿਆਂ ਸਣੇ 26 ਲੱਖ ਤੋਂ ਵੱਧ ਅਫ਼ਗਾਨ ਨਾਗਰਿਕਾਂ ਨੂੰ ਡਿਪੋਰਟ ਕਰ ਦਿੱਤਾ ਹੈ। ਇਹ ਕਾਰਵਾਈ ਉਨ੍ਹਾਂ ਅਫ਼ਗਾਨ ਨਾਗਰਿਕਾਂ ਖ਼ਿਲਾਫ਼ ਕੀਤੀ ਗਈ ਹੈ, ਜੋ ਬਿਨਾਂ ਕਿਸੇ ਵੈਲਿਡ ਵੀਜ਼ਾ ਦੇ ਪਾਕਿਸਤਾਨ ’ਚ ਰਹਿ ਰਹੇ ਸਨ ਤੇ ਜਿਨ੍ਹਾਂ ਦਾ ਵੀਜ਼ਾ ਐਕਸਪਾਇਰ ਹੋ ਚੁੱਕਾ ਸੀ। ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਪਛਾਣ ਲਈ ਪਾਕਿਸਤਾਨੀ ਪੰਜਾਬ ਸਰਕਾਰ ਵੱਲੋਂ ਨਿਯਮਤ ਤੌਰ ’ਤੇ ਸਰਵੇਖਣ ਕੀਤੇ ਜਾਂਦੇ ਹਨ। ਪੰਜਾਬ ਦੇ ਗ੍ਰਹਿ ਵਿਭਾਗ ਦੇ ਬੁਲਾਰੇ ਅਨੁਸਾਰ, ਇਕੱਲੇ ਪੰਜਾਬ ਸੂਬੇ ਨੇ ਹੀ 1,38,342 ਅਫ਼ਗਾਨ ਨਾਗਰਿਕਾਂ ਨੂੰ ਆਪਣੇ ਡਿਟੈਂਸ਼ਨ ਸੈਂਟਰਾਂ ’ਚ ਭੇਜਿਆ, ਉਨ੍ਹਾਂ ਦੇ ਦਸਤਾਵੇਜ਼ਾਂ ਦੀ ਪ੍ਰਕਿਰਿਆ ਪੂਰੀ ਕੀਤੀ ਅਤੇ ਉਨ੍ਹਾਂ ਨੂੰ ਡਿਪੋਰਟ ਕੀਤਾ। ਪਾਕਿਸਤਾਨ ਵਿਚ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ ਅਫ਼ਗਾਨ ਨਾਗਰਿਕਾਂ ਨੂੰ ਜ਼ਿਆਦਾਤਰ ਖੈਬਰ ਪਖਤੂਨਖਵਾ ਸੂਬੇ ਵਿਚ ਸਥਿਤ ‘ਤੋਰਖਮ ਚੌਕੀ’ ਰਾਹੀਂ ਵਾਪਸ ਅਫ਼ਗਾਨਿਸਤਾਨ ਭੇਜਿਆ ਜਾਂਦਾ ਹੈ।



ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA



# ਪੰਜਾਬ ਦਾ ਨੌਜਵਾਨ ਵਿਦੇਸ਼ਾਂ ਵੱਲ ਕਿਉਂ ਦੌੜ ਰਿਹਾ ਹੈ? ਮਜ਼ਬੂਰੀ, ਸੁਪਨਾ ਜਾਂ ਸਿਸਟਮ ਦੀ ਨਾਕਾਮੀ?

ਅੱਜ ਪੰਜਾਬ ਦੇ ਕਿਸੇ ਵੀ ਪਿੰਡ, ਕਸਬੇ ਜਾਂ ਸ਼ਹਿਰ ਵਿਚ ਚਲੇ ਜਾਈਏ, ਤਾਂ ਲਗਭਗ ਹਰ ਘਰ ਵਿਚ ਇੱਕੋ ਗੱਲ ਸੁਣਨ ਨੂੰ ਮਿਲਦੀ ਹੈ – "ਮੁੰਡਾ ਕੈਨੇਡਾ ਚਲਾ ਗਿਆ", "ਕੁੜੀ ਆਸਟ੍ਰੇਲੀਆ ਪੜ੍ਹਨ ਗਈ ਹੈ", "ਅਮਰੀਕਾ ਦਾ ਕੇਸ ਲੱਗਿਆ ਹੋਇਆ ਹੈ" ਜਾਂ "ਯੂਰਪ ਜਾਣ ਦੀ ਤਿਆਰੀ ਚੱਲ ਰਹੀ ਹੈ।" ਇੱਕ ਸਮਾਂ ਸੀ, ਜਦੋਂ ਵਿਦੇਸ਼ ਜਾਣਾ ਕੁਝ ਲੋਕਾਂ ਦਾ ਸੁਪਨਾ ਹੁੰਦਾ ਸੀ, ਪਰ ਅੱਜ ਇਹ ਹਜ਼ਾਰਾਂ ਪਰਿਵਾਰਾਂ ਦਾ ਟੀਚਾ ਬਣ ਗਿਆ ਹੈ। ਕਈ ਘਰਾਂ ਵਿਚ ਬੱਚੇ ਦੇ ਜਨਮ ਤੋਂ ਬਾਅਦ ਹੀ ਇਹ ਸੋਚ ਬਣ ਜਾਂਦੀ ਹੈ ਕਿ ਵੱਡਾ ਹੋ ਕੇ ਉਸ ਨੂੰ ਵਿਦੇਸ਼ ਭੇਜਣਾ ਹੈ।

ਸਵਾਲ ਇਹ ਹੈ ਕਿ ਪੰਜਾਬ ਦਾ ਨੌਜਵਾਨ ਆਪਣੇ ਹੀ ਸੂਬੇ ਅਤੇ ਦੇਸ਼ ਵਿਚ ਭਵਿੱਖ ਕਿਉਂ ਨਹੀਂ ਦੇਖ ਰਿਹਾ ? ਕੀ ਇੱਥੇ ਮੌਕੇ ਨਹੀਂ ਰਹੇ ਜਾਂ ਵਿਦੇਸ਼ਾਂ ਦੀ ਚਮਕ ਨੇ ਉਸ ਦੀ ਸੋਚ ਬਦਲ ਦਿੱਤੀ ਹੈ ?

ਇਸ ਦਾ ਜਵਾਬ ਇੱਕ ਨਹੀਂ, ਕਈ ਕਾਰਨਾਂ ਵਿਚ ਲੁਕਿਆ ਹੈ। ਸਭ ਤੋਂ ਵੱਡਾ ਕਾਰਨ ਰੋਜ਼ਗਾਰ ਹੈ। ਹਰ ਸਾਲ ਲੱਖਾਂ ਨੌਜਵਾਨ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਡਿਗਰੀਆਂ ਲੈ ਕੇ ਨਿਕਲਦੇ ਹਨ। ਕਿਸੇ ਨੇ ਬੀ.ਏ., ਬੀ.ਕਾਮ., ਇੰਜੀਨੀਅਰਿੰਗ ਜਾਂ ਐੱਮ.ਬੀ.ਏ. ਕੀਤੀ ਹੁੰਦੀ ਹੈ, ਪਰ ਨੌਕਰੀ ਲੱਭਣ ਵੇਲੇ ਹਕੀਕਤ ਉਨ੍ਹਾਂ ਦੇ ਸੁਪਨਿਆਂ ਨਾਲ ਮੇਲ ਨਹੀਂ ਖਾਂਦੀ। ਕਈ ਥਾਵਾਂ ਨੌਕਰੀਆਂ ਨਹੀਂ ਅਤੇ ਜਿੱਥੇ ਹਨ, ਉੱਥੇ ਤਨਖ਼ਾਹ ਇੰਨੀ ਘੱਟ ਹੁੰਦੀ ਹੈ ਕਿ ਘਰ ਦਾ ਖ਼ਰਚਾ ਚਲਾਉਣਾ ਵੀ ਔਖਾ ਹੋ ਜਾਂਦਾ ਹੈ। ਪੜ੍ਹਾਈ 'ਤੇ ਲੱਖਾਂ ਰੁਪਏ ਖਰਚਣ ਤੋਂ ਬਾਅਦ ਘੱਟ ਤਨਖ਼ਾਹ ਮਿਲਣ ਦੀ ਨਿਰਾਸ਼ਾ ਨੌਜਵਾਨਾਂ ਨੂੰ ਵਿਦੇਸ਼ਾਂ ਵੱਲ ਧੱਕਦੀ ਹੈ।

ਪੰਜਾਬ ਦੀ ਆਰਥਿਕਤਾ ਦਾ ਵੱਡਾ ਆਧਾਰ ਖੇਤੀਬਾੜੀ ਰਹੀ ਹੈ। ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਨੇ ਦੇਸ਼ ਨੂੰ ਅਨਾਜ ਦੇਣ ਵਿਚ ਇਤਿਹਾਸਕ ਭੂਮਿਕਾ ਨਿਭਾਈ, ਪਰ ਅੱਜ ਹਾਲਾਤ ਪਹਿਲਾਂ ਵਰਗੇ ਨਹੀਂ। ਜ਼ਮੀਨਾਂ ਪੀੜ੍ਹੀ ਦਰ ਪੀੜ੍ਹੀ ਵੰਡਦੀਆਂ ਗਈਆਂ। ਜਿੱਥੇ ਕਦੇ ਇੱਕ ਪਰਿਵਾਰ ਕੋਲ 30 ਜਾਂ 40 ਏਕੜ ਸੀ, ਅੱਜ ਉਹੀ ਜ਼ਮੀਨ ਚਾਰ-ਪੰਜ ਹਿੱਸਿਆਂ ਵਿਚ ਵੰਡ ਕੇ ਕੁਝ ਏਕੜ ਰਹਿ ਗਈ ਹੈ।

ਇਸ ਦੇ ਨਾਲ ਡੀਜ਼ਲ, ਖਾਦ, ਬੀਜ, ਕੀਟਨਾਸ਼ਕ, ਮਜ਼ਦੂਰੀ ਅਤੇ ਮਸ਼ੀਨਰੀ ਦੀ ਲਾਗਤ ਲਗਾਤਾਰ ਵਧ ਰਹੀ ਹੈ। ਕਈ ਕਿਸਾਨਾਂ ਨੂੰ ਲੱਗਦਾ ਹੈ ਕਿ ਸਾਲ ਭਰ ਦੀ ਮਿਹਨਤ ਤੋਂ ਬਾਅਦ ਵੀ ਉਨ੍ਹਾਂ ਨੂੰ ਉਨੀ ਆਮਦਨ ਨਹੀਂ ਮਿਲਦੀ, ਜਿੰਨੀ ਇੱਕ ਆਮ ਨੌਕਰੀ ਤੋਂ ਮਿਲ ਸਕਦੀ ਹੈ। ਇਸ ਲਈ ਉਹ ਬੱਚਿਆਂ ਨੂੰ ਖੇਤੀ ਨਾਲ ਜੋੜਨ ਦੀ ਬਜਾਏ ਵਿਦੇਸ਼ ਭੇਜਣ ਨੂੰ ਤਰਜੀਹ ਦਿੰਦੇ ਹਨ।

ਪੰਜਾਬ ਵਿਚ ਉਦਯੋਗਾਂ ਦੀ ਗਿਣਤੀ ਵੀ ਉਸ ਪੱਧਰ ਤੱਕ ਨਹੀਂ ਵਧੀ, ਜਿੱਥੇ ਵੱਡੀ ਗਿਣਤੀ ਵਿਚ ਨੌਜਵਾਨਾਂ ਨੂੰ ਰੋਜ਼ਗਾਰ ਮਿਲ ਸਕੇ। ਵੱਡੀਆਂ ਕੰਪਨੀਆਂ ਅਤੇ ਉੱਚ ਤਕਨੀਕੀ ਉਦਯੋਗ ਅਕਸਰ ਹੋਰ ਰਾਜਾਂ ਵਿਚ ਨਿਵੇਸ਼ ਕਰਦੇ ਹਨ। ਜਦੋਂ ਸਥਾਨਕ ਪੱਧਰ 'ਤੇ ਮੌਕੇ ਘੱਟ ਹੋਣ, ਤਾਂ ਨੌਜਵਾਨ ਕੁਦਰਤੀ ਤੌਰ 'ਤੇ ਉਨ੍ਹਾਂ ਦੇਸ਼ਾਂ ਵੱਲ ਦੇਖਦਾ ਹੈ, ਜਿੱਥੇ ਉਸ ਨੂੰ ਬਿਹਤਰ ਭਵਿੱਖ ਦਿੱਸਦਾ ਹੈ।

ਸਿੱਖਿਆ ਪ੍ਰਣਾਲੀ ਵੀ ਵੱਡਾ ਸਵਾਲ ਹੈ। ਪੰਜਾਬ ਅਤੇ ਦੇਸ਼ ਦੇ ਕਈ ਹਿੱਸਿਆਂ ਵਿਚ ਅਜਿਹੇ ਕੋਰਸ ਪੜ੍ਹਾਏ ਜਾਂਦੇ ਹਨ, ਜਿਨ੍ਹਾਂ ਦੀ ਰੋਜ਼ਗਾਰ ਬਾਜ਼ਾਰ ਵਿਚ ਮੰਗ ਘੱਟ ਹੈ। ਵਿਦਿਆਰਥੀ ਡਿਗਰੀ ਤਾਂ ਲੈ ਲੈਂਦੇ ਹਨ, ਪਰ ਉਦਯੋਗਾਂ ਨੂੰ ਲੋੜੀਂਦੇ ਹੁਨਰ ਉਨ੍ਹਾਂ ਕੋਲ ਨਹੀਂ ਹੁੰਦੇ। ਹੁਨਰ ਅਤੇ ਰੋਜ਼ਗਾਰ ਵਿਚਕਾਰ ਇਹ ਫ਼ਰਕ ਡਿਗਰੀਧਾਰਕ ਬੇਰੁਜ਼ਗਾਰੀ ਅਤੇ ਨਿਰਾਸ਼ਾ ਵਧਾਉਂਦਾ ਹੈ।

ਸਰਕਾਰੀ ਨੌਕਰੀਆਂ ਨੂੰ ਅਜੇ ਵੀ ਸਭ ਤੋਂ ਸੁਰੱਖਿਅਤ ਮੰਨਿਆ ਜਾਂਦਾ ਹੈ, ਪਰ ਕੁਝ ਹਜ਼ਾਰ ਅਸਾਮੀਆਂ ਲਈ ਲੱਖਾਂ ਅਰਜ਼ੀਆਂ ਆ ਜਾਂਦੀਆਂ ਹਨ। ਭਰਤੀ ਪ੍ਰਕਿਰਿਆ ਲੰਬੀ ਚੱਲਦੀ ਹੈ, ਕਈ ਵਾਰ ਅਦਾਲਤੀ ਮਾਮਲਿਆਂ ਵਿਚ ਫਸ ਜਾਂਦੀ ਹੈ ਅਤੇ ਉਮੀਦਵਾਰ ਸਾਲਾਂ ਉਡੀਕ ਕਰਦੇ ਰਹਿੰਦੇ ਹਨ। ਕਈ ਨੌਜਵਾਨਾਂ ਦੀ ਉਮਰ ਹੀ ਉਡੀਕ ਵਿਚ ਲੰਘ ਜਾਂਦੀ ਹੈ। ਇਸ ਲਈ ਉਹ ਸੋਚਦੇ ਹਨ ਕਿ ਜੇ ਇੰਨੀ ਮਿਹਨਤ ਵਿਦੇਸ਼ ਜਾਣ ਲਈ ਕੀਤੀ ਜਾਵੇ, ਤਾਂ ਸ਼ਾਇਦ ਭਵਿੱਖ ਵਧੀਆ ਬਣ ਸਕੇ।

ਪਰ ਸਿਰਫ਼ ਬੇਰੁਜ਼ਗਾਰੀ ਹੀ ਕਾਰਨ ਨਹੀਂ। ਇਸ ਦੇ ਪਿੱਛੇ ਮਨੋਵਿਗਿਆਨਕ ਅਤੇ ਸਮਾਜਿਕ ਪੱਖ ਵੀ ਹੈ। ਪਿਛਲੇ ਦੋ ਦਹਾਕਿਆਂ ਵਿਚ ਇਹ ਸੋਚ ਮਜ਼ਬੂਤ ਹੋਈ ਹੈ ਕਿ ਵਿਦੇਸ਼ ਜਾਣਾ ਸਫ਼ਲਤਾ ਦੀ ਨਿਸ਼ਾਨੀ ਹੈ। ਕਿਸੇ ਘਰ ਦਾ ਬੱਚਾ ਕੈਨੇਡਾ ਜਾਂ ਅਮਰੀਕਾ ਪਹੁੰਚ ਜਾਵੇ, ਤਾਂ ਪੂਰੇ ਪਿੰਡ ਵਿਚ ਉਸ ਦੀ ਚਰਚਾ ਹੁੰਦੀ ਹੈ।

ਸੋਸ਼ਲ ਮੀਡੀਆ ਨੇ ਇਸ ਸੋਚ ਨੂੰ ਹੋਰ ਵਧਾਇਆ ਹੈ। ਵੱਡੀਆਂ ਕਾਰਾਂ, ਸੁੰਦਰ ਘਰ, ਸਾਫ਼ ਸੜਕਾਂ, ਬਰਫ਼ ਅਤੇ ਡਾਲਰਾਂ ਦੀ ਕਮਾਈ ਵਾਲੀਆਂ ਤਸਵੀਰਾਂ ਦੇਖ ਕੇ ਨੌਜਵਾਨਾਂ ਨੂੰ ਲੱਗਦਾ ਹੈ ਕਿ ਵਿਦੇਸ਼ ਦੀ ਜ਼ਿੰਦਗੀ ਬਹੁਤ ਆਸਾਨ ਹੈ। ਪਰ ਉਹ ਤਸਵੀਰ ਦਾ ਦੂਜਾ ਪਾਸਾ ਨਹੀਂ ਵੇਖਦੇ – ਲੰਮੇ ਕੰਮ ਦੇ ਘੰਟੇ, ਕਰਜ਼ੇ, ਇਕੱਲਾਪਣ, ਮਾਨਸਿਕ ਦਬਾਅ ਅਤੇ ਪਰਿਵਾਰ ਤੋਂ ਦੂਰ ਰਹਿਣ ਦਾ ਦਰਦ।

ਸਮਾਜਿਕ ਦਬਾਅ ਵੀ ਵੱਡਾ ਕਾਰਨ ਬਣ ਗਿਆ ਹੈ। ਕਈ ਮਾਪੇ ਬੱਚਿਆਂ ਨੂੰ ਇਸ ਲਈ ਵਿਦੇਸ਼ ਭੇਜਣਾ ਚਾਹੁੰਦੇ ਹਨ ਕਿਉਂਕਿ ਰਿਸ਼ਤੇਦਾਰਾਂ ਜਾਂ ਗੁਆਂਢੀਆਂ ਦੇ ਬੱਚੇ ਪਹਿਲਾਂ ਹੀ ਬਾਹਰ ਹਨ। ਹੌਲੀ-ਹੌਲੀ ਇਹ ਸੋਚ ਬਣ ਜਾਂਦੀ ਹੈ ਕਿ ਜੇ ਬੱਚਾ ਵਿਦੇਸ਼ ਨਹੀਂ ਗਿਆ, ਤਾਂ ਉਹ ਪਿੱਛੇ ਰਹਿ ਗਿਆ ਹੈ।

ਇਸ ਦਾ ਅਸਰ ਮਾਪਿਆਂ ਦੇ ਫ਼ੈਸਲਿਆਂ 'ਤੇ ਵੀ ਪੈਂਦਾ ਹੈ। ਕਈ ਪਰਿਵਾਰ ਆਪਣੀ ਉਮਰ ਭਰ ਦੀ ਕਮਾਈ, ਜ਼ਮੀਨ ਜਾਂ ਗਹਿਣੇ ਵੇਚ ਕੇ ਬੱਚਿਆਂ ਨੂੰ ਵਿਦੇਸ਼ ਭੇਜ ਦਿੰਦੇ ਹਨ। ਉਨ੍ਹਾਂ ਨੂੰ ਉਮੀਦ ਹੁੰਦੀ ਹੈ ਕਿ ਬੱਚਾ ਡਾਲਰ ਕਮਾ ਕੇ ਸਭ ਕੁਝ ਵਾਪਸ ਕਰ ਦੇਵੇਗਾ। ਕਈ ਵਾਰ ਇਹ ਉਮੀਦ ਸੱਚ ਹੁੰਦੀ ਹੈ, ਪਰ ਕਈ ਵਾਰ ਪਰਿਵਾਰ ਭਾਰੀ ਕਰਜ਼ੇ ਅਤੇ ਆਰਥਿਕ ਸੰਕਟ ਵਿਚ ਫਸ ਜਾਂਦਾ ਹੈ।

ਭ੍ਰਿਸ਼ਟਾਚਾਰ, ਸਰਕਾਰੀ ਦਫ਼ਤਰਾਂ ਦੀ ਸੁਸਤੀ, ਸਿਹਤ ਅਤੇ ਸਿੱਖਿਆ ਦੀਆਂ ਕਮਜ਼ੋਰੀਆਂ, ਪ੍ਰਦੂਸ਼ਣ ਅਤੇ ਟ੍ਰੈਫਿਕ ਵਰਗੇ ਕਾਰਕ ਵੀ ਲੋਕਾਂ ਨੂੰ ਇਹ ਸੋਚਣ ਲਈ ਮਜਬੂਰ ਕਰਦੇ ਹਨ ਕਿ ਵਿਦੇਸ਼ਾਂ ਵਿਚ ਜੀਵਨ ਦੀ ਗੁਣਵੱਤਾ ਬਿਹਤਰ ਹੋਵੇਗੀ। ਉਨ੍ਹਾਂ ਨੂੰ ਲੱਗਦਾ ਹੈ ਕਿ ਉੱਥੇ ਕਾਨੂੰਨ ਦੀ ਪਾਲਣਾ ਜ਼ਿਆਦਾ ਹੁੰਦੀ ਹੈ, ਪ੍ਰਣਾਲੀ ਤੇਜ਼ ਹੈ ਅਤੇ ਮਿਹਨਤ ਕਰਨ ਵਾਲੇ ਨੂੰ ਉਸ ਦਾ ਹੱਕ ਮਿਲਦਾ ਹੈ।

ਪਰ ਵਿਦੇਸ਼ਾਂ ਵਿਚ ਵੀ ਹਰ ਕਿਸੇ ਨੂੰ ਸਫ਼ਲਤਾ ਨਹੀਂ ਮਿਲਦੀ। ਬਹੁਤ ਸਾਰੇ ਵਿਦਿਆਰਥੀ ਭਾਰੀ ਕਰਜ਼ਾ ਲੈ ਕੇ ਜਾਂਦੇ ਹਨ, ਪੜ੍ਹਾਈ ਦੇ ਨਾਲ ਲੰਮੇ ਘੰਟੇ ਕੰਮ ਕਰਦੇ ਹਨ ਅਤੇ ਕਈਆਂ ਨੂੰ ਆਪਣੇ ਖੇਤਰ ਵਿਚ ਨੌਕਰੀ ਨਹੀਂ ਮਿਲਦੀ। ਕਈ ਵਿਦਿਆਰਥੀ ਦੋ ਜਾਂ ਤਿੰਨ ਲੋਕਾਂ ਨਾਲ ਇੱਕ ਕਮਰਾ ਸਾਂਝਾ ਕਰਦੇ ਹਨ, ਰਾਤ ਦੀਆਂ ਸ਼ਿਫ਼ਟਾਂ ਕਰਦੇ ਹਨ ਅਤੇ ਹਫ਼ਤੇ ਦੇ ਅੰਤ 'ਤੇ ਵੀ ਆਰਾਮ ਨਹੀਂ ਕਰ ਸਕਦੇ।

ਮਾਨਸਿਕ ਸਿਹਤ ਵੀ ਵੱਡੀ ਚੁਣੌਤੀ ਹੈ। ਪਰਿਵਾਰ ਤੋਂ ਦੂਰ ਰਹਿਣਾ, ਨਵਾਂ ਮਾਹੌਲ, ਭਾਸ਼ਾ ਦੀ ਸਮੱਸਿਆ, ਪੜ੍ਹਾਈ ਦਾ ਦਬਾਅ, ਨੌਕਰੀ ਦੀ ਚਿੰਤਾ ਅਤੇ ਭਵਿੱਖ ਦੀ ਅਨਿਸ਼ਚਿਤਤਾ ਨੌਜਵਾਨਾਂ ਨੂੰ ਤਣਾਅ ਵਿਚ ਲਿਆ ਦਿੰਦੀ ਹੈ। ਕਈ ਲੋਕ ਆਪਣੀਆਂ ਮੁਸ਼ਕਲਾਂ ਘਰ ਵਾਲਿਆਂ ਨੂੰ ਨਹੀਂ ਦੱਸਦੇ ਅਤੇ ਫੋਨ 'ਤੇ ਹਮੇਸ਼ਾ ਇਹੀ ਕਹਿੰਦੇ ਹਨ ਕਿ ਸਭ ਕੁਝ ਠੀਕ ਹੈ।

ਇਮੀਗ੍ਰੇਸ਼ਨ ਨੀਤੀਆਂ ਵਿਚ ਆ ਰਹੇ ਬਦਲਾਅ ਨੇ ਵੀ ਹਾਲਾਤ ਔਖੇ ਕੀਤੇ ਹਨ। ਜਿਹੜੇ ਦੇਸ਼ ਪਹਿਲਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਪਰਵਾਸੀਆਂ ਲਈ ਖੁੱਲ੍ਹੇ ਮੰਨੇ ਜਾਂਦੇ ਸਨ, ਉੱਥੇ ਹੁਣ ਵੀਜ਼ਾ ਜਾਂਚ ਅਤੇ ਸਥਾਈ ਨਿਵਾਸ ਦੇ ਨਿਯਮ ਸਖ਼ਤ ਹੋ ਰਹੇ ਹਨ। ਪੜ੍ਹਾਈ ਤੋਂ ਬਾਅਦ ਕੰਮ ਕਰਨ ਦੇ ਮੌਕਿਆਂ ਅਤੇ ਸਥਾਈ ਦਰਜੇ ਲਈ ਲੋੜੀਂਦੇ ਅੰਕ, ਆਮਦਨ ਅਤੇ ਯੋਗਤਾਵਾਂ ਵਿਚ ਵੀ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ।

ਕੈਨੇਡਾ ਵਿਚ ਵਿਦਿਆਰਥੀ ਅਤੇ ਅਸਥਾਈ ਰਿਹਾਇਸ਼ ਨੀਤੀਆਂ ਵਿਚ ਬਦਲਾਅ ਆਏ ਹਨ। ਅਮਰੀਕਾ ਵਿਚ ਮੌਕੇ ਬਹੁਤ ਹਨ, ਪਰ ਕਾਨੂੰਨੀ ਇਮੀਗ੍ਰੇਸ਼ਨ ਪ੍ਰਕਿਰਿਆ ਕਈ ਸ਼੍ਰੇਣੀਆਂ ਵਿਚ ਲੰਬੀ ਅਤੇ ਜਟਿਲ ਹੈ। ਆਸਟ੍ਰੇਲੀਆ ਅਤੇ ਯੂਰਪ ਦੇ ਕਈ ਦੇਸ਼ਾਂ ਨੇ ਵੀ ਹੁਨਰ-ਅਧਾਰਿਤ ਚੋਣ ਅਤੇ ਵੀਜ਼ਾ ਨਿਯਮ ਹੋਰ ਸਖ਼ਤ ਕੀਤੇ ਹਨ। ਇਸ ਕਰਕੇ ਬਹੁਤ ਸਾਰੇ ਨੌਜਵਾਨ ਲੰਬੇ ਇੰਤਜ਼ਾਰ, ਵਧੇਰੇ ਮੁਕਾਬਲੇ ਅਤੇ ਅਨਿਸ਼ਚਿਤਤਾ ਦਾ ਸਾਹਮਣਾ ਕਰ ਰਹੇ ਹਨ।

ਇਸ ਦਾ ਮਤਲਬ ਇਹ ਨਹੀਂ ਕਿ ਵਿਦੇਸ਼ ਜਾਣਾ ਗਲਤ ਹੈ। ਜੇ ਕੋਈ ਨੌਜਵਾਨ ਕਾਨੂੰਨੀ ਤਰੀਕੇ ਨਾਲ ਆਪਣੀ ਪੜ੍ਹਾਈ, ਹੁਨਰ ਜਾਂ ਨੌਕਰੀ ਦੇ ਆਧਾਰ 'ਤੇ ਵਿਦੇਸ਼ ਜਾਂਦਾ ਹੈ ਅਤੇ ਮਿਹਨਤ ਨਾਲ ਭਵਿੱਖ ਬਣਾਉਂਦਾ ਹੈ, ਤਾਂ ਇਹ ਮਾਣ ਦੀ ਗੱਲ ਹੈ। ਦੁਨੀਆਂ ਭਰ ਵਿਚ ਪੰਜਾਬੀਆਂ ਨੇ ਵਪਾਰ, ਵਿਗਿਆਨ, ਡਾਕਟਰੀ, ਰਾਜਨੀਤੀ, ਖੇਡਾਂ ਅਤੇ ਤਕਨਾਲੋਜੀ ਵਿਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ ਅਤੇ ਪੰਜਾਬ ਦਾ ਨਾਮ ਉੱਚਾ ਕੀਤਾ ਹੈ।

ਸਮੱਸਿਆ ਉਦੋਂ ਪੈਦਾ ਹੁੰਦੀ ਹੈ, ਜਦੋਂ ਵਿਦੇਸ਼ ਨੂੰ ਹਕੀਕਤ ਦੀ ਬਜਾਏ ਸੁਪਨਿਆਂ ਦੀ ਦੁਨੀਆਂ ਸਮਝ ਲਿਆ ਜਾਂਦਾ ਹੈ। ਜਦੋਂ ਸਿਰਫ਼ ਚਮਕ-ਦਮਕ ਦੇਖ ਕੇ ਫ਼ੈਸਲਾ ਹੁੰਦਾ ਹੈ ਅਤੇ ਇਹ ਮੰਨ ਲਿਆ ਜਾਂਦਾ ਹੈ ਕਿ ਭਾਰਤ ਵਿਚ ਕੁਝ ਨਹੀਂ ਅਤੇ ਵਿਦੇਸ਼ ਵਿਚ ਸਭ ਕੁਝ ਹੈ। ਸੱਚ ਇਹ ਹੈ ਕਿ ਹਰ ਦੇਸ਼ ਵਿਚ ਮਿਹਨਤ, ਮੁਕਾਬਲਾ ਅਤੇ ਕਾਨੂੰਨਾਂ ਦੀ ਪਾਲਣਾ ਲਾਜ਼ਮੀ ਹੈ। ਹਰ ਸਫ਼ਲਤਾ ਦੇ ਪਿੱਛੇ ਸਾਲਾਂ ਦੀ ਮਿਹਨਤ ਹੁੰਦੀ ਹੈ।

ਇਸ ਲਈ ਵਿਦੇਸ਼ ਜਾਣ ਦਾ ਫ਼ੈਸਲਾ ਭਾਵਨਾਵਾਂ ਨਾਲ ਨਹੀਂ, ਸਹੀ ਜਾਣਕਾਰੀ ਨਾਲ ਹੋਣਾ ਚਾਹੀਦਾ ਹੈ। ਕਿਸੇ ਵੀ ਦੇਸ਼ ਵਿਚ ਜਾਣ ਤੋਂ ਪਹਿਲਾਂ ਉਸ ਦੀਆਂ ਇਮੀਗ੍ਰੇਸ਼ਨ ਨੀਤੀਆਂ, ਰੋਜ਼ਗਾਰ ਦੇ ਮੌਕੇ, ਰਹਿਣ-ਸਹਿਣ ਦਾ ਖ਼ਰਚਾ, ਕਾਨੂੰਨੀ ਪ੍ਰਕਿਰਿਆ ਅਤੇ ਆਪਣੇ ਹੁਨਰ ਦੀ ਮੰਗ ਬਾਰੇ ਪੂਰੀ ਜਾਣਕਾਰੀ ਲੈਣੀ ਚਾਹੀਦੀ ਹੈ। ਜਾਣਕਾਰੀ ਨਾਲ ਲਿਆ ਗਿਆ ਫ਼ੈਸਲਾ ਵਿਦੇਸ਼ ਨੂੰ ਮੌਕਾ ਬਣਾ ਸਕਦਾ ਹੈ, ਪਰ ਸਿਰਫ਼ ਦੂਜਿਆਂ ਦੀਆਂ ਤਸਵੀਰਾਂ ਦੇਖ ਕੇ ਲਿਆ ਗਿਆ ਫ਼ੈਸਲਾ ਵੱਡੀ ਨਿਰਾਸ਼ਾ ਬਣ ਸਕਦਾ ਹੈ।


ਅਸਲ ਮੁੱਦਾ ਇਹ ਨਹੀਂ ਕਿ ਪੰਜਾਬ ਦਾ ਨੌਜਵਾਨ ਵਿਦੇਸ਼ ਕਿਉਂ ਜਾਣਾ ਚਾਹੁੰਦਾ ਹੈ। ਅਸਲ ਸਵਾਲ ਇਹ ਹੈ ਕਿ ਕੀ ਪੰਜਾਬ ਅਤੇ ਭਾਰਤ ਵਿਚ ਅਜਿਹਾ ਮਾਹੌਲ ਬਣਾਇਆ ਜਾ ਸਕਦਾ ਹੈ, ਜਿੱਥੇ ਨੌਜਵਾਨ ਆਪਣਾ ਭਵਿੱਖ ਇੱਥੇ ਵੀ ਸੁਰੱਖਿਅਤ ਸਮਝੇ। ਜੇ ਰੋਜ਼ਗਾਰ ਦੇ ਮੌਕੇ ਵਧਣ, ਸਿੱਖਿਆ ਨੂੰ ਉਦਯੋਗਾਂ ਨਾਲ ਜੋੜਿਆ ਜਾਵੇ, ਖੇਤੀ ਨੂੰ ਲਾਭਕਾਰੀ ਬਣਾਇਆ ਜਾਵੇ, ਨਿਵੇਸ਼ ਆਵੇ ਅਤੇ ਮਿਹਨਤ ਕਰਨ ਵਾਲੇ ਨੌਜਵਾਨ ਨੂੰ ਸਨਮਾਨਜਨਕ ਜੀਵਨ ਮਿਲੇ, ਤਾਂ ਵਿਦੇਸ਼ ਜਾਣਾ ਚੋਣ ਰਹੇਗਾ, ਮਜਬੂਰੀ ਨਹੀਂ।

ਪੰਜਾਬ ਨੂੰ ਇਸ ਸਵਾਲ 'ਤੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਕਿਉਂਕਿ ਜੇ ਨੌਜਵਾਨ ਲਗਾਤਾਰ ਬਾਹਰ ਜਾਂਦਾ ਰਿਹਾ ਤਾਂ ਪੰਜਾਬ ਸਿਰਫ਼ ਆਪਣੀ ਆਬਾਦੀ ਨਹੀਂ, ਸਗੋਂ ਆਪਣੀ ਸਭ ਤੋਂ ਕੀਮਤੀ ਪੂੰਜੀ 'ਨੌਜਵਾਨ ਤਾਕਤ' ਵੀ ਹੌਲੀ-ਹੌਲੀ ਗੁਆਉਂਦਾ ਜਾਵੇਗਾ।




> ਪਣੇ ਹੀ ਸੂਬੇ ਅਤੇ ਦੇਸ਼ ਵਿਚ ਭਵਿੱਖ ਕਿਉਂ ਨਹੀਂ ਦੇਖ ਰਿਹਾ? ਕੀ ਇੱਥੇ ਮੌਕੇ ਨਹੀਂ ਰਹੇ ਜਾਂ ਵਿਦੇਸ਼ਾਂ ਦੀ ਚਮਕ ਨੇ ਉਸ ਦੀ ਸੋਚ ਬਦਲ ਦਿੱਤੀ ਹੈ? ਇਸ ਦਾ ਜਵਾਬ ਇੱਕ ਨਹੀਂ, ਕਈ ਕਾਰਨਾਂ ਵਿਚ ਲੁਕਿਆ ਹੈ। ਸਭ ਤੋਂ ਵੱਡਾ ਕਾਰਨ ਰੋਜ਼ਗਾਰ ਹੈ। ਹਰ ਸਾਲ ਲੱਖਾਂ ਨੌਜਵਾਨ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਡਿਗਰੀਆਂ ਲੈ ਕੇ ਨਿਕਲਦੇ ਹਨ। ਕਿਸੇ ਨੇ ਬੀ.ਏ., ਬੀ.ਕਾਮ., ਇੰਜੀਨੀਅਰਿੰਗ ਜਾਂ ਐੱਮ.ਬੀ.ਏ. ਕੀਤੀ ਹੁੰਦੀ ਹੈ, ਪਰ ਨੌਕਰੀ ਲੱਭਣ ਵੇਲੇ ਹਕੀਕਤ ਉਨ੍ਹਾਂ ਦੇ ਸੁਪਨਿਆਂ ਨਾਲ ਮੇਲ ਨਹੀਂ ਖਾਂਦੀ। ਕਈ ਥਾਵਾਂ ਨੌਕਰੀਆਂ ਨਹੀਂ ਅਤੇ ਜਿੱਥੇ ਹਨ, ਉੱਥੇ ਤਨਖ਼ਾਹ ਇੰਨੀ ਘੱਟ ਹੁੰਦੀ ਹੈ ਕਿ ਘਰ ਦਾ ਖ਼ਰਚਾ ਚਲਾਉਣਾ ਵੀ ਔਖਾ ਹੋ ਜਾਂਦਾ ਹੈ। ਪੜ੍ਹਾਈ 'ਤੇ ਲੱਖਾਂ ਰੁਪਏ ਖਰਚਣ ਤੋਂ ਬਾਅਦ ਘੱਟ ਤਨਖ਼ਾਹ ਮਿਲਣ ਦੀ ਨਿਰਾਸ਼ਾ ਨੌਜਵਾਨਾਂ ਨੂੰ ਵਿਦੇਸ਼ਾਂ ਵੱਲ ਧੱਕਦੀ ਹੈ।

# ਭਰਮ-ਭੁਲੇਖਿਆਂ ਦਾ ਸ਼ਿਕਾਰ ਪੰਜਾਬ ਦੀਆਂ ਸਿਆਸੀ ਪਾਰਟੀਆਂ




ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



ਪੰਜਾਬ ਭਰ ਵਿਚ ਘਰ-ਘਰ ਜਾ ਕੇ ਗਣਨਾ ਕਰਨ ਦੀ ਵਿਸ਼ੇਸ਼ ਤੀਬਰ ਸੋਧ (ਐੱਸ.ਆਈ.ਆਰ.) ਪ੍ਰਕਿਰਿਆ ਨਿਰੰਤਰ ਤੇਜ਼ੀ ਨਾਲ ਚੱਲ ਰਹੀ ਹੈ। ਚੋਣ ਕਮਿਸ਼ਨ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ 25 ਜੂਨ 2026 ਤੋਂ 18 ਦਿਨਾਂ ਦੇ ਅੰਦਰ ਸੂਬੇ ਨੇ ਇੱਕ ਕਰੋੜ ਤੋਂ ਵੱਧ ਗਣਨਾ ਫਾਰਮਾਂ ਨੂੰ ਸਫਲਤਾਪੂਰਵਕ ਡਿਜ਼ੀਟਲਾਈਜ਼ ਕਰ ਲਿਆ ਹੈ। ਇਸ ਦੇ ਨਾਲ ਹੀ, 25 ਜੂਨ ਤੋਂ 24 ਜੁਲਾਈ 2026 ਦੇ ਦਰਮਿਆਨ ਪੰਜਾਬ ਭਰ ਦੇ 2 ਕਰੋੜ 14 ਲੱਖ 61 ਹਜ਼ਾਰ 43 ਵੋਟਰਾਂ ਤੱਕ ਪਹੁੰਚ ਕੀਤੇ ਜਾਣ ਦਾ ਦਾਅਵਾ ਵੀ ਕੀਤਾ ਗਿਆ ਹੈ। ਇਸ ਕਾਰਜ ਲਈ 24,453 ਬੀ.ਐੱਲ.ਓ. ਲਗਾਏ ਗਏ ਹਨ।

ਇਸ ਸਭ ਦੇ ਬਾਵਜੂਦ, ਆਮ ਲੋਕ ਇਸ ਐੱਸ.ਆਈ.ਆਰ. ਪ੍ਰਕਿਰਿਆ ਤੋਂ ਪਰੇਸ਼ਾਨ ਹਨ। ਇਹ ਕੰਮ 2003 ਦੀ ਵੋਟਰ ਸੂਚੀ ਨੂੰ ਆਧਾਰ ਮੰਨ ਕੇ ਮੁਕੰਮਲ ਕੀਤਾ ਜਾ ਰਿਹਾ ਹੈ, ਜਿਸ ਕਾਰਨ ਪੰਜਾਬ ਦੇ ਲੋਕਾਂ ਵਿਚ ਇੱਕ ਅਜੀਬ ਬੇਚੈਨੀ ਹੈ। ਖਾਸ ਕਰਕੇ ਉਨ੍ਹਾਂ ਲੋਕਾਂ ਵਿਚ ਚਿੰਤਾ ਜ਼ਿਆਦਾ ਹੈ, ਜਿਨ੍ਹਾਂ ਤੱਕ ਹਾਲੇ ਬੀ.ਐੱਲ.ਓ. ਨਹੀਂ ਪਹੁੰਚੇ ਅਤੇ ਜਿਨ੍ਹਾਂ ਦੇ ਨਾਮ 2003 ਦੀ ਵੋਟਰ ਸੂਚੀ ਵਿਚ ਸ਼ਾਮਲ ਨਹੀਂ ਹਨ।

ਲੋਕਾਂ ਦੀ ਇਹ ਪਰੇਸ਼ਾਨੀ ਸਿਰਫ਼ ਵੋਟ ਕੱਟੇ ਜਾਣ ਜਾਂ ਨਵੀਂ ਵੋਟਰ ਸੂਚੀ ਵਿਚ ਨਾਮ ਸ਼ਾਮਲ ਨਾ ਹੋਣ ਤੱਕ ਸੀਮਤ ਨਹੀਂ ਹੈ; ਬਲਕਿ ਵੱਡੀ ਚਿੰਤਾ ਇਹ ਹੈ ਕਿ ਇਸ ਕਾਰਨ ਬੁਢਾਪਾ ਪੈਂਸ਼ਨ, ਮੁਫ਼ਤ ਅਨਾਜ ਅਤੇ ਔਰਤ ਸਨਮਾਨ ਰਾਸ਼ੀ ਸਮੇਤ ਸਾਰੀਆਂ ਸਰਕਾਰੀ ਸਹੂਲਤਾਂ ਬੰਦ ਹੋ ਸਕਦੀਆਂ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਕਿਸੇ ਵੀ ਸਿਆਸੀ ਧਿਰ ਦੇ ਜ਼ਮੀਨੀ ਵਰਕਰ ਜਾਂ ਨੇਤਾ ਇਨ੍ਹਾਂ ਲੋਕਾਂ ਦੀ ਕਿਸੇ ਕਿਸਮ ਦੀ ਸਹਾਇਤਾ ਨਹੀਂ ਕਰ ਰਹੇ। ਲੋਕਾਂ ਕੋਲ ਆਧਾਰ ਕਾਰਡ, ਪੈਨ ਕਾਰਡ ਅਤੇ ਵੋਟਰ ਕਾਰਡ ਤਾਂ ਹਨ, ਪਰ 2003 ਦੀ ਵੋਟਰ ਸੂਚੀ ਵਿਚ ਨਾਮ ਨਾ ਹੋਣ ਕਾਰਨ ਉਹ ਆਪਣੇ ਪਿਓ-ਦਾਦਿਆਂ ਦੇ ਨਾਮ, ਜਨਮ ਮਿਤੀ ਅਤੇ ਹੋਰ ਰਿਕਾਰਡ ਲੱਭਣ ਲਈ ਦਫ਼ਤਰਾਂ ਤੇ ਸਕੂਲਾਂ ਦੇ ਚੱਕਰ ਕੱਟ ਰਹੇ ਹਨ, ਜੋ ਕਿ ਸਭ ਵਿਅਰਥ ਸਾਬਤ ਹੋ ਰਿਹਾ ਹੈ।

ਇਹ ਪਰੇਸ਼ਾਨੀ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਤਹਿਤ ਉਨ੍ਹਾਂ ਔਰਤਾਂ ਨੂੰ ਆ ਰਹੀਆਂ ਮੁਸ਼ਕਿਲਾਂ ਨਾਲੋਂ ਵੀ ਵੱਧ ਹੈ, ਜਿਨ੍ਹਾਂ ਦੇ ਬੈਂਕ ਖਾਤੇ ਆਧਾਰ ਕਾਰਡ ਜਾਂ ਫੋਨ ਨੰਬਰਾਂ ਨਾਲ ਲਿੰਕ ਨਹੀਂ ਹਨ। ਬੈਂਕਾਂ ਵਿਚ ਨਵੇਂ ਖਾਤੇ ਖੁੱਲ੍ਹ ਨਹੀਂ ਰਹੇ, ਭਰੇ ਹੋਏ ਫਾਰਮ ਹੱਥਾਂ ਵਿਚ ਹਨ ਪਰ ਅਪਲੋਡ ਨਹੀਂ ਹੋ ਰਹੇ। ਸਿਆਸੀ ਪਾਰਟੀਆਂ ਔਰਤਾਂ ਦੀ ਇਸ ਮੁਸ਼ਕਿਲ ਵਿਚ ਮਦਦ ਕਰਨ ਦੀ ਬਜਾਏ ਉਨ੍ਹਾਂ ਨੂੰ ਆਪਣੇ ਰਹਿਮੋ-ਕਰਮ 'ਤੇ ਛੱਡ ਚੁੱਕੀਆਂ ਹਨ।

ਕੀ ਸਿਆਸੀ ਪਾਰਟੀਆਂ ਦਾ ਕੰਮ ਸਿਰਫ਼ ਵੋਟਾਂ ਹਥਿਆਉਣਾ ਅਤੇ ਵੱਡੇ-ਵੱਡੇ ਭਾਸ਼ਣ ਦੇਣਾ ਹੀ ਰਹਿ ਗਿਆ ਹੈ? ਕੀ ਲੋਕ-ਹਿੱਤ ਅਤੇ ਲੋਕ-ਤਕਲੀਫ਼ਾਂ ਉਨ੍ਹਾਂ ਲਈ ਕੋਈ ਮਾਇਨੇ ਨਹੀਂ ਰੱਖਦੀਆਂ?

ਇੱਕ ਵਾਰ ਫਿਰ 'ਉਹੀ ਸਰਕਾਰ', 'ਡਬਲ ਇੰਜਣ ਸਰਕਾਰ' ਅਤੇ 'ਖੇਤਰੀ ਪਾਰਟੀ ਸਰਕਾਰ' ਦੇ ਨਾਅਰੇ ਹਵਾ ਵਿਚ ਗੂੰਜਣ ਲੱਗੇ ਹਨ। ਪੰਜਾਬ ਉਤੇ ਸ਼ਾਸਨ ਕਰਨ ਲਈ ਹਿੰਦੂ-ਸਿੱਖ ਵਿਚ ਵੰਡਣ ਦੇ ਪੱਤੇ ਖਿਲਾਰੇ ਜਾ ਰਹੇ ਹਨ। ਮਨੁੱਖੀ ਅਧਿਕਾਰਾਂ ਦੇ ਰਾਖੇ ਜਸਵੰਤ ਸਿੰਘ ਖਾਲੜਾ ਦੀ ਹੁਣੇ ਜਿਹੇ ਜਾਰੀ ਹੋਈ ਫਿਲਮ 'ਤੇ ਬੰਦਿਸ਼ ਅਤੇ ਉਸ ਸਮੇਂ ਦੌਰਾਨ ਹੋਏ ਹਿੰਦੂਆਂ ਦੇ ਕਤਲਾਂ ਦੇ ਬਿਆਨਾਂ ਨਾਲ ਪੰਜਾਬ ਵਿਚ ਪਾੜ ਪਾਉਣ ਦੇ ਯਤਨ ਹੋ ਰਹੇ ਹਨ।

ਆਖਰ ਚੋਣਾਂ ਦੇ ਦਰਮਿਆਨ ਪੰਜਾਬ ਵਿਚ ਫਿਰਕੂ ਅੱਗ ਲਗਾਉਣ ਦੀ ਖੇਡ ਖੇਡਣ ਦੀ ਤਿਆਰੀ ਕਿਉਂ ਹੈ? ਪੰਜਾਬ ਪਹਿਲਾਂ ਹੀ ਵੱਡੇ ਦਰਦ ਹੰਢਾ ਚੁੱਕਾ ਹੈ, ਜਿਸ ਦੀ ਕੀਮਤ ਪੰਜਾਬੀਆਂ ਨੂੰ ਤਾਰਨੀ ਪਈ ਹੈ।

> *ਇੱਕ ਵਾਰ ਫਿਰ 'ਉਹੀ ਸਰਕਾਰ', 'ਡਬਲ ਇੰਜਣ ਸਰਕਾਰ' ਅਤੇ 'ਖੇਤਰੀ ਪਾਰਟੀ ਸਰਕਾਰ' ਦੇ ਨਾਅਰੇ ਹਵਾ ਵਿਚ ਗੂੰਜਣ ਲੱਗੇ ਹਨ। ਪੰਜਾਬ ਉਤੇ ਸ਼ਾਸਨ ਕਰਨ ਲਈ ਹਿੰਦੂ-ਸਿੱਖ ਵਿਚ ਵੰਡਣ ਦੇ ਪੱਤੇ ਖਿਲਾਰੇ ਜਾ ਰਹੇ ਹਨ। ਮਨੁੱਖੀ ਅਧਿਕਾਰਾਂ ਦੇ ਰਾਖੇ ਜਸਵੰਤ ਸਿੰਘ ਖਾਲੜਾ ਦੀ ਹੁਣੇ ਜਿਹੇ ਜਾਰੀ ਹੋਈ ਫਿਲਮ 'ਤੇ ਬੰਦਿਸ਼ ਅਤੇ ਉਸ ਸਮੇਂ ਦੌਰਾਨ ਹੋਏ ਹਿੰਦੂਆਂ ਦੇ ਕਤਲਾਂ ਦੇ ਬਿਆਨਾਂ ਨਾਲ ਪੰਜਾਬ ਵਿਚ ਪਾੜ ਪਾਉਣ ਦੇ ਯਤਨ ਹੋ ਰਹੇ ਹਨ। ਆਖਰ ਚੋਣਾਂ ਦੇ ਦਰਮਿਆਨ ਪੰਜਾਬ ਵਿਚ ਫਿਰਕੂ ਅੱਗ ਲਗਾਉਣ ਦੀ ਖੇਡ ਖੇਡਣ ਦੀ ਤਿਆਰੀ ਕਿਉਂ ਹੈ? ਪੰਜਾਬ ਪਹਿਲਾਂ ਹੀ ਵੱਡੇ ਦਰਦ ਹੰਢਾ ਚੁੱਕਾ ਹੈ, ਜਿਸ ਦੀ ਕੀਮਤ ਪੰਜਾਬੀਆਂ ਨੂੰ ਤਾਰਨੀ ਪਈ ਹੈ।*

ਮੌਜੂਦਾ ਸਰਕਾਰ ਇਸ ਭਰਮ-ਭੁਲੇਖੇ ਵਿਚ ਹੈ ਕਿ ਉਹ ਐੱਸ.ਆਈ.ਆਰ. ਤੋਂ ਬਚੀਆਂ-ਖੁਚੀਆਂ ਵੋਟਾਂ ਵਿਚੋਂ ਵੋਟਰਾਂ ਨੂੰ ਆਪਣੇ ਹੱਕ ਵਿਚ ਭੁਗਤਾ ਲਵੇਗੀ। ਸਰਕਾਰ ਵੱਲੋਂ ਪਿੰਡਾਂ-ਸ਼ਹਿਰਾਂ ਵਿਚ ਸੜਕਾਂ ਦੀ ਮੁਰੰਮਤ ਸ਼ੁਰੂ ਹੈ, ਵਿਕਾਸ ਕਾਰਜਾਂ ਦੀ ਹਨੇਰੀ ਲਿਆਉਣ ਦੀ ਗੱਲ ਪ੍ਰਚਾਰੀ ਜਾ ਰਹੀ ਹੈ, ਔਰਤਾਂ ਨੂੰ ਸਨਮਾਨ ਰਾਸ਼ੀ ਦਿੱਤੀ ਜਾ ਰਹੀ ਹੈ ਅਤੇ ਨਵੀਆਂ ਮੁਫ਼ਤ ਸਕੀਮਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਪਰ ਸਰਕਾਰ ਦੇ ਦਾਅਵਿਆਂ ਦੇ ਬਾਵਜੂਦ ਪੰਜਾਬ ਦੇ ਅਸਲੀ ਮਸਲੇ ਜਿਉਂ ਦੇ ਤਿਉਂ ਖੜ੍ਹੇ ਹਨ। ਨਸ਼ਿਆਂ ਦਾ ਮੁੱਦਾ ਉਵੇਂ ਹੀ ਬਰਕਰਾਰ ਹੈ, ਸਰਕਾਰੀ ਨੌਕਰੀਆਂ ਦੇ ਦਾਅਵਿਆਂ ਦੇ ਬਾਵਜੂਦ ਬੇਰੁਜ਼ਗਾਰੀ ਵਧ ਰਹੀ ਹੈ ਅਤੇ ਨੌਜਵਾਨ ਹਾਲੇ ਵੀ ਵਿਦੇਸ਼ਾਂ ਵੱਲ ਪ੍ਰਵਾਸ ਕਰ ਰਹੇ ਹਨ। ਸੂਬੇ ਵਿਚ ਅਮਨ-ਕਾਨੂੰਨ ਦੀ ਸਥਿਤੀ ਕਾਬੂ ਵਿਚ ਨਹੀਂ ਹੈ।

ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਕਹੇ ਜਾਣ ਵਾਲੇ ਕਿਸਾਨਾਂ ਵਿਚ ਮੌਜੂਦਾ ਸਰਕਾਰ ਖ਼ਿਲਾਫ਼ ਭਾਰੀ ਰੋਸ ਅਤੇ ਅਸੰਤੋਸ਼ ਪਾਇਆ ਜਾ ਰਿਹਾ ਹੈ। ਕਿਸਾਨਾਂ ਵਿਚ ਸਭ ਤੋਂ ਵੱਡਾ ਗੁੱਸਾ ਇਸ ਗੱਲੋਂ ਹੈ ਕਿ ਉਨ੍ਹਾਂ ਦੀਆਂ ਜ਼ਮੀਨਾਂ ਐਕਵਾਇਰ ਕਰਨ ਲਈ ਸਰਕਾਰ ਨੇ ਜੋ ਸਕੀਮ ਪਹਿਲਾਂ ਲਾਗੂ ਕੀਤੀ ਸੀ ਅਤੇ ਫਿਰ ਵਿਰੋਧ ਕਾਰਨ ਰੱਦ ਕਰ ਦਿੱਤੀ ਸੀ, ਉਸੇ ਸਕੀਮ ਨੂੰ ਹੁਣ ਮੁੜ ਕੁਝ ਸੋਧਾਂ ਸਹਿਤ ਚੋਰ-ਦਰਵਾਜ਼ਿਓਂ ਲਿਆਂਦਾ ਗਿਆ ਹੈ।

ਕਿਸਾਨੀ ਅੱਜ ਸਿਰਫ਼ ਕਰਜ਼ੇ ਦੇ ਬੋਝ ਹੇਠ ਹੀ ਨਹੀਂ ਦੱਬੀ ਹੋਈ, ਬਲਕਿ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਪਿੰਡ ਅਤੇ ਖੇਤੀਬਾੜੀ ਦੋਵੇਂ ਉੱਜੜਨ ਦੇ ਕੰਢੇ 'ਤੇ ਹਨ। ਇਸੇ ਤਰ੍ਹਾਂ ਸੂਬੇ ਦੇ ਬੇਰੁਜ਼ਗਾਰ ਵੀ ਸੜਕਾਂ 'ਤੇ ਉਤਰੇ ਹੋਏ ਹਨ ਅਤੇ ਸਰਕਾਰੀ ਕਰਮਚਾਰੀ ਆਪਣਾ ਹੱਕ ਯਾਨੀ 18% ਮਹਿੰਗਾਈ ਭੱਤਾ (ਡੀ.ਏ.) ਲੈਣ ਲਈ ਲਗਾਤਾਰ ਸੰਘਰਸ਼ ਅਤੇ ਅਦਾਲਤੀ ਲੜਾਈਆਂ ਲੜਨ ਦੇ ਰਾਹ ਪੈ ਚੁੱਕੇ ਹਨ।

ਜਿੱਥੋਂ ਤੱਕ ਵੱਖ-ਵੱਖ ਸਿਆਸੀ ਪਾਰਟੀਆਂ ਦੀ ਅੰਦਰੂਨੀ ਸਥਿਤੀ ਦਾ ਸਵਾਲ ਹੈ, ਉਹ ਸਭ ਲੋਕਾਂ ਦੇ ਅਸਲ ਮੁੱਦਿਆਂ 'ਤੇ ਲੜਨ ਦੀ ਬਜਾਏ ਭਰਮ-ਭੁਲੇਖਿਆਂ ਦਾ ਸ਼ਿਕਾਰ ਹਨ। ਮੁੱਖ ਵਿਰੋਧੀ ਧਿਰ ਕਾਂਗਰਸ ਨੇ ਪਿਛਲੇ ਸਾਢੇ ਚਾਰ ਸਾਲ ਜਨਤਾ ਦੇ ਮਸਲਿਆਂ ਨੂੰ ਸੜਕਾਂ 'ਤੇ ਲਿਆਉਣ ਲਈ ਕੋਈ ਵੀ ਵੱਡਾ ਜਾਂ ਸਾਰਥਕ ਅੰਦੋਲਨ ਨਹੀਂ ਕੀਤਾ। ਉਨ੍ਹਾਂ ਦੀ ਸਿਆਸਤ ਸਿਰਫ਼ ਵਿਧਾਨ ਸਭਾ ਅੰਦਰ ਸ਼ਬਦੀ ਜੰਗ ਲੜਨ ਅਤੇ ਫੇਸਬੁੱਕ ਜਾਂ ਇੰਸਟਾਗ੍ਰਾਮ 'ਤੇ ਲੜਾਈ ਦਾ ਦਿਖਾਵਾ ਕਰਨ ਤੱਕ ਸੀਮਤ ਰਹੀ ਹੈ।

ਇਸ ਦੇ ਬਾਵਜੂਦ ਉਹ ਇਸ ਵਹਿਮ ਵਿਚ ਹਨ ਕਿ ਸੱਤਾਧਾਰੀ ਪਾਰਟੀ ਦੀਆਂ ਨਾਕਾਮੀਆਂ ਕਾਰਨ ਅਗਲੀ ਸਰਕਾਰ ਉਨ੍ਹਾਂ ਦੀ ਹੀ ਬਣੇਗੀ, ਜਦਕਿ ਕਾਂਗਰਸ ਖੁਦ ਅੰਦਰੂਨੀ ਕਾਟੋ-ਕਲੇਸ਼ ਵਿਚ ਫਸੀ ਹੋਈ ਹੈ ਅਤੇ ਇਸ ਦਾ ਹਰ ਨੇਤਾ ਆਪਣੇ ਆਪ ਨੂੰ ਅਗਲਾ ਮੁੱਖ ਮੰਤਰੀ ਸਮਝ ਕੇ ਧੜੇਬੰਦੀ ਨੂੰ ਹਵਾ ਦੇ ਰਿਹਾ ਹੈ।

ਦੂਜੇ ਪਾਸੇ, ਕੇਂਦਰ ਦੀ ਸੱਤਾ 'ਤੇ ਕਾਬਜ਼ ਭਾਜਪਾ ਪੱਛਮੀ ਬੰਗਾਲ ਦੀ ਤਰਜ਼ 'ਤੇ ਪੰਜਾਬ ਵਿਚ ਵੀ ਜੋੜ-ਤੋੜ ਕਰਕੇ ਸਰਕਾਰ ਬਣਾਉਣ ਦਾ ਸੁਪਨਾ ਦੇਖ ਰਹੀ ਹੈ। ਪਰ ਉਨ੍ਹਾਂ ਕੋਲ ਪੰਜਾਬੀਆਂ ਦੇ ਇਸ ਸਵਾਲ ਦਾ ਕੋਈ ਜਵਾਬ ਹੈ ਕਿ ਉਨ੍ਹਾਂ ਨੇ ਸੂਬੇ ਦੇ ਹਿੱਤਾਂ ਲਈ ਕੀ ਕੀਤਾ? ਉਲਟਾ, ਪਾਣੀਆਂ ਦੇ ਮਾਮਲੇ ਵਿਚ ਪੰਜਾਬ ਨੂੰ ਬਾਹਰ ਰੱਖ ਕੇ ਹਰਿਆਣਾ ਤੇ ਰਾਜਸਥਾਨ ਨਾਲ ਸਮਝੌਤੇ ਕੀਤੇ ਗਏ ਅਤੇ ਤਿੰਨ ਖੇਤੀ ਕਾਨੂੰਨ ਬਣਾ ਕੇ ਕਿਸਾਨਾਂ ਦੀਆਂ ਜ਼ਮੀਨਾਂ ਕਾਰਪੋਰੇਟਾਂ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕੀਤੀ ਗਈ।

ਸ਼੍ਰੋਮਣੀ ਅਕਾਲੀ ਦਲ, ਜੋ ਕਦੇ ਸੂਬੇ ਦੇ ਹੱਕਾਂ ਦੀ ਰਾਖੀ ਕਰਨ ਵਾਲੀ ਖੇਤਰੀ ਪਾਰਟੀ ਹੋਣ ਦਾ ਦਾਅਵਾ ਕਰਦਾ ਸੀ, ਖ਼ੁਦਮੁਖਤਿਆਰੀ ਦਾ ਅਲੰਬਰਦਾਰ ਸੀ, ਅੱਜ ਖੁਦ ਟੁੱਟ-ਭੱਜ ਅਤੇ ਖੱਖੜੀਆਂ-ਖੱਖੜੀਆਂ ਹੋਣ ਦੇ ਦੌਰ ਵਿਚੋਂ ਲੰਘ ਰਿਹਾ ਹੈ। ਅਕਾਲੀ ਦਲ ਦੀ ਆਪਸੀ ਫੁੱਟ ਅਤੇ ਧਾਰਮਿਕ ਮਾਮਲਿਆਂ ਵਿਚ ਬੇਲੋੜੀ ਦਖ਼ਲਅੰਦਾਜ਼ੀ ਕਾਰਨ ਲੋਕਾਂ ਵਿਚ ਉਸ ਦਾ ਆਧਾਰ ਖ਼ਤਮ ਹੋ ਰਿਹਾ ਹੈ। ਉਹ ਵੀ ਭਰਮ-ਭੁਲੇਖੇ 'ਚ ਹੈ ਕਿ ਅਗਲਾ ਪੰਜਾਬ ਦਾ ਹੁਕਮਰਾਨ ਉਹ ਹੀ ਹੋਵੇਗਾ।

ਦੂਜੇ ਪਾਸੇ, 'ਵਾਰਿਸ ਪੰਜਾਬ ਦੇ' ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਰਗੀਆਂ ਧਿਰਾਂ ਸਿਰਫ਼ ਸਿੱਖ ਵੋਟਾਂ ਅਤੇ ਭਾਵੁਕ ਮੁੱਦਿਆਂ ਦੇ ਸਿਰ 'ਤੇ ਪੰਜਾਬ ਵਿਚ ਸੱਤਾ ਹਾਸਲ ਕਰਨ ਦੇ ਭਰਮ ਪਾਲੀ ਬੈਠੀਆਂ ਹਨ। ਦੁਆਬਾ ਖੇਤਰ ਵਿਚ ਸਰਗਰਮ ਬਸਪਾ ਲਈ ਤਾਕਤ ਵਿਚ ਆਉਣਾ ਇੱਕ ਨਾਮੁਮਕਿਨ ਸੁਪਨੇ ਵਰਗਾ ਹੈ, ਜਦਕਿ ਉਹ ਵੀ ਪੰਜਾਬ ਸ਼ਾਸ਼ਕ ਬਣਨਾ ਲੋਚਦਾ ਹੈ। ਖੱਬੀਆਂ ਧਿਰਾਂ ਵੀ ਸਿਆਸੀ ਮੈਦਾਨ ਵਿਚ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰ ਰਹੀਆਂ ਹਨ ਪਰ ਕੋਈ ਵੱਡਾ ਲੋਕ-ਉਭਾਰ ਪੈਦਾ ਕਰਨ ਵਿਚ ਅਸਮਰੱਥ ਰਹੀਆਂ ਹਨ, ਜਿਸਦੀ ਤਵੱਕੋ ਆਮ ਲੋਕਾਂ ਨੂੰ ਸੀ।

ਇੱਥੇ ਹੀ ਬੱਸ ਨਹੀਂ, ਸਿਆਸੀ ਨੇਤਾ ਪਾਰਟੀਆਂ ਬਦਲ ਰਹੇ ਹਨ ਅਤੇ ਇਸ ਤਾਕ ਵਿਚ ਹਨ ਕਿ ਉਨ੍ਹਾਂ ਨੂੰ ਕਿਸ ਸਿਆਸੀ ਪਾਰਟੀ 'ਚ ਜਾ ਕੇ ਫ਼ਾਇਦਾ ਮਿਲੇਗਾ ਅਤੇ ਉਹ ਅਗਲੇ ਸ਼ਾਸ਼ਕ ਬਣ ਸਕਣਗੇ। ਇਹ ਸਵਾਰਥੀ ਨੇਤਾ ਲੋਕ ਹਿੱਤ ਤਿਆਗਕੇ, ਆਪਣੇ ਹਿੱਤਾਂ ਦੀ ਪੂਰਤੀ ਲਈ ਯਤਨਸ਼ੀਲ ਹਨ। "ਆਇਆ ਰਾਮ-ਗਿਆ ਰਾਮ" ਦੀ ਸਿਆਸਤ ਨੇ ਪੰਜਾਬ ਦੇ ਨੇਤਾਵਾਂ ਦੀ ਨੈਤਿਕਤਾ 'ਤੇ ਵੱਡੇ ਸੁਆਲ ਉਠਾਏ ਹਨ।

ਸਭ ਤੋਂ ਵੱਡਾ ਸੁਆਲ ਇਹ ਹੈ ਕਿ ਕੀ ਕੋਈ ਵੀ ਪਾਰਟੀ ਅਗਲੇ 5 ਸਾਲਾਂ ਦਾ ਮੈਨੀਫੈਸਟੋ ਅਤੇ ਉਸ ਨੂੰ ਲਾਗੂ ਕਰਨ ਦਾ ਰੋਡ-ਮੈਪ ਪੇਸ਼ ਕਰਨ ਲਈ ਤਿਆਰ ਹੈ? ਕੀ ਉਨ੍ਹਾਂ ਕੋਲ ਉੱਜੜ ਰਹੇ ਪੰਜਾਬ ਨੂੰ ਬਚਾਉਣ ਦਾ ਕੋਈ ਪਲਾਨ ਹੈ?

ਜੇਕਰ ਪਿੰਡ ਮਰ ਗਿਆ, ਤਾਂ ਪੰਜਾਬ ਮਰ ਜਾਵੇਗਾ ਕਿਉਂਕਿ ਪੰਜਾਬ ਦੀ ਰੂਹ ਪਿੰਡ, ਕਿਸਾਨ ਅਤੇ ਖੇਤੀ 'ਤੇ ਹੀ ਨਿਰਭਰ ਹੈ। ਪੰਜਾਬੀਆਂ ਨੂੰ ਮੁਫ਼ਤ ਦੀਆਂ ਸਹੂਲਤਾਂ ਵੰਡ ਕੇ ਮੰਗਤੇ ਬਣਾਉਣ ਦੀ ਬਜਾਏ, ਖੇਤੀ ਆਧਾਰਿਤ ਕਾਰਖਾਨੇ ਲਗਾ ਕੇ ਜਾਂ ਸਵੈ-ਰੁਜ਼ਗਾਰ ਦੇ ਕੇ ਉਨ੍ਹਾਂ ਨੂੰ ਅਣਖੀ ਬਣਾਉਣ ਦੀ ਕੋਈ ਤਰਕੀਬ ਸਿਆਸੀ ਪਾਰਟੀਆਂ ਕੋਲ ਨਜ਼ਰ ਨਹੀਂ ਆਉਂਦੀ।

ਪੰਜਾਬ ਦਾ ਇਤਿਹਾਸ ਜ਼ੁਲਮ ਵਿਰੁੱਧ ਲੜਨ ਅਤੇ ਸਵਾਲਾਂ ਦੇ ਜਵਾਬ ਮੰਗਣ ਦਾ ਇਤਿਹਾਸ ਹੈ। ਸਿਆਸੀ ਧਿਰਾਂ ਨੂੰ ਆਪਣੇ ਭਰਮ-ਭੁਲੇਖੇ ਛੱਡ ਕੇ ਪੰਜਾਬ ਦੇ ਅਸਲ ਹਿਤੈਸ਼ੀ ਹੋਣ ਦਾ ਸਬੂਤ ਦੇਣਾ ਪਵੇਗਾ, ਤਾਂ ਜੋ ਪੰਜਾਬ ਦੇ ਜ਼ਖ਼ਮ ਭਰ ਸਕਣ ਅਤੇ ਪੰਜਾਬੀ ਮੁੜ ਅਣਖ ਨਾਲ ਜਿਊਣ ਦੇ ਕਾਬਲ ਹੋ ਸਕਣ।

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



# ਸੋਲੀਹੁੱਲ ਕੌਂਸਲ ਦਾ ਪਹਿਲਾ ਸਿੱਖ ਮੇਅਰ
# ਸਰਦੂਲ ਸਿੰਘ ਮਾਰਵਾ

ਖੋ -ਉਜਾਗਰ ਸਿੰਘ

ਬਰਤਾਨੀਆਂ ਦੇ ਇਤਿਹਾਸ ਵਿਚ ਗੋਰਿਆਂ ਦੀ ਸੰਘਣੀ ਆਬਾਦੀ ਵਾਲੇ ਇਲਾਕੇ ਦੀ ਕੌਂਸਲ ਸੋਲੀਹੁੱਲ ਦਾ ਪਹਿਲੀ ਵਾਰ ਸਰਦੂਲ ਸਿੰਘ ਮਾਰਵਾ ਮੇਅਰ ਬਣਿਆ ਹੈ। ਜ਼ਿੰਦਗੀ ਜੱਦੋਜਹਿਦ ਤੇ ਮਿਹਨਤ ਦਾ ਦੂਜਾ ਨਾਮ ਹੈ। ਅਨੇਕਾਂ ਰੁਕਾਵਟਾਂ ਅਤੇ ਸਮੱਸਿਆਵਾਂ ਹੋਣ ਦੇ ਬਾਵਜੂਦ ਜਦੋਜਹਿਦ ਅਤੇ ਮਿਹਨਤ ਕਰਨ ਵਾਲਾ ਵਿਅਕਤੀ ਸਫਲਤਾ ਦੀਆਂ ਬੁਲੰਦੀਆਂ 'ਤੇ ਪਹੁੰਚ ਜਾਂਦਾ ਹੈ। ਬਰਤਾਨੀਆਂ ਦੇ ਬਰਮਿੰਘਮ ਇਲਾਕੇ ਵਿਚ ਰਹਿਣ ਵਾਲਾ ਸਰਦੂਲ ਸਿੰਘ ਮਾਰਵਾ ਜਦੋਜਹਿਦ ਦੀ ਭੱਠੀ ਵਿਚੋਂ ਨਿਕਲਿਆ ਖ਼ਰਾ ਸੋਨਾ ਹੈ, ਜਿਹੜਾ ਆਪਣੀ ਮਿਹਨਤ ਤੇ ਜਦੋਜਹਿਦ ਦੇ ਸਦਕੇ ਗੋਰਿਆਂ ਦੀ ਵਸੋਂ ਵਾਲੇ ਵੈਸਟ ਮਿਡਲੈਂਡ ਇਲਾਕੇ 'ਚ ਸੋਲੀਹੁੱਲ ਕੌਂਸਲ ਦਾ ਸਰਬਸੰਮਤੀ ਨਾਲ ਮੇਅਰ ਚੁਣਿਆ ਗਿਆ ਹੈ। ਪੰਜਾਬੀਆਂ ਦਾ ਇਹ ਖਾਸ ਗੁਣ ਹੈ, ਜਿਥੇ ਵੀ ਪਰਵਾਸ ਕਰਕੇ ਜਾਂਦੇ ਹਨ, ਉਥੇ ਹੀ ਉਹ ਆਪਣੀ ਸਫਲਤਾ ਦੇ ਝੰਡੇ ਗੱਡ ਦਿੰਦੇ ਹਨ। ਸੰਸਾਰ ਦਾ ਕੋਈ ਅਜਿਹਾ ਦੇਸ਼ ਨਹੀਂ, ਜਿੱਥੇ ਪੰਜਾਬੀ ਨਾ ਪਹੁੰਚੇ ਹੋਣ। ਪਹੁੰਚੇ ਹੀ ਨਹੀਂ, ਸਗੋਂ ਪੰਜਾਬੀਆਂ ਦਾ ਨਾਮ ਰੌਸ਼ਨ ਕਰ ਦਿੱਤਾ, ਖਾਸ ਤੌਰ 'ਤੇ ਸਿੱਖਾਂ ਦੀ ਪਛਾਣ ਮਿਹਨਤੀ, ਉਦਮੀ, ਧਰਮ ਨਿਰਪੱਖ, ਇਨਸਾਫ ਪਸੰਦ, ਕਿਰਤ ਕਰੋ ਤੇ ਵੰਡ ਛੱਕੋ ਦੇ ਮੁੱਦਈ ਅਤੇ ਸਰਬੱਤ ਦੇ ਭਲੇ ਦੇ ਪਹਿਰੇਦਾਰ ਦੇ ਤੌਰ 'ਤੇ ਸਥਾਪਤ ਕਰ ਦਿੱਤੀ। ਪੰਜਾਬੀਆਂ ਦਾ ਰਾਮਗੜ੍ਹੀਆ ਭਾਈਚਾਰਾ ਮਿਹਨਤੀ ਤੇ ਹੁਨਰਮੰਦ ਹੈ। ਉਨ੍ਹਾਂ ਨੇ ਆਪਣੀ ਹੁਨਰਮੰਦ ਹੋਣ ਦੀ ਕਾਬਲੀਅਤ ਨਾਲ ਸੰਸਾਰ ਵਿਚ ਆਪਣੇ ਕਾਰੋਬਾਰ ਸਥਾਪਤ ਕਰਕੇ ਹਰ ਦੇਸ਼ ਦੀ ਆਰਥਿਕਤਾ ਨੂੰ ਭਰਵਾਂ ਹੁੰਗਾਰਾ ਦਿੱਤਾ ਹੈ। ਪਰਵਾਸ ਵਿਚ ਜਾ ਕੇ ਵੀ ਉਹ ਜਿਸ ਵੀ ਦੇਸ ਵਿਚ ਗਏ ਹਨ, ਉਥੇ ਦੀ ਆਰਥਿਕਤਾ ਨੂੰ ਚਾਰ ਚੰਨ ਲਗਾ ਦਿੱਤੇ ਅਤੇ ਮਾਨਵਤਾ ਦੀ ਸੇਵਾ ਵਿਚ ਵਰਣਨਯੋਗ ਯੋਗਦਾਨ ਪਾਇਆ ਹੈ। ਸਿੱਖੀ ਸੋਚ ਦੇ ਝੰਡੇ ਨੂੰ ਬੁਲੰਦ ਕੀਤਾ ਹੈ। ਇੱਥੇ ਹੀ ਬਸ ਨਹੀਂ, ਪੰਜਾਬੀਆਂ ਨੇ ਤਾਂ ਪਰਵਾਸ ਵਿਚ ਸਮਾਜ ਸੇਵਾ ਤੋਂ ਲੈ ਕੇ ਕਾਰੋਬਾਰ ਦੇ ਹਰ ਖੇਤਰ ਵਿਚ ਮੱਲ੍ਹਾਂ ਮਾਰੀਆਂ ਹਨ। ਅਮਰੀਕਾ, ਕੈਨੇਡਾ, ਬਰਤਾਨੀਆ, ਆਸਟ੍ਰੇਲੀਆ, ਨਿਊਜ਼ੀਲੈਂਡ, ਜਰਮਨ, ਹਾਲੈਂਡ, ਅਫਰੀਕਾ, ਸਮੁੱਚਾ ਯੂਰਪ ਅਤੇ ਸਿੰਘਾਪੁਰ ਦੀ ਸਿਆਸਤ ਵਿਚ ਇਤਨੇ ਸਰਗਰਮ ਹਨ ਕਿ ਉਹ ਉਥੋਂ ਦੀ ਸਿਆਸਤ ਵਿਚ ਉੱਚ ਅਹੁਦੇ ਪ੍ਰਾਪਤ ਕਰਕੇ ਦੇਸ਼ ਦੀ ਤਰੱਕੀ ਵਿਚ ਅਹਿਮ ਭੂਮਿਕਾ ਨਿਭਾ ਰਹੇ ਹਨ। ਬਰਤਾਨੀਆ ਵਿਚ ਤਾਂ ਇੱਕ ਭਾਰਤੀ/ਪੰਜਾਬੀ ਮੂਲ ਦਾ ਰਿਸ਼ੀ ਸੁਨਕ ਪ੍ਰਧਾਨ ਮੰਤਰੀ ਵੀ ਰਿਹਾ ਹੈ। ਇਸ ਸਮੇਂ ਅੱਧਾ ਦਰਜਨ ਹਾਊਸ ਆਫ ਕਾਮਨਜ਼ ਦੇ ਮੈਂਬਰ ਹਨ। ਲਗਪਗ ਬਰਤਾਨੀਆ ਦੀ ਹਰ ਪਾਰਟੀ ਵਿਚ ਪੰਜਾਬੀਆਂ ਦੀ ਸ਼ਮੂਲੀਅਤ ਹੈ। ਇਸ ਸਮੇਂ ਬਰਤਾਨੀਆ ਦੀਆਂ ਸਥਾਨਕ ਸੰਸਥਾਵਾਂ ਵਿਚ ਕਈ ਪੰਜਾਬੀ ਮੇਅਰ ਹਨ। ਇਨ੍ਹਾਂ ਵਿਚ ਸਰਦੂਲ ਸਿੰਘ ਮਾਰਵਾ ਵੀ ਸ਼ਾਮਲ ਹੋ ਗਏ ਹਨ, ਜਿਹੜੇ 27 ਮਈ 2026 ਨੂੰ ਸੋਲੀਹੁੱਲ ਦੇ ਸਰਬਸੰਮਤੀ ਨਾਲ ਮੇਅਰ ਚੁਣੇ ਗਏ ਹਨ। ਉਹ ਸੋਲੀਹੁੱਲ ਦੇ ਪਹਿਲੇ ਸਿੱਖ ਮੇਅਰ ਬਣੇ ਹਨ। ਸਰਦੂਲ ਸਿੰਘ ਮਾਰਵਾ ਨੂੰ ਬਰਤਾਨੀਆ ਦੇ 99.99 ਫ਼ੀਸਦੀ ਅੰਗਰੇਜ਼ਾਂ (ਗੋਰਿਆਂ) ਦੀ ਆਬਾਦੀ ਵਾਲੇ ਵੈਸਟ ਮਿਡਲੈਂਡ ਇਲਾਕੇ ਦੀਆਂ 7 ਕੌਂਸਲਾਂ ਵਿਚੋਂ ਇੱਕ ਵੱਡੇ ਮਹੱਤਵਪੂਰਨ ਸ਼ਹਿਰ ਸੋਲੀਹੁੱਲ ਦੀ ਕੌਂਸਲ ਦੇ 51 ਮੈਂਬਰਾਂ ਨੇ ਨਿਰਵਿਰੋਧ ਮੇਅਰ ਚੁਣ ਲਿਆ। ਸਰਦੂਲ ਸਿੰਘ ਮਾਰਵਾ ਵੀ ਰਾਮਗੜ੍ਹੀਆ ਭਾਈਚਾਰੇ ਨਾਲ ਸੰਬੰਧਤ ਹਨ। ਉਸਦੀ ਸਰਬਸੰਮਤੀ ਨਾਲ ਹੋਈ ਚੋਣ ਤੋਂ ਸਾਬਤ ਹੁੰਦਾ ਹੈ ਕਿ ਸਰਦੂਲ ਸਿੰਘ ਮਾਰਵਾ ਬਰਤਾਨੀਆ ਦੀ ਹਰ ਸਮੁਦਾਇ ਵਿਚ ਕਿਤਨੇ ਹਰਮਨ ਪਿਆਰੇ ਹਨ। ਇਸ ਤੋਂ ਪਹਿਲਾਂ ਉਹ 1984 ਵਿਚ ਬਰਮਿੰਘਮ ਸ਼ਹਿਰ ਦੇ ਕੌਂਸਲਰ ਚੁਣੇ ਗਏ ਸਨ। ਉਸ ਸਮੇਂ ਉਸਨੇ ਸਿੱਖ ਧਰਮ ਦੀ ਮਾਨਵਤਾ ਦੀ ਬਰਾਬਰਤਾ ਦੀ ਵਿਚਾਰਧਾਰਾ 'ਤੇ ਆਧਾਰਿਤ ਬਰਤਾਨੀਆਂ ਦੀ ਸੰਸਦ ਵਿਚ ਨਸਲੀ ਭੇਦਭਾਵ ਦੇ ਵਿਸ਼ੇ 'ਤੇ ਭਾਸ਼ਣ ਦਿੱਤਾ ਸੀ, ਜਿਸ ਕਰਕੇ ਉਹ ਪ੍ਰਸਿੱਧ ਹੋ ਗਏ ਸਨ ਅਤੇ ਉਨ੍ਹਾਂ ਦੀ ਹਰਮਨ ਪਿਆਰਤਾ ਵਿਚ ਵਿਲੱਖਣ ਵਾਧਾ ਹੋਇਆ ਸੀ।



ਤਸਵੀਰ : ਸਰਦੂਲ ਸਿੰਘ ਮਾਰਵਾ

ਇਸ ਸਮੇਂ ਅੱਧਾ ਦਰਜਨ ਹਾਊਸ ਆਫ ਕਾਮਨਜ਼ ਦੇ ਮੈਂਬਰ ਹਨ। ਲਗਪਗ ਬਰਤਾਨੀਆ ਦੀ ਹਰ ਪਾਰਟੀ ਵਿਚ ਪੰਜਾਬੀਆਂ ਦੀ ਸ਼ਮੂਲੀਅਤ ਹੈ। ਇਸ ਸਮੇਂ ਬਰਤਾਨੀਆ ਦੀਆਂ ਸਥਾਨਕ ਸੰਸਥਾਵਾਂ ਵਿਚ ਕਈ ਪੰਜਾਬੀ ਮੇਅਰ ਹਨ। ਇਨ੍ਹਾਂ ਵਿਚ ਸਰਦੂਲ ਸਿੰਘ ਮਾਰਵਾ ਵੀ ਸ਼ਾਮਲ ਹੋ ਗਏ ਹਨ, ਜਿਹੜੇ 27 ਮਈ 2026 ਨੂੰ ਸੋਲੀਹੁੱਲ ਦੇ ਸਰਬਸੰਮਤੀ ਨਾਲ ਮੇਅਰ ਚੁਣੇ ਗਏ ਹਨ। ਉਹ ਸੋਲੀਹੁੱਲ ਦੇ ਪਹਿਲੇ ਸਿੱਖ ਮੇਅਰ ਬਣੇ ਹਨ। ਸਰਦੂਲ ਸਿੰਘ ਮਾਰਵਾ ਨੂੰ ਬਰਤਾਨੀਆ ਦੇ 99.99 ਫ਼ੀਸਦੀ ਅੰਗਰੇਜ਼ਾਂ (ਗੋਰਿਆਂ) ਦੀ ਆਬਾਦੀ ਵਾਲੇ ਵੈਸਟ ਮਿਡਲੈਂਡ ਇਲਾਕੇ ਦੀਆਂ 7 ਕੌਂਸਲਾਂ ਵਿਚੋਂ ਇੱਕ ਵੱਡੇ ਮਹੱਤਵਪੂਰਨ ਸ਼ਹਿਰ ਸੋਲੀਹੁੱਲ ਦੀ ਕੌਂਸਲ ਦੇ 51 ਮੈਂਬਰਾਂ ਨੇ ਨਿਰਵਿਰੋਧ ਮੇਅਰ ਚੁਣ ਲਿਆ।

ਸਰਦੂਲ ਸਿੰਘ ਮਾਰਵਾ ਦਾ ਜਨਮ 1947 ਵਿਚ ਪਿਤਾ ਅਜੀਤ ਸਿੰਘ ਦੇ ਘਰ, ਮਾਤਾ ਪ੍ਰਕਾਸ਼ ਕੌਰ ਦੀ ਕੁੱਖੋਂ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਬੰਗਾ ਨੇੜੇ ਝੰਡੇਰ ਪਿੰਡ ਵਿਚ ਹੋਇਆ ਸੀ। ਉਹ ਬਚਪਨ ਵਿਚ ਹੀ ਹਰ ਚੀਜ਼ ਬਾਰੇ ਜਾਣਕਾਰੀ ਲੈਣਾ ਚਾਹੁੰਦਾ ਸੀ, ਭਾਵ ਉਸਦੀ ਸਿੱਖਣ ਦੀ ਚੇਸ਼ਟਾ ਸੀ। ਉਹ ਬਹੁਤ ਹੀ ਸ਼ਾਤਰ ਦਿਮਾਗ ਹੁਸ਼ਿਆਰ ਬੱਚਾ ਸੀ। ਸਰਦੂਲ ਸਿੰਘ ਮਾਰਵਾ ਨੇ ਸੱਤਵੀਂ ਤੱਕ ਦੀ ਪੜ੍ਹਾਈ ਚਰਨ ਕੰਵਲ ਖਾਲਸਾ ਹਾਈ ਸਕੂਲ ਬੰਗਾ ਤੋਂ ਪ੍ਰਾਪਤ ਕੀਤੀ। ਉਹ ਆਪਣੇ ਸੁਨਹਿਰੇ ਭਵਿੱਖ ਲਈ 1960 ਵਿਚ ਆਪਣੇ ਮਾਤਾ ਪਿਤਾ ਨਾਲ ਬਰਤਾਨੀਆਂ ਵਿਚ ਆ ਗਏ ਸਨ। ਉਸਨੇ ਬਰਤਾਨੀਆ ਵਿਚ ਆ ਕੇ ਆਪਣੀ ਸੈਕੰਡਰੀ ਤੱਕ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਚਾਨਸ ਟੈਕਨੀਕਲ ਕਾਲਜ ਵਿਚੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ। ਇਸਤੋਂ ਬਾਅਦ ਡਿਪਲੋਮਾ ਇਨ ਐਜੂਕੇਸ਼ਨ ਐਂਡ ਕੰਪਿਊਟਰ ਹਾਰਡਵੇਅਰ ਟੈਕਨੀਸ਼ੀਨ ਹੈਂਡਜ਼ਵਰਥ ਕਾਲਜ ਤੋਂ ਪਾਸ ਕੀਤਾ।

ਸਰਦੂਲ ਸਿੰਘ ਮਾਰਵਾ ਨੇ ਆਪਣੀ ਪੜ੍ਹਾਈ ਦੀ ਯੋਗਤਾ ਮੁਕੰਮਲ ਕਰਨ ਤੋਂ ਬਾਅਦ ਵਿਚ ਰਾਜਨੀਤੀ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਉਹ ਕੰਜ਼ਰਵੇਟਿਵ ਪਾਰਟੀ ਦੇ ਮੈਂਬਰ ਬਣ ਗਏ। ਉਸਨੇ ਸਖ਼ਤ ਮਿਹਨਤ ਅਤੇ ਸਮਾਜ ਸੇਵਾ ਕੀਤੀ, ਜਿਸਦੇ ਸਿੱਟੇ ਵਜੋਂ 1982 ਵਿਚ ਬਰਮਿੰਘਮ ਸ਼ਹਿਰ ਦੇ ਕਾਊਂਸਲਰ ਬਣ ਗਏ ਅਤੇ ਉਹ ਇਸ ਅਹੁਦੇ 'ਤੇ 1988 ਤੱਕ ਰਹੇ। ਇਸ ਸਮੇਂ ਵਿਚ ਆਪਣੀ ਮਿਹਨਤ, ਲਗਨ, ਦ੍ਰਿੜ੍ਹਤਾ ਅਤੇ ਦੂਰ ਅੰਦੇਸ਼ੀ ਨਾਲ ਉਸਨੇ ਕਈ ਸੀਨੀਅਰ ਜ਼ਿੰਮੇਵਾਰੀਆਂ ਨਿਭਾਈਆਂ, ਜਿਨ੍ਹਾਂ ਵਿਚ ਨਸਲੀ ਸੰਬੰਧਾਂ ਅਤੇ ਸਮਾਨ ਅਵਸਰ ਕਮੇਟੀ ਦੇ ਚੇਅਰਮੈਨ ਅਤੇ ਮਨੋਰੰਜਨ ਸੇਵਾਵਾਂ ਕਮੇਟੀ ਦੇ ਚੇਅਰਮੈਨ ਦੀਆਂ ਸੇਵਾਵਾਂ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਯੋਜਨਾ ਕਮੇਟੀ ਤਕਨੀਕੀ ਸੇਵਾਵਾਂ ਕਮੇਟੀ ਅਤੇ ਵਾਤਾਵਰਨ ਰਾਜ ਸਕੱਤਰ ਦੀ ਪ੍ਰਧਾਨਗੀ ਵਾਲੀ ਅੰਦਰੂਨੀ ਸ਼ਹਿਰ ਭਾਈਵਾਲੀ ਕਮੇਟੀ ਵਿਚ ਵੀ ਸੇਵਾ ਨਿਭਾਈ ਹੈ। ਇਨ੍ਹਾਂ ਸਿਆਸੀ ਸਰਗਰਮੀਆਂ ਕਰਕੇ ਸਰਦੂਲ ਸਿੰਘ ਮਾਰਵਾ ਦੇ ਵਿਅਕਤੀਤਵ ਵਿਚ ਨਿਖ਼ਾਰ ਆਇਆ। ਉਹ ਆਪਣੇ ਪੇਸ਼ੇਵਰ ਕੈਰੀਅਰ ਵਿਚ ਇਲੈਕਟ੍ਰੀਕਲ ਇੰਡਸਟਰੀ ਦੇ ਵਿਚ ਕੰਮ ਕਰਦੇ ਰਹੇ ਅਤੇ ਬਾਅਦ ਵਿਚ ਐੱਚ.ਐੱਮ.ਪੀ. ਬਰਮਿੰਘਮ ਵਿਚ ਕੰਮ ਕੀਤਾ। ਆਪਣੇ ਕੈਰੀਅਰ ਦੇ ਨਾਲ ਹੀ ਉਹ ਜਨਤਕ ਸੇਵਾ, ਸਮਾਨਤਾ ਅਤੇ ਭਾਈਚਾਰਕ ਸ਼ਮੂਲੀਅਤ ਪ੍ਰਤੀ ਜੀਵਨ ਭਰ ਵਚਨਬੱਧਤਾ ਵਿਕਸਤ ਕੀਤੀ। ਸਰਦੂਲ ਸਿੰਘ ਮਾਰਵਾ ਨੇ 1982 ਤੋਂ 1989 ਤੱਕ ਬਰਮਿੰਘਮ 31 ਪੁਲਿਸ ਸਲਾਹਕਾਰ ਕਮੇਟੀ ਦੀ ਪ੍ਰਧਾਨਗੀ ਕੀਤੀ ਅਤੇ ਹੈਂਡਸਵਰਥ ਦੰਗਿਆਂ ਤੋਂ ਬਾਅਦ ਭਾਈਚਾਰਕ ਸ਼ਮੂਲੀਅਤ ਵਿਚ ਸ਼ਾਮਲ ਰਿਹਾ। ਉਸਨੇ ਸਪੋਰਟਸ ਕੌਂਸਲ ਬਰਮਿੰਘਮ ਦੇ ਵਾਈਸ ਚੇਅਰਪਰਸਨ ਵਜੋਂ ਵੀ ਸੇਵਾ ਨਿਭਾਈ ਸੀ, ਜਿਸ ਨਾਲ ਨੌਜਵਾਨਾਂ ਵਿਚ ਖੇਡਾਂ ਅਤੇ ਮਨੋਰੰਜਨ ਸਰਗਰਮੀਆਂ ਵਿਚ ਵਧੇਰੇ ਭਾਗੀਦਾਰੀ ਨੂੰ ਉਤਸ਼ਾਹਤ ਕਰਨ ਵਿਚ ਮਦਦ ਮਿਲੀ। ਇਸੇ ਤਰ੍ਹਾਂ ਸਰਦੂਲ ਸਿੰਘ ਮਾਰਵਾ ਹੋਰ ਬਹੁਤ ਸਾਰੀਆਂ ਕਮੇਟੀਆਂ ਦਾ ਚੇਅਰਮੈਨ ਤੇ ਮੈਂਬਰ ਰਿਹਾ, ਜਿਨ੍ਹਾਂ ਵਿਚ ਸਮਾਨਤਾ ਅਤੇ ਜਨਤਕ ਸੇਵਾ, ਕਮਿਊਨਿਟੀ ਰਿਲੇਸ਼ਨਜ਼ ਕੌਂਸਲ ਬਰਮਿੰਘਮ, ਬਰਮਿੰਘਮ ਏਰੀਆ ਹੈਲਥ ਅਥਾਰਿਟੀ, ਵੈਸਟ ਬਰਮਿੰਘਮ ਹੈਲਥ ਅਥਾਰਿਟੀ, ਬਰਮਿੰਘਮ ਸਿਵਿਕ ਹਾਊਸਿੰਗ ਐਸੋਸੀਏਸ਼ਨ, ਕੰਜ਼ਰਵੇਸ਼ਨ ਐਡਵਾਈਜ਼ਰੀ ਕਮੇਟੀ ਬਰਮਿੰਘਮ ਅਤੇ ਇਲੈਕਟ੍ਰੀਕਲ, ਇਲੈਕਟ੍ਰਾਨਿਕ ਟੈਲੀਕਮਿਊਨੀਕੇਸ਼ਨ ਅਤੇ ਪਲੰਬਿੰਗ ਯੂਨੀਅਨ ਲਈ ਰਾਸ਼ਟਰੀ ਕਮੇਟੀ ਸ਼ਾਮਲ ਹਨ। ਉਹ ਵੈਸਟ ਮਿਡਲੈਂਡਜ਼ ਕੇਬਲ ਕਮਿਊਨੀਕੇਸ਼ਨਜ਼ ਦੇ ਸੰਸਥਾਪਕ ਬੋਰਡ ਮੈਂਬਰ ਵੀ ਸਨ, ਜੋ ਵੈਸਟ ਮਿਡਲੈਂਡਜ਼ ਵਿਚ ਕੇਬਲ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਪਹਿਲੀਆਂ ਕੰਪਨੀਆਂ ਵਿਚੋਂ ਇੱਕ ਸੀ। ਉਹ 2023 ਵਿਚ ਸੋਲੀਹੁੱਲ ਮੈਟਰੋਪੋਲੀਟਨ ਬੋਰੋ ਕੌਂਸਲ ਲਈ ਚੁਣੇ ਗਏ ਸਨ, ਮੋਨਕਸਪਾਥ ਅਤੇ ਹਿੱਲਫੀਲਡ ਵਾਰਡ ਨਾਲ ਸੇਂਟ ਅਲਫੇਜ ਦੀ ਨੁਮਾਇੰਦਗੀ ਕਰਦੇ ਰਹੇ। ਉਸਨੇ ਲਾਇਸੈਂਸਿੰਗ ਕਮੇਟੀ ਦੇ ਚੇਅਰਮੈਨ, ਯੋਜਨਾ ਕਮੇਟੀ, ਪੁਲਿਸ ਅਤੇ ਅਪਰਾਧ ਪੈਨਲ, ਚਿਲਡਰਨ ਸਰਵਿਸਜ਼ ਐਂਡ ਐਜੂਕੇਸ਼ਨ ਸਕਰੂਟਨੀ ਬੋਰਡ, ਸੋਲੀਹੁੱਲ ਸਕੂਲਜ਼ ਫੋਰਮ, ਆਰਥਿਕ ਵਿਕਾਸ ਅਤੇ ਪ੍ਰਬੰਧਨ ਵਿਕਾਸ ਸਕਰੂਟਨੀ ਬੋਰਡ ਅਤੇ ਸਟਰਾਂਗਰ ਕਮਿਊਨਿਟੀਜ਼ ਐਂਡ ਨੇਬਰਹੁੱਡ ਸਰਵਿਸਿਜ਼ ਸਕਰੂਟਨੀ ਬੋਰਡ ਵਿਚ ਸੇਵਾ ਕਰਦੇ ਰਹੇ। ਉਸ ਦੀਆਂ ਲੋਕ ਸੇਵਾਵਾਂ ਕਰਕੇ 1990 ਵਿਚ ਮਹਾਰਾਣੀ ਐਲੀਜ਼ਾਬੈਥ 99 ਨੇ ਸਨਮਾਨਤ ਕੀਤਾ ਸੀ। ਸਰਦੂਲ ਸਿੰਘ ਮਾਰਵਾ 1995 ਤੋਂ 2019 ਤੱਕ ਜਸਟਿਸ ਆਫ ਦਾ ਪੀਸ ਦੀਆਂ ਸੇਵਾਵਾਂ ਵੀ ਨਿਭਾਉਂਦੇ ਰਹੇ ਸਨ। ਉਹ ਆਪਣੀ ਸਾਰੀ ਜ਼ਿੰਦਗੀ ਸੱਭਿਆਚਾਰਕ ਅਤੇ ਸਿਰਜਣਾਤਮਕ ਗਤੀਵਿਧੀਆਂ ਵਿਚ ਵੀ ਸਰਗਰਮੀ ਨਾਲ ਹਿੱਸਾ ਲੈਂਦੇ ਰਹੇ ਹਨ। ਉਸਨੇ 1965 ਵਿਚ 'ਦਾ ਮੁਸਾਫਿਰ' (ਦਾ ਟ੍ਰੈਵਲਰਜ਼) ਗਰੁੱਪ ਬਣਾਇਆ, ਜਿਹੜਾ ਬ੍ਰਿਟੇਨ ਵਿਚ ਭੰਗੜਾ ਸਮੂਹਾਂ ਵਿਚੋਂ ਮੋਹਰੀ ਦੀ ਭੂਮਿਕਾ ਨਿਭਾਉਂਦਾ ਰਿਹਾ। ਸਰਦੂਲ ਸਿੰਘ ਮਾਰਵਾ ਚੰਗਾ ਵਕਤਾ, ਕਵੀ ਅਤੇ ਲੇਖਕ ਵੀ ਹੈ। ਸਰਦੂਲ ਸਿੰਘ ਮਾਰਵਾ ਟੈਲੀਵਿਜ਼ਨ 'ਤੇ ਡੀਬੇਟਸ ਵਿਚ ਵੀ ਹਿੱਸਾ ਲੈਂਦੇ ਰਹਿੰਦੇ ਹਨ। ਉਸਦੀ ਸੱਭਿਆਚਾਰਕ ਸ਼ਮੂਲੀਅਤ ਜਨਤਕ ਚਰਚਾ ਨੂੰ ਉਤਸ਼ਾਹਤ ਕਰਨ ਵਿਚ ਲੰਬੇ ਸਮੇਂ ਤੋਂ ਦਿਲਚਸਪੀ ਰਹੀ ਹੈ। ਉਹ 1983 ਅਤੇ 1997 ਵਿਚ ਦੋ ਵਾਰੀ ਸੰਸਦੀ ਉਮੀਦਵਾਰ ਵਜੋਂ ਅਤੇ 1999 ਵਿਚ ਯੂਰਪੀਅਨ ਸੰਸਦ ਲਈ ਉਮੀਦਵਾਰ ਵਜੋਂ ਵੀ ਖੜ੍ਹੇ ਹੋਏ ਸਨ। ਉਮੀਦ ਕਰਦੇ ਹਾਂ ਕਿ ਉਹ ਸੋਲੀਹੁੱਲ ਇਲਾਕੇ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਉਣਗੇ।

ਸਰਦੂਲ ਸਿੰਘ ਮਾਰਵਾ ਦਾ ਵਿਆਹ ਸਤਨਾਮ ਕੌਰ ਨਾਲ ਹੋਇਆ, ਜੋ ਐੱਲ.ਐੱਲ.ਬੀ. ਹਨ। ਉਨ੍ਹਾਂ ਦੇ ਤਿੰਨ ਲੜਕੇ ਹਨ, ਜਿਹੜੇ ਆਪੋ ਆਪਣੇ ਕੰਮਾਂ ਵਿਚ ਸੈਟਲ ਹਨ।

# “ਅਕਾਲ ਤਖ਼ਤ ਸਾਹਿਬ”

## (15 ਜੂਨ, 1606)




ਸਿੱਖ ਧਰਮ ਸੰਸਾਰ ਦੇ ਪ੍ਰਸਿੱਧ ਧਰਮਾਂ ਵਿਚੋਂ ਹੈ, ਜਿਸ ਦੀ ਜ਼ੁਲਮ ਵਿਰੁੱਧ ਜੂਝ ਕੇ ਸ਼ਹੀਦ ਹੋਣ ਦੀ ਮਿਸਾਲ ਕਿਧਰੇ ਨਹੀਂ ਮਿਲਦੀ। ਸਿੱਖ ਗੁਰੂਆਂ ਨੇ ਗੁਰਬਾਣੀ ਦੇ ਉਪਦੇਸ਼ ਰਾਹੀਂ ਮਨੁੱਖਤਾ ਨੂੰ ਜ਼ੁਲਮ ਵਿਰੁੱਧ ਡੱਟ ਜਾਣ ਦਾ ਉਤਸ਼ਾਹ ਬਖਸ਼ਿਆ, ਫਿਰ ਭਾਵੇਂ ਜਾਨ ਵੀ ਚਲੀ ਜਾਵੇ। ਸਥਾਪਤ ਪ੍ਰਥਾਵਾਂ ਸੰਸਥਾਵਾਂ ਰਾਹੀਂ ਮਨੁੱਖ ਨੂੰ ਪੂਰਨ ਆਜ਼ਾਦੀ ਵਾਸਤੇ ਸੰਘਰਸ਼ ਕਰਨ ਲਈ ਖਾਲਸਾ ਫੌਜੀ ਤਿਆਰ ਕੀਤਾ। ਸੱਚਖੰਡ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਅਧਿਆਤਮਕ ਅਤੇ ਸੰਸਾਰਿਕ ਸ਼ਕਤੀ ਦੇ ਕੇਂਦਰ ਸਥਾਪਤ ਹੋਏ, ਜਿਨ੍ਹਾਂ ਦੀ ਬਰਾਬਰ ਦੀ ਮਹੱਤਤਾ ਅਤੇ ਲੋੜ ਹੈ। ਜੋ ਸਿੱਖੀ ਦੀ ਚੜ੍ਹਦੀ ਕਲਾ, ਸਵੈ-ਮਾਣ ਅਤੇ ਸਵੈ-ਰੱਖਿਆ ਦੇ ਗਵਾਹ ਹਨ। ਇਕੋ ਜਗ੍ਹਾ ਦੋਵੇਂ ਪਾਵਨ ਅਸਥਾਨਾਂ ਦੀ ਸਿੱਖ ਕੌਮ ਦੇ ਮਨਾਂ ਵਿਚ ਬਰਾਬਰ ਦੀ ਸ਼ਰਧਾ ਅਤੇ ਸਤਿਕਾਰ ਹੈ।

ਸਿੱਖ ਧਰਮ ਦੇ ਸਾਂਝੀਵਾਲਤਾ ਦੇ ਉਪਦੇਸ਼ ਵਿਚ ਦੂਸਰੇ ਧਰਮਾਂ ਦੇ ਲੋਕ ਵੀ ਆਪਣੀ ਮਰਜ਼ੀ ਨਾਲ ਸਿੱਖ ਧਰਮ ਅਪਣਾਉਣ ਲੱਗੇ। ਇਸ ਵਧਦੀ ਹਰਮਨਪਿਆਰਤਾ ਨੂੰ ਵੇਖ ਕੇ ਸਮੇਂ ਦੀਆਂ ਜ਼ਾਲਮ ਹਕੂਮਤਾਂ ਨੂੰ ਈਰਖਾ ਹੋਣ ਲੱਗੀ। ਰਾਜਸੀ ਤਾਕਤਾਂ ਸਿੱਖ ਧਰਮ ਦੇ ਖਿਲਾਫ ਹੋਣ ਲੱਗੀਆਂ, ਜਿਸ ਵਿਚ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਹੋਈ। ਜਦੋਂ ਗੁਰੂ ਸਾਹਿਬ ਜੀ ਨੂੰ ਬਾਦਸ਼ਾਹ ਜਹਾਂਗੀਰ ਨੇ ਤਲਬ ਕੀਤਾ, ਤਾਂ ਸਮਰਥ ਗੁਰੂ ਜਾਣ ਗਏ ਸਨ ਕਿ ਉਨ੍ਹਾਂ ਮੁੜ ਕੇ ਨਹੀਂ ਆਉਣਾ। ਉਨ੍ਹਾਂ ਨੇ ਗੁਰੂ ਹਰਿਰਾਏ ਜੀ ਨੂੰ ਗੁਰਗੱਦੀ ਦੀ ਬਖਸ਼ਿਸ਼ ਕਰਦਿਆਂ ਸੁਚੇਤ ਕੀਤਾ ਕਿ ਆਉਣ ਵਾਲੇ ਸਮੇਂ ਵਿਚ ਜ਼ੁਲਮ ਵਿਰੁੱਧ ਸ਼ਸਤਰ ਚੁੱਕਣ ਦੀ ਲੋੜ ਹੋਵੇਗੀ। ਸ਼ਸਤਰਧਾਰੀ ਹੋ ਕੇ ਗੁਰਗੱਦੀ ’ਤੇ ਵਿਰਾਜਮਾਨ ਹੋਣਾ ਹੈ। ਸਵੈ-ਰੱਖਿਆ ਲਈ ਫੌਜ ਰੱਖਣੀ ਹੈ। ਗੁਰੂਆਂ ਵੱਲੋਂ ਚਲਾਈਆਂ ਧਾਰਮਿਕ ਰਹੁ-ਰੀਤਾਂ ਉਸੇ ਤਰ੍ਹਾਂ ਜਾਰੀ ਰੱਖਣੀਆਂ ਹਨ। ਇਹ ਸਿੱਖ ਦੇ ਸ਼ਸਤਰਧਾਰੀ ਹੋਣ ਦਾ ਬਾਕਾਇਦਾ ਐਲਾਨ ਸੀ। ਇਸੇ ਰੌਸ਼ਨੀ ਵਿਚ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੋ ਤਲਵਾਰਾਂ ਧਾਰਨ ਕੀਤੀਆਂ, ਇਹ ਸਿੱਖ ਕੌਮ ਦਾ ਮੀਰੀ-ਪੀਰੀ ਵਿਚ ਵਿਸ਼ਵਾਸ ਅਤੇ ਸਿਆਸੀ ਟੱਕਰ ਦਾ ਬਾਕਾਇਦਾ ਅਮਲ ਜਾਰੀ ਸੀ।

ਮੀਰੀ-ਪੀਰੀ ਦੀਆਂ ਤਲਵਾਰਾਂ, ਭਗਤੀ ਅਤੇ ਸ਼ਕਤੀ ਦੇ ਸੁਮੇਲ ਵਿਚ ਭਵਿੱਖ ਦੀ ਨੀਤੀ ਤਹਿ ਕਰਦੀਆਂ ਹਨ। ਅਧਿਆਤਮਕ ਅਤੇ ਸੰਸਾਰਿਕ ਦੇ ਇਸ ਸਿਧਾਂਤ ਵਿਚ ਸੱਚਖੰਡ ਹਰਿਮੰਦਰ ਸਾਹਿਬ ਜੀ ਨਾਲ 15 ਜੂਨ, 1606 ਨੂੰ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ, ਜਿਸ ਨੇ ਸਿੱਖ ਪੰਥ ਦੀ ਚੜ੍ਹਦੀ ਕਲਾ ਦੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ।

ਜਾਰੀ ਮਰਿਯਾਦਾ ਅਨੁਸਾਰ ਦਰਬਾਰ ਸਾਹਿਬ ਵਿਖੇ ਅੰਮ੍ਰਿਤ ਵੇਲੇ ਪੋਥੀ ਸਾਹਿਬ ਜੀ ਦੇ ਪਾਠ ਹੁੰਦੇ। ਗੁਰਬਾਣੀ ਕੀਰਤਨ, ਕਥਾ, ਧਾਰਮਿਕ ਉਪਦੇਸ਼ ਹੁੰਦੇ। ਬਾਅਦ ਦੁਪਹਿਰ ਗੁਰੂ ਜੀ ਆਪਣੀ ਨਿਗਰਾਨੀ ਹੇਠ ਨੌਜਵਾਨਾਂ ਦੀਆਂ ਕਸਰਤਾਂ ਦਾ ਅਭਿਆਸ ਕਰਵਾਉਂਦੇ। ਸੂਰਬੀਰਾਂ ਦੀ ਕੌਮ ਬਣਾਉਣ ਲਈ ਵੱਡਾ ਕਦਮ ਸੀ। ਜੰਗੀ ਕਰਤਬਾਂ ਦਾ ਵੀ ਅਭਿਆਸ ਹੁੰਦਾ। ਢਾਡੀਆਂ ਵੱਲੋਂ ਸੂਰਬੀਰਾਂ ਦੇ ਪ੍ਰਸੰਗ ਗਾਏ ਜਾਂਦੇ। ਗੁਰੂ ਜੀ ਸੰਗਤਾਂ ਨੂੰ ਉਪਦੇਸ਼ ਲਈ ਦਰਬਾਰ ਸਜਾਉਂਦੇ। ਸੰਗਤਾਂ ਦੇ ਮਸਲੇ ਹੱਲ ਕਰਵਾਉਂਦੇ, ਜਿਸ ਨਾਲ ਆਪਸੀ ਮੇਲ-ਮਿਲਾਪ ਵਿਚ ਵਾਧਾ ਹੋਇਆ। ਗੁਰੂ ਜੀ ਅਨੁਸਾਰ ਨਿੱਜੀ ਮਸਲਿਆਂ ਕਰਕੇ ਸਰਕਾਰੇ-ਦਰਬਾਰੇ ਜਾਣ ਦੀ ਲੋੜ ਨਹੀਂ ਹੈ। ਇਸ ਨਾਲ ਸਿੱਖਾਂ ਦਾ ਗੁਰੂ ਜੀ ਦੇ ਨਿਆਂ ਤੇ ਉਤਸ਼ਾਹ ਵਧਿਆ। ਕੌਮ ਦੀ ਏਕਤਾ ਮਜ਼ਬੂਤ ਹੋਈ। ਇਹ ਸਿੱਖ ਕੌਮ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਸੀ।

**ਜਾਰੀ ਮਰਿਯਾਦਾ ਅਨੁਸਾਰ ਦਰਬਾਰ ਸਾਹਿਬ ਵਿਖੇ ਅੰਮ੍ਰਿਤ ਵੇਲੇ ਪੋਥੀ ਸਾਹਿਬ ਜੀ ਦੇ ਪਾਠ ਹੁੰਦੇ। ਗੁਰਬਾਣੀ ਕੀਰਤਨ, ਕਥਾ, ਧਾਰਮਿਕ ਉਪਦੇਸ਼ ਹੁੰਦੇ। ਬਾਅਦ ਦੁਪਹਿਰ ਗੁਰੂ ਜੀ ਆਪਣੀ ਨਿਗਰਾਨੀ ਹੇਠ ਨੌਜਵਾਨਾਂ ਦੀਆਂ ਕਸਰਤਾਂ ਦਾ ਅਭਿਆਸ ਕਰਵਾਉਂਦੇ। ਸੂਰਬੀਰਾਂ ਦੀ ਕੌਮ ਬਣਾਉਣ ਲਈ ਵੱਡਾ ਕਦਮ ਸੀ। ਜੰਗੀ ਕਰਤਬਾਂ ਦਾ ਵੀ ਅਭਿਆਸ ਹੁੰਦਾ। ਢਾਡੀਆਂ ਵੱਲੋਂ ਸੂਰਬੀਰਾਂ ਦੇ ਪ੍ਰਸੰਗ ਗਾਏ ਜਾਂਦੇ। ਗੁਰੂ ਜੀ ਸੰਗਤਾਂ ਨੂੰ ਉਪਦੇਸ਼ ਲਈ ਦਰਬਾਰ ਸਜਾਉਂਦੇ। ਸੰਗਤਾਂ ਦੇ ਮਸਲੇ ਹੱਲ ਕਰਵਾਉਂਦੇ, ਜਿਸ ਨਾਲ ਆਪਸੀ ਮੇਲ-ਮਿਲਾਪ ਵਿਚ ਵਾਧਾ ਹੋਇਆ।**

ਰਾਜੇ-ਮਹਾਰਾਜਿਆਂ ਦੇ ਚਲੰਤ ਰਾਜਸੀ ਠਾਠ-ਬਾਠ ਦੇ ਮੁਕਾਬਲੇ ਸਿੱਖ ਕੌਮ ਵਿਚੋਂ ਡਰ ਅਤੇ ਝਿਜਕ ਖਤਮ ਕਰਨ ਲਈ ਗੁਰੂ ਜੀ ਨੇ ਆਪ ਸ਼ਾਹੀ-ਵਸਤਰ ਧਾਰਨ ਕੀਤੇ, ਜਿਵੇਂ ਛਤਰ, ਕਲਗੀ, ਸ਼ਸਤਰ ਅਤੇ ਬਾਜ ਆਦਿ ਸ਼ਖਸੀਅਤ ਦਾ ਹਿੱਸਾ ਬਣਾ ਲਏ। ਸੰਗਤਾਂ ਗੁਰੂ ਜੀ ਨੂੰ ਸੱਚਾ-ਪਾਤਿਸ਼ਾਹ ਕਹਿਣ ਲੱਗੀਆਂ। ਗੁਰੂ ਜੀ ਦੀ ਸ਼ਖਸੀਅਤ ਵਿਚ ਅੰਤਰ ਮੁਖੀ ਸਾਧੂ, ਬਾਹਰ ਮੁਖੀ ਰਾਜੇ। ਗੁਰੂ ਜੀ ਨੇ ਸਪੱਸ਼ਟ ਕੀਤਾ ਕਿ ਸ਼ਸਤਰ ਗਰੀਬ ਦੀ ਰਾਖੀ ਲਈ ਹਨ। ਜ਼ੁਲਮਾਂ ਦਾ ਨਾਸ਼ ਕਰਨ ਲਈ ਸ਼ਸਤਰ ਚੁੱਕਣ ਦੀ ਲੋੜ ਹੈ। ਸਿੱਖ ਕੌਮ ਵਿਚ ਸ਼ਸਤਰਾਂ ਦਾ ਸਤਿਕਾਰ ਅਤੇ ਪ੍ਰਯੋਗ ਕਰਨ ਲਈ ਉਤਸ਼ਾਹ ਉਤਪੰਨ ਕਰਨਾ ਸੀ।

ਗੁਰੂ ਜੀ ਨੇ ਸੰਗਤਾਂ ਕੋਲੋਂ ਰਸਦ, ਮਾਇਆ ਦੇ ਨਾਲ-ਨਾਲ ਵਧੀਆ ਸ਼ਸਤਰ, ਵਧੀਆ ਘੋੜੇ ਅਤੇ ਸੁਡੋਲ ਜੁਆਨੀਆਂ ਦੀ ਮੰਗ ਰੱਖੀ। ਬਾਬਾ ਬਿਧੀ ਚੰਦ ਦੀ ਘੋੜਿਆਂ ਦੀ ਖਰੀਦ ਅਤੇ ਸਾਂਭਣ ਦਾ ਪ੍ਰਬੰਧ ਕਰਦੇ ਸਨ। ਗੁਰੂ ਜੀ ਕੋਲ ਮਾਲਵਾ, ਮਾਝਾ ਤੇ ਦੁਆਬਾ ਤੋਂ ਆਏ 500 ਸਿਰਲੱਥ ਯੋਧਿਆਂ ਦੀ ਫੌਜ ਸੀ। ਜਿਨ੍ਹਾਂ ਦੀ ਗੁਰੂ ਜੀ ਕੋਲ ਕੋਈ ਮੰਗ ਨਹੀਂ ਸੀ। ਉਨ੍ਹਾਂ ਵਿਚ ਸਿਰਫ ਗੁਰੂ ਲਈ ਆਪਾ ਵਾਰਨ ਦਾ ਜਜ਼ਬਾ ਸੀ। ਪ੍ਰਮੁੱਖ ਯੋਧਿਆਂ ਵਿਚ ਭਾਈ ਬਿਧੀ ਚੰਦ, ਭਾਈ ਪਿਰਾਣ, ਭਾਈ ਜੇਠਾ, ਭਾਈ ਪੈੜਾ ਅਤੇ ਭਾਈ ਲੰਗਾਹ ਜੀ ਆਦਿ। ਪਠਾਣਾਂ ਸਮੇਤ ਗੁਰੂ ਜੀ ਕੋਲ ਸੰਤ-ਸਿਪਾਹੀ ਜਜ਼ਬੇ ਵਾਲੀ ਫੌਜ ਤਿਆਰ ਸੀ, ਜਿਨ੍ਹਾਂ ਨੇ ਗੁਰੂ ਜੀ ਦੇ ਨਾਲ ਜੰਗਾਂ ਵਿਚ ਹਿੱਸਾ ਲਿਆ। ਉਨ੍ਹਾਂ ਜਿੱਤਾਂ ਪ੍ਰਾਪਤ ਕੀਤੀਆਂ। ਇਹ ਸ਼ਕਤੀ ਰੂਹਾਨੀ ਵੀ ਤੇ ਸੰਸਾਰਿਕ ਵੀ, ਜਿਸ ਦਾ ਕੇਂਦਰ ਅਕਾਲ ਤਖ਼ਤ ਸਾਹਿਬ ਹੀ ਸੀ।

ਅੰਮ੍ਰਿਤਸਰ ਨੂੰ ਫੌਜ ਪੱਖੋਂ ਸੁਰੱਖਿਅਤ ਬਣਾਉਣ ਲਈ “ਲੋਹਗੜ੍ਹ” ਦਾ ਕਿਲ੍ਹਾ ਬਣਾਇਆ। ਬੀਰ ਨਗਾਰੇ ਵੱਜਣ ਲੱਗੇ, ਨਿਸ਼ਾਨ ਸਾਹਿਬ ਝੂਲਣ ਲੱਗੇ ਯੋਧੇ ਇਕੱਠੇ ਹੋਣ ਲੱਗੇ। ਹਥਿਆਰਬੰਦ ਦਸਤੇ ਰਾਤਾਂ ਨੂੰ ਮਸ਼ਾਲਾਂ ਬਾਲ ਕੇ ਗਸ਼ਤ ਕਰਨ ਲੱਗੇ। ਗੁਰੂ ਜੀ ਕੋ ਆਪਣੇ 52 ਅੰਗ ਰੱਖਿਅਕ ਸਨ। ਜ਼ਾਲਮ ਹਕੂਮਤਾਂ ਵੱਲੋਂ ਸਿੱਖਾਂ ਦੀ ਤਾਕਤ ਖਤਮ ਕਰਨ ਲਈ ਇਸ ਕੇਂਦਰੀ ਸੰਸਥਾ ਨੂੰ ਬਰਬਾਦ ਕਰਨ ਦੇ ਇਰਾਦੇ ਨਾਲ ਬਰੂਦ ਨਾਲ ਉਡਾਇਆ ਗਿਆ। ਦੁਸ਼ਮਣ ਜਾਣਦੇ ਸਨ ਕਿ ਸਿੱਖ ਕੌਮ ਅਤੇ ਫੌਜ ਦੀ ਰੂਹਾਨੀ ਅਤੇ ਸੰਸਾਰਿਕ ਜਜ਼ਬਾਤ ਅਕਾਲ ਤਖ਼ਤ ਸਾਹਿਬ ਨਾਲ ਜੁੜੇ ਹੋਏ ਹਨ, ਜਿੱਥੋਂ ਇਨ੍ਹਾਂ ਨੂੰ ਸ਼ਕਤੀ ਦੀ ਪ੍ਰੇਰਣਾ ਮਿਲਦੀ ਹੈ। ਕੌਮ ਨੇ ਕੁਰਬਾਨੀਆਂ ਦੇ ਕੇ ਇਸ ਨੂੰ ਮੁੜ-ਮੁੜ ਉਸਾਰਿਆ ਅਤੇ ਇਸ ਦੀ ਪ੍ਰੰਪਰਾ, ਸ਼ਾਨ ਨੂੰ ਬਰਕਰਾਰ ਰੱਖਿਆ। ਜੂਨ 1984 ਵਿਚ ਭਾਰਤੀ ਫੌਜ ਵੱਲੋਂ ਵੀ ਇਸ ’ਤੇ ਹਮਲਾ ਕਰਕੇ ਡੇਗ ਦਿੱਤਾ। ਸਿੱਖ ਕੌਮ ਨੇ ਇਸ ਨੂੰ ਫਿਰ ਉਸਾਰਿਆ। ਇਸ ਸਰਵਉੱਚ ਸੰਸਥਾ ਨੂੰ ਮਿਟਾਇਆ ਨਹੀਂ ਜਾ ਸਕਦਾ। ਇਹ ਸਿੱਖ ਕੌਮ ਦੀ ਅਗਵਾਈ ਦਾ ਧੁਰਾ ਹੈ।

ਪ੍ਰਮਿੰਦਰ ਸਿੰਘ
‘ਪ੍ਰਵਾਨਾ’
ਕੈਲੀਫੋਰਨੀਆ
510-415-9377
ਪੰਜਾਬ ਮੇਲ USA



ਅਕਾਲ ਤਖ਼ਤ ਸਾਹਿਬ ਸਿੱਖੀ-ਹੋਂਦ ਨੂੰ ਬਰਕਰਾਰ ਰੱਖਣ ਦਾ ਚਾਨਣ-ਮੁਨਾਰਾ ਹੈ। ਧਰਮ ਦੀ ਸਥਾਪਤੀ ਲਈ ਜਬਰ-ਜ਼ੁਲਮ, ਅਨਿਆਂ ਵਿਰੁੱਧ ਸੰਘਰਸ਼ ਦਾ ਬੀਰ-ਰਸ ਉਤਸ਼ਾਹ ਹੈ। ਅਕਾਲ ਤਖ਼ਤ ਸਾਹਿਬ ਤੋਂ ਪੰਥਕ ਮਰਿਯਾਦਾ ਅਨੁਸਾਰ ਜਾਰੀ ਹੋਏ ਹਰ ਹੁਕਮ ਅਤੇ ਗੁਰਮਤੇ ਨੂੰ ਸਮੂਹ ਸਿੱਖਾਂ ਵੱਲੋਂ ਇਲਾਹੀ ਹੁਕਮ ਵਜੋਂ ਮੰਨਿਆ ਜਾਂਦਾ ਹੈ। ਅਕਾਲ ਤਖ਼ਤ ਸਾਹਿਬ ਹਰ ਸਿੱਖ ਦੇ ਹਿਰਦੇ ਵਿਚ ਸਰਵਉੱਚ ਸਥਾਨ ਰੱਖਦਾ ਹੈ।

ਚਾਰ ਤਖ਼ਤ ਹੋਰ ਹਨ:-

1. ਪਟਨਾ ਸਾਹਿਬ (ਬਿਹਾਰ)
2. ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ)
3. ਹਜ਼ੂਰ ਸਾਹਿਬ (ਨਾਦੇੜ ਮਹਾਂਰਾਸ਼ਟਰ)
4. ਦਮਦਮਾ ਸਾਹਿਬ (ਤਲਵੰਡੀ ਸਾਬੋ)

ਅੰਤਿਕਾ: ਭਗਤੀ ਅਤੇ ਸ਼ਕਤੀ ਦੇ ਸੁਮੇਲ ਦੀ ਅਗਵਾਈ ਗੁਰਬਾਣੀ ਵਿਚ ਮਿਲਦੀ ਹੈ ਕਿ ਹੇ ਭਾਈ! ਜੇ ਤੈਨੂੰ ਪ੍ਰਭੂ-ਪ੍ਰੇਮ ਦੀ ਖੇਡ ਖੇਡਣ ਦਾ ਸ਼ੌਂਕ ਹੈ, ਤਾਂ ਆਪਣਾ ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿਚ ਆ। ਲੋਕ-ਲਾਜ ਛੱਡ ਕੇ ਹਉਮੈ ਦੂਰ ਕਰਕੇ ਆ। ਪ੍ਰਭੂ-ਪ੍ਰੀਤ ਦੇ ਰਸਤੇ ਉੱਤੇ ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਂਟ ਕੀਤਾ ਜਾਵੇ। ਪਰ ਕੋਈ ਝਿਜਕ ਨਾ ਕੀਤੀ ਜਾਵੇ। ਜਦੋਂ ਬਿਨਾਂ ਕਿਸੇ ਝਿਜਕ ਦੇ ਲੋਕ-ਲਾਜ ਅਤੇ ਹਉਮੈ ਛੱਡੀ ਜਾਏ। (ਅੰਗ : 1412)

ਪ੍ਰਮਿੰਦਰ ਸਿੰਘ
'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲ USA



# ਸ਼ਹੀਦ ਭਾਈ ਤਾਰੂ ਸਿੰਘ ਜੀ

## (1 ਜੁਲਾਈ, 1745)



ਬਾਬਾ ਬੰਦਾ ਸਿੰਘ ਜੀ ਬਹਾਦਰ ਅਤੇ ਉਨ੍ਹਾਂ ਦੇ ਸਿੰਘਾਂ ਦੀ ਸ਼ਹੀਦੀ 1716 ਤੋਂ ਬਾਅਦ ਸਿੰਘਾਂ ਉੱਤੇ ਬੜੀ ਮੁਸੀਬਤ ਦਾ ਸਮਾਂ ਸੀ। ਮੁਗਲ ਹਾਕਮਾਂ ਨੇ ਸਿੰਘਾਂ ਉੱਤੇ ਅੱਤਿਆਚਾਰ ਕਰਨ ਦੀ ਅਤਿ ਹੀ ਚੁੱਕ ਲਈ ਸੀ। ਜਬਰੀ ਧਰਮ ਪ੍ਰੀਵਰਤਨ ਦੇ ਖ਼ੂਨੀ ਇਰਾਦੇ ਹੇਠ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ। ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਦੀ ਮੁਹਿੰਮ ਹੀ ਚੱਲ ਪਈ। ਸਿੰਘਾਂ ਨੇ ਹਮੇਸ਼ਾ ਲੋਕ ਭਲਾਈ ਲਈ ਜ਼ੁਲਮ ਦੇ ਵਿਰੁੱਧ ਟਾਕਰਾ ਕਰਦੇ ਹੋਏ, ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਲਾਸਾਨੀ ਕੁਰਬਾਨੀਆਂ ਕੀਤੀਆਂ।

ਮੱਧ ਕਾਲੀਨ ਯੁੱਗ ਵਿਚ ਸਮਾਜ ਸੁਧਾਰਕਾਂ ਵੱਲੋਂ ਭਗਤੀ-ਲਹਿਰ ਚਲਾਈ ਗਈ। ਸਮਾਜ ਵਿਚ ਝੂਠੇ ਕਰਮਕਾਂਡਾਂ ਵਿਰੁੱਧ ਚੇਤਨਾ ਆਈ। ਸੂਫੀ-ਰੰਗ ਵਿਚ ਰੰਗੀ ਬਾਣੀ ਵਿਚ ਬੀਰ-ਰਸ ਭਰਿਆ ਗਿਆ। ਕਿਸੇ ਵੀ ਅੰਦੋਲਨ ਵਿਚ ਜਾਨ ਪਾਉਣ ਲਈ ਬੀਰ-ਰਸ ਦੀ ਬੜੀ ਅਹਿਮੀਅਤ ਹੁੰਦੀ ਹੈ। ਗੁਰਬਾਣੀ ਦੇ ਸ਼ਬਦ : "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ - (ਅੰਗ 1412) ਤੋਂ ਧਰਮ ਦੀ ਬੁਨਿਆਦ ਨੂੰ ਪੱਕਾ ਕਰਨ ਦਾ ਉਪਦੇਸ਼ ਮਿਲਦਾ ਹੈ। ਸੱਚ-ਧਰਮ ਦੇ ਮਾਰਗ 'ਤੇ ਕੁਰਬਾਨੀ ਦੇਣ ਲਈ ਤਿਆਰ ਰਹੋ, ਦਾ ਉਪਦੇਸ਼ ਮਿਲਦਾ ਹੈ। ਇਕ ਪ੍ਰਮਾਤਮਾ 'ਚ ਯਕੀਨ ਰੱਖ ਕੇ ਉਸ ਦਾ ਨਾਮੁ ਜਪਣਾ। ਖੁਸ਼ੀ ਅਤੇ ਗਮੀ ਵਿਚ ਹਮੇਸ਼ਾ ਰੱਬ ਦਾ ਭਾਣਾ ਮੰਨਣਾ। ਨਾਨਕ ਪੰਥ ਦੀ ਸਮੁੱਚੀ ਬੰਦਗੀ ਵਿਚ ਨਿਮਰਤਾ ਨੂੰ ਪਹਿਲ ਦਿੱਤੀ ਗਈ ਹੈ। ਹਰੇਕ ਨੇ ਸੱਚੀ ਮਿਹਨਤ ਅਤੇ ਇਮਾਨਦਾਰੀ ਨਾਲ ਕਿਰਤ ਕਰਨੀ ਹੈ। ਆਪਣੀ ਮਿਹਨਤ ਦੀ ਕਮਾਈ ਦਾ ਫਲ, ਦੂਜਿਆਂ ਨਾਲ ਵੰਡ ਕੇ ਛੱਕਣਾ ਹੈ। ਜੀਵਨ-ਜਾਚ ਲਈ ਸਿਧਾਂਤ ਦਿੱਤਾ ਕਿ 'ਕਿਰਤ ਕਰੋ, ਨਾਮੁ ਜਪੋ, ਵੰਡ ਛਕੋ'। ਬਰਾਬਰਤਾ ਦੇ ਸਮਾਜ ਵਿਚ ਖ਼ੁਦਗਰਜ਼ੀ ਤੋਂ ਉਪਰ ਉੱਠ ਕੇ ਸੇਵਾ ਕਰਨੀ ਹੈ। ਸਰਬੱਤ ਦੇ ਭਲੇ ਲਈ ਇਨਸਾਨੀ ਹੱਕਾਂ 'ਤੇ ਪਹਿਰਾ ਦੇਣਾ ਹੈ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਧਰਮਸ਼ਾਲਾ, ਸੰਗਤ, ਪੰਗਤ, ਲੰਗਰ ਤੇ ਪ੍ਰਚਾਰ ਲਈ ਮੰਜੀਆਂ ਆਦਿ ਸੰਸਥਾਵਾਂ ਚਲਾਈਆਂ। ਅੱਗੇ ਜਾ ਕੇ ਸਿੱਖ ਗੁਰੂਆਂ ਨੇ ਚਲਦੀਆਂ ਸੰਸਥਾਵਾਂ ਨੂੰ ਹੋਰ ਮਜ਼ਬੂਤ ਕੀਤਾ ਤੇ ਵਧਾਇਆ। ਧਰਮ-ਯੁੱਧ ਦੇ ਦੌਰ ਵਿਚ ਜਿੱਥੇ ਰਸਦ, ਮਾਇਆ ਭੇਂਟ ਕੀਤੀ ਜਾਂਦੀ ਹੈ, ਉਥੇ ਲੋੜ ਪੈਣ 'ਤੇ ਸੀਸ ਵੀ ਭੇਂਟ ਕੀਤੇ ਜਾਣ ਲੱਗੇ। ਇਸ 'ਤੇ ਚੱਲਦਿਆਂ ਸਿੱਖ ਇਤਿਹਾਸ ਤਸੀਹਿਆਂ, ਕੁਰਬਾਨੀਆਂ, ਸ਼ਹੀਦੀਆਂ ਦੀ ਵਿਲੱਖਣ ਮਿਸਾਲ ਹੈ। ਉਸੇ ਸੰਘਰਸ਼ ਦੀ ਲੜੀ ਵਿਚ ਅਠਾਰਵੀਂ ਸਦੀ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਹੋਏ ਹਨ।

ਜ਼ਕਰੀਆ ਖਾਨ ਲਾਹੌਰ ਦਾ ਹਾਕਮ ਸੀ। ਉਸ ਦਾ ਭਰਾ ਸਿੱਖਾਂ ਨਾਲ ਹੋਈ ਇਕ ਲੜਾਈ ਵਿਚ ਮਾਰਿਆ ਗਿਆ। ਉਸ ਦਾ ਬਦਲਾ ਲੈਣ ਲਈ ਉਸਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਮੁਹਿੰਮ ਚਲਾ ਰੱਖੀ ਸੀ। ਉਸ ਨੇ ਸਿੱਖਾਂ ਨੂੰ ਚੁਣ-ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ। ਸਿੱਖ ਆਪਣੀ ਹੋਂਦ ਨੂੰ ਬਚਾਉਣ ਲਈ ਜੰਗਲਾਂ, ਬੇਲਿਆਂ, ਪਹਾੜਾਂ, ਮਾਰੂਥਲਾਂ ਆਦਿ ਦੀਆਂ ਪਨਾਹਗਾਰਾਂ ਵਿਚ ਚਲੇ ਗਏ। ਬਾਕੀ ਬਚੇ ਕੁੱਝ ਸਿੰਘ ਅਤੇ ਹੋਰ ਵਰਗਾਂ ਦੇ ਲੋਕ ਮੁਗਲਾਂ ਦੇ ਘੋਰ ਜ਼ੁਲਮ ਹੇਠ ਜੀਅ ਰਹੇ ਸਨ। ਉਹ ਗੁਰੂਆਂ ਦੀ ਸਿੱਖਿਆ 'ਤੇ ਚੱਲਦੇ ਬਿਨਾਂ ਭੇਦਭਾਵ ਦੇ ਆਪਸ ਵਿਚ ਪਿਆਰ ਅਤੇ ਸ਼ਾਂਤਮਈ ਰਹਿ ਰਹੇ ਸਨ। ਉਹ ਇਕ ਦੂਸਰੇ ਦੀ ਮਦਦ ਕਰਕੇ ਖੁਸ਼ ਹੁੰਦੇ ਸਨ। ਉਹ ਜੋ ਕੁਝ ਕਮਾਉਂਦੇ, ਵਿਚੋਂ ਲੋੜਵੰਦਾਂ ਦੀ ਮਦਦ ਕਰਦੇ। ਗੁਰਬਾਣੀ ਪੜ੍ਹਦੇ ਅਤੇ ਵਿਚਾਰਦੇ ਸਾਦਾ ਜੀਵਨ ਜਿਊਂਦੇ ਸਨ।

ਅਜਿਹੇ ਸਮੇਂ ਵਿਚ ਹੀ ਭਾਈ ਤਾਰੂ ਸਿੰਘ ਜੀ ਦਾ ਜਨਮ 6 ਅਕਤੂਬਰ, 1720 ਈ. ਵਿਚ ਪਿੰਡ 'ਪੂਹਲਾ', ਜ਼ਿਲ੍ਹਾ ਅੰਮ੍ਰਿਤਸਰ ਵਿਚ ਮਾਤਾ ਧਰਮ ਕੌਰ ਤੇ ਪਿਤਾ ਭਾਈ ਜੋਧ ਸਿੰਘ ਦੇ ਘਰ ਹੋਇਆ। ਉਨ੍ਹਾਂ ਦੇ ਪਿਤਾ ਜੀ ਇਕ ਜੰਗ ਵਿਚ ਸ਼ਹੀਦ ਹੋ ਗਏ ਸਨ। ਉਨ੍ਹਾਂ ਦੀ ਛੋਟੀ ਭੈਣ ਤਾਰ ਕੌਰ ਸੀ। ਭਾਈ ਸਾਹਿਬ ਨੇ ਇੱਕ ਵਾਰ ਸਿੰਘਾਂ ਨੂੰ ਮੁਗਲਾਂ ਦੇ ਚੁੰਗਲ ਵਿਚੋਂ ਇਕ ਗਰੀਬ ਲੜਕੀ ਨੂੰ ਛੁਡਾਉਂਦੇ ਵੇਖ ਕੇ ਸਿੰਘ ਸੱਜਣ ਸ਼ਖਸੀਅਤ ਦਾ ਭਾਈ ਸਾਹਿਬ 'ਤੇ ਬੜਾ ਪ੍ਰਭਾਵ ਸੀ। ਉਹ ਕਿਰਸਾਨੀ ਕਰਦੇ ਅਤੇ ਮੱਕੀ ਦੀ ਕਾਸ਼ਤ ਕਰਦੇ ਸਨ। ਸਿੱਖਾਂ ਦਾ ਮੁਗਲ ਹਾਕਮ ਜ਼ਕਰੀਆ ਖਾਨ ਨਾਲ ਟਾਕਰਾ ਚੱਲ ਰਿਹਾ ਸੀ।

ਉਨ੍ਹਾਂ ਦੀ ਮਾਤਾ ਜੀ ਨੇ ਆਪਣੇ ਬੱਚਿਆਂ ਨੂੰ ਗੁਰੂ ਦੀ ਸਿੱਖਿਆ 'ਤੇ ਚੱਲਦਿਆਂ ਲੋੜਵੰਦਾਂ ਦੀ ਸੇਵਾ ਕਰਨ ਦਾ ਕੰਮ ਸੌਂਪਿਆ ਹੋਇਆ ਸੀ। ਭਾਈ ਸਾਹਿਬ ਸੰਗਤਾਂ ਦੀ ਸੇਵਾ ਆਪ ਅੱਗੇ ਹੋ ਕੇ ਕਰਦੇ। ਬਾਹਰੋਂ ਆਈਆਂ ਸੰਗਤਾਂ ਦੀ ਸੇਵਾ ਵਿਚ ਹਮੇਸ਼ਾ ਤੱਤਪਰ ਰਹਿੰਦੇ। ਉਹ ਅਣਥੱਕ ਸੇਵਾ ਕਰਨ ਦੇ ਪਾਂਧੀ ਸਨ। ਜਿਵੇਂ ਕਿ ਸਿੰਘ ਪਨਾਹਗਾਹਾਂ ਵਿਚ ਚਲੇ ਗਏ ਸਨ। ਉਸ ਤਰ੍ਹਾਂ ਦੀ ਇਕ ਪਨਾਹਗਾਹ 'ਬੀੜ-ਬਾਬਾ ਬੁੱਢਾ ਜੀ' ਪਿੰਡ ਪੂਹਲੇ ਦੇ ਨੇੜੇ ਸੀ।

ਭਾਈ ਸਾਹਿਬ ਖੇਤੀ ਦੇ ਕੰਮ ਵਿਚੋਂ ਸਿੰਘਾਂ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਲਈ ਹੋਈ ਸੀ। ਉਨ੍ਹਾਂ ਦੀ ਮਾਤਾ ਜੀ ਤੇ ਭੈਣ ਜੀ ਆਟਾ ਪੀਹ ਕੇ ਮਿੱਸੇ ਪ੍ਰਸਾਦੇ ਅਤੇ ਦੁੱਧ ਦਾ ਤਾਜ਼ਾ ਲੰਗਰ ਤਿਆਰ ਕਰਦੀਆਂ ਤੇ ਭਾਈ ਸਾਹਿਬ ਲੰਗਰ, ਰਸਦ ਅਤੇ ਹੋਰ ਲੋੜੀਦੀਆਂ ਰੋਜ਼ਮਰਾਂ ਦੀਆਂ ਵਸਤਾਂ ਬੀੜ ਤੇ ਟਿਕਾਣਾ ਕਰੀਂ ਬੈਠੇ ਸਿੰਘਾਂ ਤੱਕ ਪਹੁੰਚਾਉਂਦੇ ਸਨ। ਦੇਰ ਰਾਤ ਤੱਕ ਭਾਈ ਸਾਹਿਬ ਨੂੰ ਸਿੰਘਾਂ ਨਾਲ ਚਲੰਤ ਮਾਮਲਿਆਂ 'ਤੇ ਵਾਰਤਾਲਾਪ ਕਰਨ ਦੀ ਦਿਲਚਸਪੀ ਵੀ ਸੀ। ਉਹ ਸਿੰਘਾਂ ਨਾਲ ਮੁਗਲ ਹਾਕਮਾਂ ਦੀਆਂ ਚਾਲਾਂ ਤੇ ਭਵਿੱਖ ਦੇ ਮਨਸੂਬਿਆਂ ਸਕੀਮਾਂ ਬਾਰੇ ਢੇਰ ਸਾਰੀ ਜਾਣਕਾਰੀ ਤੇ ਚਰਚਾ ਕਰਦੇ ਸਨ। ਆਉਣ ਵਾਲੇ ਬੁਰੇ ਸਮਿਆਂ ਬਾਰੇ ਸਿੰਘਾਂ ਨੂੰ ਸੁਚੇਤ ਵੀ ਕਰਦੇ ਸਨ। ਇਹ ਸਿਲਸਿਲਾ ਕਈ ਸਾਲ ਚੱਲਦਾ ਰਿਹਾ। ਭਾਈ ਸਾਹਿਬ ਜੀ ਦੀ ਉਮਰ 25 ਸਾਲ ਤੱਕ ਅੱਪੜ ਗਈ ਸੀ। ਇਸ ਤੋਂ ਇਲਾਵਾ ਭਾਈ ਸਾਹਿਬ ਪਿੰਡਾਂ ਵਿਚ ਆਉਂਦੇ-ਜਾਂਦੇ ਮੁਸਾਫਰਾਂ ਦੀ ਲੰਗਰ ਨਾਲ ਸੇਵਾ ਕਰਦੇ ਸਨ। ਲੋੜਵੰਦਾਂ ਲਈ ਠਹਿਰ ਦਾ ਪ੍ਰਬੰਧ ਕਰ ਲੈਂਦੇ ਸਨ। ਇਸ ਕਰਕੇ ਉਹ ਇਲਾਕੇ ਵਿਚ ਹਰਮਨ ਪਿਆਰੇ ਹੋ ਗਏ ਸਨ। ਹਰ ਵਰਗ ਦੇ ਲੋਕ ਉਨ੍ਹਾਂ ਦੀ ਹਮਦਰਦੀ ਅਤੇ ਪਿਆਰ ਦਾ ਸਤਿਕਾਰ ਕਰਦੇ ਸਨ।

ਜੰਡਿਆਲਾ ਦੇ ਹਰਿਭਗਤ ਮੁਗਲ ਹਾਕਮਾਂ ਦਾ ਮੁਖਬਰ ਸੀ। ਉਹ ਸਿੰਘਾਂ ਨਾਲ ਈਰਖਾ ਕਰਦਾ ਸੀ। ਉਸ ਨੇ ਵੇਖਿਆ ਕਿ ਭਾਈ ਸਾਹਿਬ ਜੀ ਦੀ ਸੇਵਾ ਭਾਵਨਾ ਕਰਕੇ ਸਮਾਜ ਵਿਚ ਉਨ੍ਹਾਂ ਦੀ ਬੜੀ ਪ੍ਰਸਿੱਧੀ ਹੈ। ਉਸ ਨੇ ਈਰਖਾ ਵਿਚ ਆ ਕੇ ਭਾਈ ਸਾਹਿਬ ਜੀ ਦੀਆਂ ਸਰਗਰਮੀਆਂ ਨੂੰ ਕੁਚਲਣ ਦੀ ਠਾਣ ਲਈ। ਉਸ ਨੂੰ ਪਹਿਲਾਂ ਹੀ ਹਾਕਮਾਂ ਦੀ ਸ਼ਹਿ ਪ੍ਰਾਪਤ ਸੀ। ਉਸ ਨੇ ਗੁੱਸੇ ਵਿਚ ਆ ਕੇ ਮੁਗਲ ਮੁਗਲ ਸਰਕਾਰ ਨੂੰ ਖਬਰ ਦਿੱਤੀ ਕਿ ਪਿੰਡ ਪੂਹਲੇ ਵਿਚ ਇਕ ਸਿੱਖ ਭਾਈ ਤਾਰੂ ਸਿੰਘ ਬਾਗੀ ਰਹਿੰਦਾ ਹੈ। ਉਹ ਹਕੂਮਤ ਦੇ ਬਾਗੀ ਸਿੰਘਾਂ ਦੀ ਸੇਵਾ ਕਰਦਾ ਹੈ। ਉਹ ਦੁਰਚਾਰੀ ਮੁਸਾਫਰਾਂ ਨੂੰ ਪਨਾਹ ਵੀ ਦਿੰਦਾ ਹੈ। ਉਹ ਇਕ ਖਤਰਨਾਕ ਬਾਗੀ ਸਿੱਖ ਹੈ। ਉਸ ਦੀਆਂ ਕਾਰਵਾਈਆਂ ਦੀ ਉਸ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।

ਹਰਿਭਗਤ ਨੂੰ ਭਾਈ ਸਾਹਿਬ 'ਤੇ ਲਾਏ ਦੋਸ਼ਾਂ ਅਤੇ ਸੂਹ ਦੇਣ ਲਈ ਹਕੂਮਤ ਤੋਂ ਇਨਾਮ ਮਿਲਣ ਦੀ ਆਸ ਸੀ। ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਉਣ ਲਈ ਸਿਪਾਹੀ ਭੇਜ ਦਿੱਤੇ ਗਏ। ਸਿਪਾਹੀਆਂ ਨੇ ਭਾਈ ਸਾਹਿਬ ਨੂੰ ਗ੍ਰਿਫਤਾਰ ਕਰਨ ਲਈ ਪਿੰਡ ਪੂਹਲੇ 'ਤੇ ਧਾਵਾ ਬੋਲ ਦਿੱਤਾ। ਭਾਈ ਸਾਹਿਬ ਨੂੰ ਲਾਹੌਰ ਲਿਆਂਦਾ ਗਿਆ। ਜੇਲ੍ਹ ਵਿਚ ਰੱਖਕੇ ਅਣਮਨੁੱਖੀ ਤਸ਼ੱਦਦ ਢਾਹਿਆ ਗਿਆ। ਕਈ ਦਿਨਾਂ ਤੱਕ ਤਸ਼ੱਦਦ ਹੁੰਦਾ ਰਿਹਾ। ਇਸਲਾਮ ਕਬੂਲ ਕਰ ਲਉ 'ਤੇ ਜ਼ੋਰ ਦਿੱਤਾ ਗਿਆ। ਇਸਲਾਮ ਕਬੂਲ ਕਰ ਲਉ, ਤੁਹਾਡੀ ਜਾਨ ਬਖਸ਼ ਦਿੱਤੀ ਜਾਵੇਗੀ। ਲਿਹਾਜ਼ਾ ਕੇਸ ਕਤਲ ਕਰ ਦਿੱਤੇ ਜਾਣਗੇ। ਇਸਲਾਮ ਕਬੂਲ ਕਰਵਾਉਣ ਲਈ ਭਾਈ ਸਾਹਿਬ ਨੂੰ ਕਈ ਲਾਲਚ ਦਿੱਤੇ ਗਏ, ਜਿਵੇਂ ਤੁਹਾਨੂੰ ਸਰਕਾਰ ਅਹੁਦਾ, ਮਾਨ-ਸਨਮਾਨ ਅਤੇ ਦੌਲਤ ਨਾਲ ਮਾਲਾਮਾਲ ਕਰ ਦਿੱਤਾ ਜਾਵੇਗਾ। ਇਸ ਤਰ੍ਹਾਂ ਆਰਾਮ ਦੀ ਜ਼ਿੰਦਗੀ ਬਿਤਾ ਸਕੋਗੇ। ਨਹੀਂ ਤਾਂ ਤਸ਼ੱਦਦ ਚੱਲਦਾ ਰਹੇਗਾ। ਚਰਖੜੀ 'ਤੇ ਚੜ੍ਹਾ ਕੇ ਕਤਲ ਕੀਤੇ ਜਾਉਗੇ। ਇਹ ਨਸੀਹਤ ਵੀ ਦਿੱਤੀ ਕਿ ਕਿਉਂ ਸਿੱਖੀ ਲਈ ਆਪਣੀ ਜਾਨ ਗੁਆ ਰਹੇ ਹੋ। ਭਾਈ ਸਾਹਿਬ ਨੇ ਕਿਹਾ ਕਿ ਮੈਂ ਆਪਣੇ ਧਰਮ ਵਿਚ ਰਹਿ ਕੇ ਮਰਨਾ ਚਾਹਾਂਗਾ। ਭਾਈ ਸਾਹਿਬ ਨੇ ਬੜੇ ਦ੍ਰਿੜ੍ਹ ਇਰਾਦੇ ਨਾਲ ਕਿਹਾ ਕਿ ਇਹ ਜੋ ਤੂੰ ਐਸ਼ੋ-ਆਰਾਮ ਦੇ ਸੌਦੇ ਦਿਖਾ ਰਿਹਾ ਏਂ, ਇਹ ਮੈਂ ਆਪਣੀ ਜੁੱਤੀ ਦੀ ਨੋਕ 'ਤੇ ਵੀ ਨਹੀਂ ਲਿਖਦਾ ਹਾਂ। ਜੇਕਰ ਸਾਰੇ ਜਹਾਨ ਦੀ ਬਾਦਸ਼ਾਹੀ ਅਤੇ ਧੰਨ-ਦੌਲਤ ਮੇਰੇ ਪੈਰਾਂ ਵਿਚ ਰੱਖ ਦੇਵੇਂ। ਸਾਰਾ ਜਹਾਨ ਮੇਰਾ ਨੌਕਰ ਹੋ ਜਾਵੇ, ਤਾਂ ਵੀ ਮੈਂ ਆਪਣਾ ਸਿੱਖੀ ਸਿਦਕ ਨਹੀਂ ਛੱਡਾਂਗਾ। ਇਸ ਸਿੱਖੀ ਨੂੰ ਕੇਸਾਂ, ਸੁਆਸਾਂ ਨਾਲ ਨਿਭਾਵਾਂਗਾ। ਇਨ੍ਹਾਂ ਸਾਰੀਆ ਦੁਰਲੱਭ ਵਸਤੂਆਂ ਤੋਂ ਮੇਰਾ ਧਰਮ ਉੱਚਾ ਹੈ। ਮੈਂ ਆਪਣਾ ਵਾਲ ਵੀ ਬਾਕਾਂ ਨਹੀਂ ਕਰਨ ਦਿਆਂਗਾ। ਮੈਂ ਸ਼ਹੀਦ ਹੋਣ ਲਈ ਤਿਆਰ ਹਾਂ। ਮੇਰਾ ਪ੍ਰਮਾਤਮਾ ਮੇਰੇ ਨਾਲ ਸਹਾਈ ਹੋਵੇਗਾ।

ਜ਼ਕਰੀਆ ਖਾਨ ਨੇ ਹੰਕਾਰ ਵਿਚ ਆ ਕੇ ਕਿਹਾ ਕਿ ਇਸ ਵੇਲੇ ਤੇਰਾ ਪ੍ਰਮਾਤਮਾ ਮੈਂ ਹਾਂ, ਜੋ ਤੇਰੀ ਜਾਨ ਬਖਸ਼ ਸਕਦਾ ਹਾਂ। ਪਰ ਮੈਂ ਤੇਰੀ ਗੱਲ ਮੰਨਦਾ ਹਾਂ ਕਿ ਤੇਰੇ ਕੇਸ ਕਤਲ ਨਾ ਕੀਤੇ ਜਾਣ। ਤੇਰੇ ਕੇਸ ਖੋਪੜੀ ਸਮੇਤ ਉਤਾਰੇ ਜਾਣ। ਇਸ ਬਾਰੇ ਤੇਰਾ ਕੀ ਖਿਆਲ ਹੈ। ਭਾਈ ਸਾਹਿਬ ਨੇ ਕਿਹਾ ਕਿ ਤੇਰੀ ਇਹ ਦਿਆਲਤਾ ਮੈਨੂੰ ਮਨਜ਼ੂਰ ਹੈ। ਮੈਨੂੰ ਭਾਵੇਂ ਕਿਸੇ ਵੀ ਤਰੀਕੇ ਨਾਲ ਸ਼ਹੀਦ ਕਰ, ਪਰ ਮੇਰੇ ਕੇਸ ਮੇਰੇ ਸੁਆਸਾਂ ਨਾਲ ਕਾਇਮ ਰਹਿਣ। ਹੁਣ ਜਲਦੀ ਮੈਨੂੰ ਸ਼ਹੀਦ ਕਰੋ, ਮੈਂ ਪ੍ਰਮਾਤਮਾ ਦਾ ਕਰਜ਼ ਉਤਾਰਾਂ। ਜ਼ਕਰੀਆ ਖਾਨ ਨੇ ਹੁਕਮ ਦਿੱਤਾ ਕਿ ਭਾਈ ਤਾਰੂ ਸਿੰਘ ਜੀ ਨੂੰ ਘੋੜਾ ਮੰਡੀ, ਨਾਖਾਸ ਚੌਂਕ, ਦਿੱਲੀ ਗੇਟ, ਲਾਹੌਰ ਵਿਖੇ ਲਿਜਾਇਆ ਜਾਵੇ। ਇਥੇ ਪਹਿਲਾਂ ਵੀ ਕਈ ਸਿੰਘ ਸ਼ਹੀਦ ਹੋਏ ਸਨ। ਜੱਲਾਦ ਨੂੰ ਭਾਈ ਸਾਹਿਬ ਦੀ ਖੋਪੜੀ ਉਤਾਰਨ ਦਾ ਹੁਕਮ ਹੋਇਆ। ਭਾਈ ਸਾਹਿਬ ਸ਼ਾਂਤ ਚਿੱਤ ਅਡੋਲ ਰਹੇ। ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ। ਭਾਈ ਸਾਹਿਬ ਜੀ ਦੀ ਖੋਪੜੀ ਉਤਾਰ ਕੇ ਸਾਹਮਣੇ ਰੱਖ ਦਿੱਤੀ। ਭਾਈ ਸਾਹਿਬ ਜੀ ਨੇ ਰੱਬ ਦਾ ਸ਼ੁਕਰ ਮਨਾਇਆ ਕਿ ਮੇਰੇ ਕੇਸ ਬਚਾ ਲਏ ਹਨ।


ਭਾਈ ਸਾਹਿਬ ਜੀ ਨੂੰ ਫਿਰ ਵਾਪਸ ਜੇਲ੍ਹ ਭੇਜਿਆ ਗਿਆ। ਤਸ਼ੱਦਦ ਜਾਰੀ ਰਿਹਾ। ਉਨ੍ਹਾਂ ਦਿਨਾਂ ਵਿਚ ਜ਼ਕਰੀਆ ਖਾਨ ਦੇ ਗੁਰਦੇ ਖਰਾਬ ਹੋ ਗਏ। ਉਹ ਅਤਿਅੰਤ ਦਰਦ ਵਿਚ ਸੀ ਕਿ ਉਸ ਦਾ ਸਾਹ ਰੁੱਕਣ ਲੱਗਾ। ਉਸ ਨੇ ਪਛਤਾਵਾ ਕੀਤਾ ਕਿ ਮੈਂ ਇਕ ਬੇਕਸੂਰ ਸੰਤ-ਰੂਪੀ ਸਿੰਘ ਨੂੰ ਬੜੇ ਤਸੀਹੇ ਦਿੱਤੇ ਹਨ। ਇਹ ਮੇਰਾ ਉਨ੍ਹਾਂ ਕਰਮਾਂ ਦਾ ਹੀ ਫਲ ਹੈ ਕਿ ਮੈਂ ਬਿਮਾਰੀ ਭੋਗ ਰਿਹਾ ਹਾਂ। ਉਸ ਨੇ ਭਾਈ ਸੁਬੇਗ ਸਿੰਘ ਜੀ ਨੂੰ ਭਾਈ ਸਾਹਿਬ ਭੇਜਿਆ ਕਿ ਮੈਨੂੰ ਮਾਫ ਕਰ ਦਿਉ। ਭਾਈ ਸਾਹਿਬ ਜੀ ਨੇ ਕਿਹਾ ਕਿ ਜੋ ਕੁੱਝ ਵਾਪਰ ਰਿਹਾ ਹੈ, ਉਸ ਪ੍ਰਮਾਤਮਾ ਦੇ ਭਾਣੇ ਵਿਚ ਹੈ। ਉਹ ਪ੍ਰਮਾਤਮਾ ਸਭ ਦਾ ਇਨਸਾਫ ਕਰਦਾ ਹੈ। ਜ਼ਕਰੀਆ ਖਾਨ ਦੀ ਬਿਮਾਰੀ ਕੁੱਝ ਕੁ ਠੀਕ ਹੋ ਗਈ। ਪਰ ਉਹ 22 ਦਿਨਾਂ ਬਾਅਦ ਮਰ ਗਿਆ। ਉਸ ਦੇ ਮਰਨ ਦੀ ਖ਼ਬਰ ਜਦ ਭਾਈ ਸਾਹਿਬ ਜੀ ਨੂੰ ਮਿਲੀ, ਉਨ੍ਹਾਂ 1 ਜੁਲਾਈ, 1745 ਨੂੰ ਸ਼ਹੀਦੀ ਪਾ ਲਈ। ਬਿਨਾਂ ਖੋਪੜੀ ਤੋਂ ਕੇਸਾਂ ਸੰਗ ਰਹਿਣਾ ਇਕ ਵਿਲੱਖਣ ਸ਼ਹੀਦੀ ਹੈ। ਸਿੱਖ ਧਰਮ ਦੀਆਂ ਸ਼ਹੀਦੀਆਂ ਨੂੰ ਅਰਦਾਸ ਵਿਚ ਯਾਦ ਕੀਤਾ ਜਾਂਦਾ ਹੈ ਕਿ "ਜਿਨ੍ਹਾਂ ਸਿੰਘ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ। ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਤਿਨਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।"


ਭਾਈ ਸਾਹਿਬ ਦੀ ਵਿਰਾਸਤ ਹੈ ਕਿ 1762 ਵਿਚ ਭੰਗੀ ਸਿੱਖ ਸਰਦਾਰਾਂ ਨੇ ਲਾਹੌਰ ਜਿੱਤ ਲਿਆ। ਉਨ੍ਹਾਂ ਜਨਤਕ ਚੌਂਕ 'ਤੇ ਕਬਜ਼ਾ ਕਰ ਲਿਆ। ਜਿੱਥੇ ਸਿੰਘਾਂ ਨੂੰ ਸ਼ਹੀਦ ਕੀਤਾ ਜਾਂਦਾ ਰਿਹਾ ਸੀ। ਚੌਂਕ ਦੇ ਨਾਲ ਲੱਗਦੀ ਅਬਦੁਲਾ ਖਾਨ ਮਸਜਿਦ 'ਤੇ ਕਬਜ਼ਾ ਕਰਕੇ ਸ਼ਹੀਦ ਗੰਜ ਗੁਰਦੁਆਰੇ ਵਿਚ ਤਬਦੀਲ ਕਰ ਦਿੱਤਾ ਗਿਆ। ਉਸ ਅਸਥਾਨ 'ਤੇ ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਨੌਲੱਖਾ ਬਾਜ਼ਾਰ ਵਿਚ ਉਸ ਸਥਾਨ ਦੀ ਨਿਸ਼ਾਨਦੇਹੀ ਕਰਦਾ ਹੈ, ਜਿਥੇ ਸਿੰਘ ਦੀ ਖੋਪਰੀ ਅਤੇ ਕੇਸ ਹਟਾਏ ਗਏ ਸਨ।

ਜ਼ਕਰੀਆ ਖਾਨ ਲਾਹੌਰ ਦਾ ਹਾਕਮ ਸੀ। ਉਸ ਦਾ ਭਰਾ ਸਿੱਖਾਂ ਨਾਲ ਹੋਈ ਇਕ ਲੜਾਈ ਵਿਚ ਮਾਰਿਆ ਗਿਆ। ਉਸ ਦਾ ਬਦਲਾ ਲੈਣ ਲਈ ਉਸਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਮੁਹਿੰਮ ਚਲਾ ਰੱਖੀ ਸੀ। ਉਸ ਨੇ ਸਿੱਖਾਂ ਨੂੰ ਚੁਣ-ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ। ਸਿੱਖ ਆਪਣੀ ਹੋਂਦ ਨੂੰ ਬਚਾਉਣ ਲਈ ਜੰਗਲਾਂ, ਬੇਲਿਆਂ, ਪਹਾੜਾਂ, ਮਾਰੂਥਲਾਂ ਆਦਿ ਦੀਆਂ ਪਨਾਹਗਾਰਾਂ ਵਿਚ ਚਲੇ ਗਏ। ਬਾਕੀ ਬਚੇ ਕੁੱਝ ਸਿੰਘ ਅਤੇ ਹੋਰ ਵਰਗਾਂ ਦੇ ਲੋਕ ਮੁਗਲਾਂ ਦੇ ਘੋਰ ਜ਼ੁਲਮ ਹੇਠ ਜੀਅ ਰਹੇ ਸਨ।

# ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA





ਜਦੋਂ ਗੁਰੂ ਜੀ ਨੂੰ ਕਾਜ਼ੀਆਂ ਨੇ ਪੁੱਛਿਆ ਸੀ ਕਿ ਹਿੰਦੂ ਵੱਡਾ ਜਾਂ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ ਕਿ ਸ਼ੁੱਭ ਅਮਲਾਂ ਬਾਝੋਂ ਦੋਨੋਂ ਰੋਇ। ਇਸ ਲਈ ਜੇ ਤੁਸੀਂ ਅੰਮ੍ਰਿਤ ਨਹੀਂ ਛਕ ਸਕਦੇ ਅਤੇ ਨਿਤਨੇਮ ਵੀ ਨਹੀਂ ਕਰ ਸਕਦੇ, ਤਾਂ ਕੋਈ ਗੱਲ ਨਹੀਂ। ਪਰ ਤੁਹਾਡੇ ਕੰਮ ਚੰਗੇ ਹੋਣੇ ਚਾਹੀਦੇ ਹਨ।

ਇਹ ਮਹਾਂਵਾਕ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਹੋਰਾਂ ਨੇ ਉਚਾਰਿਆ ਹੋਇਆ ਹੈ, ਜਿਸ ਦੇ ਅਰਥ ਹਨ ਕਿ ਸੱਚ ਸਭ ਤੋਂ ਉੱਤਮ ਹੈ। ਪਰ ਆਚਾਰਿ ਇਸ ਤੋਂ ਵੀ ਉੱਪਰ ਹੈ। ਆਚਾਰਿ ਦੇ ਅਰਥ ਹਨ ਮਨੁੱਖੀ ਸ਼ਖ਼ਸੀਅਤ ਦੇ ਗੁਣ। ਗੁਰੂ ਜੀ ਨੇ ਮਨੁੱਖੀ ਗੁਣਾਂ ਵਿਚੋਂ ਆਚਾਰਿ ਨੂੰ ਸਭ ਤੋਂ ਉੱਤਮ ਸਮਝਿਆ ਹੈ ਕਿਉਂਕਿ ਆਚਾਰਿ ਦਾ ਸੰਬੰਧ ਸ਼ੁੱਭ ਅਮਲਾਂ ਨਾਲ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ, "ਸ਼ੁਭ ਅਮਲਾਂ 'ਤੇ ਹੋਣੇ ਨੇ ਨਿਬੇੜੇ ਤੇ ਜਾਤਿ ਕਿਸੇ ਪੁੱਛਣੀ ਨਹੀਂ"। ਜਦੋਂ ਗੁਰੂ ਜੀ ਨੂੰ ਕਾਜ਼ੀਆਂ ਨੇ ਪੁੱਛਿਆ ਸੀ ਕਿ ਹਿੰਦੂ ਵੱਡਾ ਜਾਂ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ ਕਿ ਸ਼ੁੱਭ ਅਮਲਾਂ ਬਾਝੋਂ ਦੋਨੋਂ ਰੋਇ। ਇਸ ਲਈ ਜੇ ਤੁਸੀਂ ਅੰਮ੍ਰਿਤ ਨਹੀਂ ਛਕ ਸਕਦੇ ਅਤੇ ਨਿਤਨੇਮ ਵੀ ਨਹੀਂ ਕਰ ਸਕਦੇ, ਤਾਂ ਕੋਈ ਗੱਲ ਨਹੀਂ। ਪਰ ਤੁਹਾਡੇ ਕੰਮ ਚੰਗੇ ਹੋਣੇ ਚਾਹੀਦੇ ਹਨ। ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ।" ਕਿਸੇ ਦਾ ਦਿਲ ਨਾ ਦੁਖਾਓ। ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਓ। ਜਿਵੇਂ ਗੁਰੂ ਜੀ ਫ਼ੁਰਮਾਉਂਦੇ ਹਨ, "ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।" ਕਿਸੇ ਦਾ ਬੁਰਾ ਨਾ ਕਰੋ ਅਤੇ ਜਿੰਨਾ ਹੋ ਸਕਦਾ ਹੋਵੇ ਦੂਜੇ ਦਾ ਭਲਾ ਕਰੋ; ਜਿਵੇਂ ਗੁਰੂ ਜੀ ਫ਼ੁਰਮਾਉਂਦੇ ਹਨ, "ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ"। ਐੱਸ.ਟੀ. ਕੋਲਰੇਜ ਆਖਦੇ ਹਨ ਕਿ ਉਹ ਮਨੁੱਖ ਸਭ ਤੋਂ ਵੱਡਾ ਭਗਤ ਅਤੇ ਧਰਮੀ ਹੈ, ਜਿਹੜਾ ਪ੍ਰਮਾਤਮਾ ਦੇ ਪੈਦਾ ਕੀਤੇ ਹੋਏ ਬੰਦਿਆਂ ਨੂੰ ਪਿਆਰ ਕਰਦਾ ਹੈ। ਕੁਝ ਬੰਦੇ ਦੇਖਣ ਨੂੰ ਤਾਂ ਬੰਦੇ ਲੱਗਦੇ ਹਨ ਪਰ ਵਿਚੋਂ ਪਸ਼ੂਆਂ ਨਾਲੋਂ ਵੀ ਮਾੜੇ ਹੁੰਦੇ ਹਨ। ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ ॥" ਇਕ ਵਧੀਆ ਅਧਿਆਪਕ, ਵਧੀਆ ਲੇਖਕ, ਵਧੀਆ ਡਾਕਟਰ, ਵਧੀਆ ਗੀਤਕਾਰ ਅਤੇ ਵਧੀਆ ਗਾਇਕ ਹੋਣਾ ਹੋਰ ਗੱਲ ਹੈ ਪਰ ਵਧੀਆ ਮਨੁੱਖ ਹੋਣਾ ਹੋਰ ਗੱਲ ਹੁੰਦੀ ਹੈ। ਤੁਹਾਡੀ ਕਹਿਣੀ ਤੇ ਕਰਨੀ ਇੱਕ ਹੋਣੀ ਚਾਹੀਦੀ ਹੈ। ਕਿਸੇ ਕੰਮ ਦੇ ਪਿੱਛੇ ਤੁਹਾਡੀ ਭਾਵਨਾ ਕੀ ਹੈ? ਭਾਵ ਮਨੋਰਥ, ਉਦੇਸ਼, ਲਕਸ਼ ਟੀਚਾ ਕੀ ਹੈ? ਨਿੱਜੀ ਜਾਂ ਸਮਾਜਿਕ ਭੈੜੀ ਸੰਗਤ ਤੋਂ ਬਚੋ, ਕਿਉਂਕਿ ਸੰਗਤ ਦਾ ਮਨੁੱਖ 'ਤੇ ਪ੍ਰਭਾਵ ਪੈਂਦਾ ਹੈ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਸਤਿਸੰਗਤਿ ਮਿਲੈ ਸੁ ਤਰਿਆ॥" ਭੈੜੀ ਸੰਗਤ ਨਾਲੋਂ ਇਕੱਲਾ ਚੰਗਾ। ਸਹਿਣਸ਼ੀਲਤਾ ਤੇ ਨਿਮਰਤਾ ਦੇ ਧਾਰਨੀ ਬਣੋ, ਜਿਵੇਂ ਗੁਰੂ ਜੀ ਫਰਮਾਉਂਦੇ ਹਨ, "ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ॥"

ਆਪਣੇ ਫਰਜ਼ ਤੇ ਜ਼ਿੰਮੇਵਾਰੀ ਨੂੰ ਸਮਝੋ। ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਨਹੀਂ ਹੋਣਾ ਚਾਹੀਦਾ, ਭਾਵ ਮਨੁੱਖ, ਮਨੁੱਖ ਦਾ ਬੁਰਾ ਨਾ ਕਰੇ। ਸਿੱਖ ਉਹ ਹੈ, ਜਿਹੜਾ ਸਿੱਖਣ ਲਈ ਯਤਨਸ਼ੀਲ ਹੈ। ਜਿਵੇਂ ਗੁਰੂ ਜੀ ਫਰਮਾਉਂਦੇ ਹਨ, "ਸਿੱਖੀ ਸਿਖਿਆ ਗੁਰ ਵੀਚਾਰਿ॥" ਦੂਜਿਆਂ ਨਾਲ ਅਜਿਹਾ ਵਰਤਾਓ ਕਰੋ, ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ। ਸਾਰਾ ਸੰਸਾਰ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ, ਭਾਵ ਬਦ ਤੇ ਨੇਕ। ਗੁਰਬਾਣੀ ਅਨੁਸਾਰ ਗੁਰਮੁਖਿ ਤੇ ਮਨਮੁਖਿ। ਹੋਰ ਵਿਸਥਾਰ ਵਿਚ ਇਸ ਪ੍ਰਕਾਰ ਆਪ ਆਖ ਸਕਦੇ ਹਾਂ, ਠੀਕ ਤੇ ਗ਼ਲਤ, ਚੰਗਾ ਅਤੇ ਮਾੜਾ, ਸੱਚ ਤੇ ਝੂਠ ਅਤੇ ਬਦ ਤੇ ਨੇਕ। ਸੰਸਾਰ ਵਿਚ ਹੁਣ ਤੱਕ ਜੋ ਚੰਗਾ ਹੋਇਆ ਹੈ, ਉਹ ਚੰਗੇ ਬੰਦਿਆਂ ਕਰਕੇ ਹੋਇਆ ਹੈ। ਜਿਵੇਂ ਸਚਿਆਰ, ਪਰਉਪਕਾਰੀ ਦੇ ਮਾਨਵਵਾਦੀ ਆਦਿ। ਹੁਣ ਤੱਕ ਜਿਹੜਾ ਮਾੜਾ ਹੋਇਆ ਹੈ, ਉਹ ਮਾੜੇ ਬੰਦਿਆਂ ਕਰਕੇ ਹੋਇਆ ਹੈ। ਇਸ ਲਈ ਮਨੁੱਖ ਨੂੰ ਚੰਗੇ ਮਨੁੱਖ ਬਣਨ ਦਾ ਯਤਨ ਕਰਨਾ ਚਾਹੀਦਾ ਹੈ।

# ਵੱਟਸਐਪ ਦੇ 'ਯੂਜ਼ਰਨੇਮ ਫੀਚਰ' ਸੰਬੰਧੀ ਸਰਕਾਰ ਦੀ ਚਿੰਤਾ ਜਾਇਜ਼

-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਸਰਕਾਰ ਦੇ ਯਤਨਾਂ ਸਦਕਾ ਨੰਬਰ ਨਾਲ ਫ਼ੋਨ ਕਰਨ ਵਾਲੇ ਦਾ ਨਾਂ ਵੀ ਸਕਰੀਨ 'ਤੇ ਆਉਣਾ ਲੱਗਾ, ਤਾਂ ਲੋਕਾਂ ਨੇ ਵੱਡੀ ਰਾਹਤ ਮਹਿਸੂਸ ਕੀਤੀ ਸੀ। ਪਰ ਹੁਣ ਇੱਕ ਕੰਪਨੀ ਪੁੱਠਾ ਗੇੜਾ ਦੇਣ ਵੱਲ ਵਧ ਰਹੀ ਹੈ।

ਵਿਵਾਦਿਤ 'ਯੂਜ਼ਰਨੇਮ ਫੀਚਰ' ਸੰਬੰਧੀ ਕੰਪਨੀ ਦਾ ਕਹਿਣਾ ਹੈ ਕਿ ਸਰਕਾਰ ਨਾਲ ਗੱਲਬਾਤ ਮੁਕੰਮਲ ਹੋਣ ਤੱਕ ਇਸ ਫੀਚਰ ਨੂੰ ਭਾਰਤ ਵਿਚ ਲਾਗੂ ਨਹੀਂ ਕੀਤਾ ਜਾਵੇਗਾ।

ਇਸ ਫੀਚਰ ਤਹਿਤ ਵਰਤੋਂਕਾਰਾਂ ਨੂੰ ਆਪਣਾ ਨੰਬਰ ਸਾਂਝਾ ਕੀਤੇ ਬਗੈਰ ਇਕ ਦੂਸਰੇ ਨਾਲ ਗੱਲਬਾਤ ਕਰਨ ਦੀ ਸਹੂਲਤ ਮਿਲਦੀ ਹੈ।

ਕੇਂਦਰ ਸਰਕਾਰ ਨੂੰ ਤੌਖਲਾ ਹੈ ਕਿ ਇਸ ਨਾਲ ਆਨਲਾਈਨ ਧੋਖਾਧੜੀ, ਫਿਸ਼ਿੰਗ, ਡਿਜ਼ੀਟਲ ਅਰੈੱਸਟ ਸਕੈਮ ਅਤੇ ਨਕਲੀ ਪਛਾਣ ਦੇ ਮਾਮਲਿਆਂ ਵਿਚ ਵੱਡਾ ਵਾਧਾ ਹੋਵੇਗਾ।

ਇਸ ਲਈ ਸਰਕਾਰ ਵੱਲੋਂ ਕੰਪਨੀ ਨੂੰ ਨੋਟਿਸ ਭੇਜਿਆ ਗਿਆ ਸੀ। ਨੋਟਿਸ ਮਿਲਣ ਬਾਅਦ ਕੰਪਨੀ ਦੀ ਟੀਮ ਨੇ ਸੂਚਨਾ ਤਕਨੀਕ (ਆਈ.ਟੀ.) ਮੰਤਰੀ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਉਪਰੰਤ ਕੰਪਨੀ ਨੂੰ ਜਵਾਬ ਦੇਣ ਲਈ ਤਿੰਨ ਦਿਨ ਦਾ ਹੋਰ ਸਮਾਂ ਦੇ ਦਿੱਤਾ ਗਿਆ। ਹੁਣ ਉਹ ਸਮਾਂ ਵੀ ਲੰਘ ਗਿਆ ਹੈ।

ਨੋਟਿਸ ਦੁਆਰਾ ਸਰਕਾਰ ਵੱਲੋਂ ਕੰਪਨੀ ਨੂੰ ਪੁੱਛਿਆ ਗਿਆ ਸੀ ਕਿ ਵੱਟਸਐਪ ਦੇ ਨਵੇਂ ਫੀਚਰ ਨਾਲ ਸਾਈਬਰ ਅਪਰਾਧ ਵੱਧ ਸਕਦੇ ਹਨ। ਇਸ ਲਈ ਕਿਉਂ ਨਾ ਆਈ.ਟੀ. ਐਕਟ ਤਹਿਤ ਕੰਪਨੀ 'ਤੇ ਕਾਰਵਾਈ ਕੀਤੀ ਜਾਵੇ?




ਸਰਕਾਰ ਨੇ ਇਹ ਵੀ ਕੰਪਨੀ ਦੇ ਧਿਆਨ ਵਿਚ ਲਿਆਂਦਾ ਕਿ ਵੱਟਸਐਪ, ਆਈ.ਟੀ. ਐਕਟ ਅਤੇ ਹੋਰ ਨਿਯਮਾਂ ਨਾਲ ਬੱਝਾ ਹੋਇਆ ਹੈ। ਇਸ ਲਈ ਇਹ ਮਨਮਰਜ਼ੀ ਨਹੀਂ ਕਰ ਸਕਦਾ। ਸਰਕਾਰ ਨੇ ਇਸ ਫੀਚਰ 'ਤੇ ਰੋਕ ਲਗਾਉਣ ਲਈ ਕਿਹਾ ਸੀ।

ਸਰਕਾਰ ਨੂੰ ਡਰ ਹੈ ਕਿ ਨੰਬਰ ਛੁਪਾਉਣ ਦੀ ਇਸ ਸਹੂਲਤ ਦਾ ਲਾਭ ਲੈਂਦਿਆਂ ਧੋਖੇਬਾਜ਼ ਲੋਕ.......ਕਈ ਤਰ੍ਹਾਂ ਦੀ ਧੋਖਾਧੜੀ ਕਰ ਸਕਦੇ ਹਨ।

ਕੰਪਨੀ ਨੇ ਇਹ ਫੀਚਰ 30 ਜੂਨ ਨੂੰ ਪੂਰੇ ਵਿਸ਼ਵ ਵਿਚ ਸ਼ੁਰੂ ਕੀਤਾ ਹੈ।

ਭਾਵੇਂ ਇਸਦੀ ਵਰਤੋਂ ਕਰਨ ਦੀ 'ਯੂਜ਼ਰ' ਦੀ ਆਪਣੀ ਚੋਣ ਦੱਸਿਆ ਗਿਆ ਹੈ। ਪਰ ਸਪੱਸ਼ਟ ਹੈ ਕਿ ਗਲਤ ਲੋਕ ਇਸਦਾ ਉਪਯੋਗ ਜ਼ਰੂਰ ਕਰਨਗੇ। ਪਹਿਚਾਣ ਦੀ ਚੋਰੀ ਅਤੇ ਪਹਿਚਾਣ ਲੁਕਾਉਣ ਵਾਲਿਆਂ ਲਈ ਇਹ ਇਕ ਸ਼ਾਨਦਾਰ 'ਪ੍ਰਾਈਵੇਸੀ ਟੂਲ' ਹੋਵੇਗਾ।

ਸੁਰੱਖਿਆ ਏਜੰਸੀਆਂ ਦੀ ਸੱਭ ਤੋਂ ਵੱਡੀ ਚਿੰਤਾ ਇਹ ਹੈ ਕਿ ਜੇਕਰ ਇਸ ਫੀਚਰ ਦੀ ਸਹੂਲਤ ਭਾਰਤ ਵਿਚ ਦਿੱਤੀ ਜਾਦੀ ਹੈ, ਤਾਂ ਅਪਰਾਧੀਆਂ ਨੂੰ 'ਟਰੈਕ' ਕਰਨ ਵਿਚ ਮੁਸ਼ਕਲ ਪੇਸ਼ ਆਵੇਗੀ।

ਉਧਰ ਕੰਪਨੀ (ਮੇਟਾ) ਦਾ ਕਹਿਣਾ ਹੈ ਕਿ ਉਹ ਸੁਰੱਖਿਆ ਦੇ ਸੰਬੰਧ ਵਿਚ ਪੂਰੀ ਤਰ੍ਹਾਂ ਪ੍ਰਤੀਬੱਧ ਹੈ। ਮੇਟਾ, ਮਾਰਕ ਜ਼ੁਕਰਬਰਗ ਦੁਆਰਾ ਚਲਾਈ ਜਾ ਰਹੀ ਅਮਰੀਕਾ ਦੀ ਚਰਚਿਤ ਕੰਪਨੀ ਦਾ ਨਾਂ ਹੈ, ਜਿਸਨੂੰ ਦੁਨੀਆਂ ਫੇਸਬੁਕ ਵਜੋਂ ਜਾਣਦੀ ਹੈ। ਫੇਸਬੁਕ, ਵੱਟਸਐਪ, ਇੰਸਟਾਗ੍ਰਾਮ ਅਤੇ ਮੈਸੇਂਜਰ, ਮੇਟਾ ਕੰਪਨੀ ਦੁਆਰਾ ਸੰਚਾਲਿਤ ਕੀਤੇ ਜਾ ਰਹੇ ਹਨ। ਮੇਟਾ ਦਾ ਸ਼ਬਦੀ-ਅਰਥ 'ਉੱਚ-ਪੱਧਰ 'ਤੇ' ਜਾਂ 'ਬ੍ਰਹਿਮੰਡ ਤੋਂ ਪਰੇ' ਹੈ।

ਮੇਟਾ ਦੀ ਸ਼ੁਰੂਆਤ ਵੇਲੇ ਇਸਦਾ ਮੁੱਖ ਮਨੋਰਥ ਇੰਟਰਨੈੱਟ 'ਤੇ ਇਕ ਅਜਿਹੇ ਸੰਸਾਰ ਦਾ ਨਿਰਮਾਣ ਕਰਨਾ ਮਿਥਿਆ ਗਿਆ ਸੀ, ਜਿਹੜਾ ਅਸਲ ਨਾ ਹੋਵੇ, ਪਰ ਅਸਲ ਵਰਗਾ ਹੋਵੇ। ਇਸਨੂੰ 'ਮੇਟਾਵਰਸ' ਕਿਹਾ ਜਾਂਦਾ ਹੈ। ਕੰਪਨੀ ਅਜਿਹਾ ਲੋਕਾਂ ਦੀ ਪਹਿਚਾਣ ਲੁਕਾ ਕੇ ਕਰਨਾ ਚਾਹੁੰਦੀ ਹੈ। 'ਯੂਜ਼ਰਨੇਮ ਫੀਚਰ' ਇਸੇ ਦਿਸ਼ਾ ਵੱਲ ਇਕ ਕਦਮ ਹੈ। ਕੰਪਨੀ ਏ.ਆਈ. ਅਤੇ ਮੇਟਾਵਰਸ ਤਕਨੀਕਾਂ ਦੇ ਖੇਤਰ ਵਿਚ ਵਿਕਾਸ ਲਈ ਲਗਾਤਾਰ ਯਤਨਸ਼ੀਲ ਹੈ।


ਮੇਟਾ ਦੇ ਸੋਸ਼ਲ ਮੰਚਾਂ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਅਰਬਾਂ ਵਿਚ ਹੈ। ਉਨ੍ਹਾਂ ਦੇ ਡੇਟਾ ਦੇ ਆਧਾਰ 'ਤੇ ਕਾਰੋਬਾਰੀ ਜਗਤ ਇਸ਼ਤਿਹਾਰ ਤਿਆਰ ਕਰਦਾ ਹੈ। ਬਦਲੇ ਵਿਚ ਵਰਤੋਂਕਾਰਾਂ ਨੂੰ ਆਪਸ ਵਿਚ ਜੁੜਨ, ਤਸਵੀਰਾਂ-ਵੀਡੀਓ ਸ਼ੇਅਰ ਕਰਨ, ਸੰਦੇਸ਼-ਸੁਨੇਹੇ ਭੇਜਣ ਦਾ ਲਾਲਚ ਦਿੱਤਾ ਗਿਆ ਹੈ। ਸਪੱਸ਼ਟ ਹੈ ਲੋਕਾਂ ਦਾ ਡੇਟਾ ਸੁਰੱਖਿਅਤ ਨਹੀਂ ਹੈ।

'ਯੂਜ਼ਰਨੇਮ ਫੀਚਰ' ਵਿਵਾਦ ਸੰਬੰਧੀ ਸਰਕਾਰ ਅਤੇ ਵੱਟਸਐਪ ਆਹਮੋ-ਸਾਹਮਣੇ ਹਨ। ਸਰਕਾਰ ਦੀ ਚਿੰਤਾ ਜਾਇਜ਼ ਹੈ ਅਤੇ ਉਹ ਸਹੀ ਦਿਸ਼ਾ ਵਿਚ ਅੱਗੇ ਵਧ ਰਹੀ ਹੈ।

ਸਾਲ 2026 ਦੌਰਾਨ ਸਾਈਬਰ ਅਪਰਾਧ ਇਕ ਗੰਭੀਰ ਸਮੱਸਿਆ ਬਣ ਗਿਆ ਹੈ। ਇਸ ਨਾਲ ਦੁਨੀਆਂ ਵਿਚ 880 ਲੱਖ ਕਰੋੜ ਦੇ ਆਰਥਿਕ ਨੁਕਸਾਨ ਦਾ ਅਨੁਮਾਨ ਹੈ। ਆਕਸਫੋਰਡ ਯੂਨੀਵਰਸਿਟੀ ਵੱਲੋਂ ਜਾਰੀ ਸਾਈਬਰ ਅਪਰਾਧ ਅੰਕੜਿਆਂ ਦਾ ਅਨੁਸਾਰ ਰੂਸ, ਯੂਕਰੇਨ, ਚੀਨ, ਅਮਰੀਕਾ, ਨਾਈਜੀਰੀਆ, ਇਜ਼ਰਾਈਲ, ਭਾਰਤ ਜਿਹੇ ਮੁਲਕਾਂ ਦੀ ਸਥਿਤੀ ਵਧੇਰੇ ਖਰਾਬ ਹੈ।

# ਗਿਣਤੀ, ਜ਼ਮੀਨ ਅਤੇ ਲੀਡਰਸ਼ਿਪ: ਪੰਜਾਬ ਵਿਚ ਜੱਟ ਸਿੱਖਾਂ ਦਾ ਪ੍ਰਭਾਵ

ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA



ਪੰਜਾਬ ਦੀ ਰਾਜਨੀਤੀ, ਸਮਾਜ ਅਤੇ ਖੇਤੀਬਾੜੀ ਦੇ ਇਤਿਹਾਸ ਨੂੰ ਸਮਝਣ ਲਈ ਜੱਟ ਸਿੱਖ ਭਾਈਚਾਰੇ ਦੀ ਭੂਮਿਕਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਆਜ਼ਾਦੀ ਤੋਂ ਬਾਅਦ ਅਤੇ ਖ਼ਾਸ ਕਰਕੇ 1966 ਵਿਚ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਸੂਬੇ ਦੀ ਰਾਜਨੀਤੀ ਵਿਚ ਜੱਟ ਸਿੱਖਾਂ ਦਾ ਪ੍ਰਭਾਵ ਲਗਾਤਾਰ ਦਿਖਾਈ ਦਿੰਦਾ ਰਿਹਾ ਹੈ। ਪੰਜਾਬ ਦੇ ਬਹੁਤੇ ਮੁੱਖ ਮੰਤਰੀ ਇਸ ਭਾਈਚਾਰੇ ਨਾਲ ਸਬੰਧਿਤ ਰਹੇ ਹਨ ਅਤੇ ਰਾਜ ਦੀਆਂ ਮੁੱਖ ਰਾਜਨੀਤਿਕ ਪਾਰਟੀਆਂ ਵਿਚ ਵੀ ਜੱਟ ਸਿੱਖ ਨੇਤਾਵਾਂ ਦੀ ਮਜ਼ਬੂਤ ਮੌਜੂਦਗੀ ਰਹੀ ਹੈ।

ਸਵਾਲ ਇਹ ਹੈ ਕਿ ਪੰਜਾਬ ਦੀ ਰਾਜਨੀਤੀ ਵਿਚ ਜੱਟ ਸਿੱਖਾਂ ਦਾ ਪ੍ਰਭਾਵ ਇੰਨਾ ਮਜ਼ਬੂਤ ਕਿਉਂ ਹੈ? ਕੀ ਇਸਦਾ ਕਾਰਨ ਸਿਰਫ਼ ਉਨ੍ਹਾਂ ਦੀ ਗਿਣਤੀ ਹੈ ਜਾਂ ਇਸ ਦੇ ਪਿੱਛੇ ਇਤਿਹਾਸਕ, ਆਰਥਿਕ ਅਤੇ ਸਮਾਜਿਕ ਕਾਰਕ ਵੀ ਕੰਮ ਕਰਦੇ ਹਨ? ਅਸਲ ਵਿਚ ਜੱਟ ਸਿੱਖਾਂ ਦਾ ਪ੍ਰਭਾਵ ਗਿਣਤੀ, ਜ਼ਮੀਨ, ਖੇਤੀਬਾੜੀ, ਸਮਾਜਿਕ ਸੰਗਠਨ ਅਤੇ ਲੀਡਰਸ਼ਿਪ ਦੇ ਮਿਲੇ-ਜੁਲੇ ਪ੍ਰਭਾਵ ਦਾ ਨਤੀਜਾ ਹੈ।




## ਗਿਣਤੀ ਦਾ ਮਹੱਤਵ

ਲੋਕਤੰਤਰ ਵਿਚ ਗਿਣਤੀ ਦੀ ਆਪਣੀ ਮਹੱਤਤਾ ਹੁੰਦੀ ਹੈ। ਪੰਜਾਬ ਵਿਚ ਜੱਟ ਸਿੱਖ ਇੱਕ ਪ੍ਰਭਾਵਸ਼ਾਲੀ ਸਮਾਜਿਕ ਸਮੂਹ ਮੰਨੇ ਜਾਂਦੇ ਹਨ। ਭਾਵੇਂ ਉਨ੍ਹਾਂ ਦੀ ਆਬਾਦੀ ਬਾਰੇ ਵੱਖ-ਵੱਖ ਅੰਕੜੇ ਦਿੱਤੇ ਜਾਂਦੇ ਹਨ, ਪਰ ਇਹ ਸਵੀਕਾਰਿਆ ਜਾਂਦਾ ਹੈ ਕਿ ਉਹ ਸੂਬੇ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਸੰਗਠਿਤ ਭਾਈਚਾਰਿਆਂ ਵਿਚੋਂ ਇੱਕ ਹਨ। ਰਾਜਨੀਤਿਕ ਤੌਰ 'ਤੇ ਉਨ੍ਹਾਂ ਦੀ ਇੱਕਜੁੱਟਤਾ ਅਤੇ ਪਿੰਡਾਂ ਵਿਚ ਮਜ਼ਬੂਤ ਪਕੜ ਨੇ ਉਨ੍ਹਾਂ ਨੂੰ ਚੋਣ ਰਾਜਨੀਤੀ ਵਿਚ ਵਿਸ਼ੇਸ਼ ਸਥਾਨ ਦਿੱਤਾ ਹੈ। ਦੂਜੇ ਪਾਸੇ ਕਈ ਹੋਰ ਵੱਡੇ ਸਮਾਜਿਕ ਵਰਗ ਗਿਣਤੀ ਵਿਚ ਮਜ਼ਬੂਤ ਹੋਣ ਦੇ ਬਾਵਜੂਦ ਵੱਖ-ਵੱਖ ਉਪ-ਵਰਗਾਂ ਅਤੇ ਰਾਜਨੀਤਿਕ ਧਾਰਾਵਾਂ ਵਿਚ ਵੰਡੇ ਹੋਏ ਹਨ, ਜਿਸ ਕਾਰਨ ਉਨ੍ਹਾਂ ਦਾ ਪ੍ਰਭਾਵ ਉਨ੍ਹਾਂ ਦੀ ਗਿਣਤੀ ਦੇ ਅਨੁਪਾਤ ਵਿਚ ਨਹੀਂ ਦਿਖਾਈ ਦਿੰਦਾ।

## ਜ਼ਮੀਨ ਅਤੇ ਆਰਥਿਕ ਤਾਕਤ

ਪੰਜਾਬ ਦੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਖੇਤੀਬਾੜੀ ਰਹੀ ਹੈ। ਜੱਟ ਸਿੱਖ ਭਾਈਚਾਰੇ ਦਾ ਖੇਤੀ ਨਾਲ ਡੂੰਘਾ ਰਿਸ਼ਤਾ ਰਿਹਾ ਹੈ ਅਤੇ ਕਈ ਖੇਤਰਾਂ ਵਿਚ ਉਨ੍ਹਾਂ ਕੋਲ ਵੱਡੇ ਪੱਧਰ 'ਤੇ ਖੇਤੀਯੋਗ ਜ਼ਮੀਨ ਰਹੀ ਹੈ।

ਪਿੰਡਾਂ ਦੇ ਸਮਾਜ ਵਿਚ ਜ਼ਮੀਨ ਸਿਰਫ਼ ਆਮਦਨ ਦਾ ਸਾਧਨ ਨਹੀਂ ਹੁੰਦੀ, ਸਗੋਂ ਸਮਾਜਿਕ ਮਾਣ-ਸਨਮਾਨ ਅਤੇ ਪ੍ਰਭਾਵ ਦਾ ਵੀ ਪ੍ਰਤੀਕ ਹੁੰਦੀ ਹੈ। ਜਿਨ੍ਹਾਂ ਕੋਲ ਵੱਧ ਜ਼ਮੀਨ ਅਤੇ ਆਰਥਿਕ ਸਰੋਤ ਹੁੰਦੇ ਹਨ, ਉਨ੍ਹਾਂ ਦੀ ਸਥਾਨਕ ਫ਼ੈਸਲਿਆਂ ਅਤੇ ਸਮਾਜਿਕ ਢਾਂਚੇ ਵਿਚ ਵੀ ਵੱਧ ਭੂਮਿਕਾ ਹੁੰਦੀ ਹੈ।

ਹਰਿਤ ਕ੍ਰਾਂਤੀ ਤੋਂ ਬਾਅਦ ਪੰਜਾਬ ਦੀ ਖੇਤੀ ਨੇ ਬੇਮਿਸਾਲ ਤਰੱਕੀ ਕੀਤੀ। ਇਸ ਦਾ ਸਭ ਤੋਂ ਵੱਧ ਲਾਭ ਉਨ੍ਹਾਂ ਕਿਸਾਨਾਂ ਨੂੰ ਮਿਲਿਆ, ਜਿਨ੍ਹਾਂ ਕੋਲ ਵੱਡੀਆਂ ਜ਼ਮੀਨਾਂ ਅਤੇ ਨਿਵੇਸ਼ ਦੀ ਸਮਰੱਥਾ ਸੀ। ਇਸ ਨਾਲ ਜੱਟ ਸਿੱਖਾਂ ਦੀ ਆਰਥਿਕ ਸਥਿਤੀ ਹੋਰ ਮਜ਼ਬੂਤ ਹੋਈ ਅਤੇ ਉਸਦਾ ਅਸਰ ਰਾਜਨੀਤਿਕ ਖੇਤਰ ਵਿਚ ਵੀ ਦਿਖਾਈ ਦਿੱਤਾ।

## ਖੇਤੀਬਾੜੀ ਅਤੇ ਕਿਸਾਨ ਲੀਡਰਸ਼ਿਪ

ਪੰਜਾਬ ਦੀ ਰਾਜਨੀਤੀ ਵਿਚ ਖੇਤੀਬਾੜੀ ਹਮੇਸ਼ਾ ਕੇਂਦਰੀ ਮੁੱਦਾ ਰਹੀ ਹੈ। ਪਾਣੀ, ਫ਼ਸਲਾਂ ਦੇ ਭਾਅ, ਘੱਟੋ-ਘੱਟ ਸਮਰਥਨ ਮੁੱਲ, ਕਰਜ਼ੇ ਅਤੇ ਕਿਸਾਨੀ ਨੀਤੀਆਂ ਹਮੇਸ਼ਾ ਚੋਣੀ ਚਰਚਾ ਦੇ ਕੇਂਦਰ ਵਿਚ ਰਹੀਆਂ ਹਨ।

ਕਿਉਂਕਿ ਜੱਟ ਸਿੱਖ ਭਾਈਚਾਰਾ ਖੇਤੀਬਾੜੀ ਨਾਲ ਜੁੜਿਆ ਹੋਇਆ ਹੈ, ਇਸ ਲਈ ਕਿਸਾਨ ਜਥੇਬੰਦੀਆਂ, ਸਹਿਕਾਰੀ ਸੰਸਥਾਵਾਂ ਅਤੇ ਪਿੰਡ ਪੱਧਰ ਦੀਆਂ ਸੰਸਥਾਵਾਂ ਵਿਚ ਉਨ੍ਹਾਂ ਦੀ ਭੂਮਿਕਾ ਮਹੱਤਵਪੂਰਨ ਰਹੀ ਹੈ। ਕਿਸਾਨ ਅੰਦੋਲਨਾਂ ਵਿਚ ਵੀ ਜੱਟ ਸਿੱਖ ਨੇਤਾਵਾਂ ਦੀ ਭੂਮਿਕਾ ਨੇ ਉਨ੍ਹਾਂ ਦੀ ਸਮਾਜਿਕ ਅਤੇ ਰਾਜਨੀਤਿਕ ਪਛਾਣ ਨੂੰ ਮਜ਼ਬੂਤ ਕੀਤਾ ਹੈ।

## ਇਤਿਹਾਸਕ ਪਿਛੋਕੜ

ਜੱਟ ਸਿੱਖਾਂ ਦਾ ਪ੍ਰਭਾਵ ਸਿਰਫ਼ ਮੌਜੂਦਾ ਸਮੇਂ ਦੀ ਉਪਜ ਨਹੀਂ ਹੈ। ਇਸ ਦੀਆਂ ਜੜ੍ਹਾਂ ਇਤਿਹਾਸ ਵਿਚ ਡੂੰਘੀਆਂ ਹਨ।

ਬ੍ਰਿਟਿਸ਼ ਸ਼ਾਸਨ ਦੌਰਾਨ ਨਹਿਰੀ ਕਾਲੋਨੀਆਂ ਦੇ ਵਿਕਾਸ, ਫ਼ੌਜੀ ਭਰਤੀ ਅਤੇ ਖੇਤੀਬਾੜੀ ਦੇ ਫੈਲਾਅ ਨੇ ਜੱਟ ਸਿੱਖਾਂ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਮਜ਼ਬੂਤ ਕੀਤਾ। ਆਜ਼ਾਦੀ ਤੋਂ ਬਾਅਦ ਜਦੋਂ ਪੰਜਾਬ ਦੀ ਰਾਜਨੀਤੀ ਭਾਸ਼ਾ, ਖੇਤੀ ਅਤੇ ਖੇਤਰੀ ਪਛਾਣ ਦੇ ਮੁੱਦਿਆਂ 'ਤੇ ਕੇਂਦਰਿਤ ਹੋਈ, ਤਾਂ ਜੱਟ ਸਿੱਖ ਨੇਤ੍ਰਿਤਵ ਕੁਦਰਤੀ ਤੌਰ 'ਤੇ ਰਾਜਨੀਤਿਕ ਕੇਂਦਰ ਵਿਚ ਆ ਗਿਆ।

## ਸਾਰੀਆਂ ਪਾਰਟੀਆਂ ਵਿਚ ਪ੍ਰਭਾਵ

ਜੱਟ ਸਿੱਖਾਂ ਦਾ ਪ੍ਰਭਾਵ ਕਿਸੇ ਇੱਕ ਰਾਜਨੀਤਿਕ ਪਾਰਟੀ ਤੱਕ ਸੀਮਤ ਨਹੀਂ ਰਿਹਾ। ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਹਾਲੀਆ ਸਾਲਾਂ ਵਿਚ ਆਮ ਆਦਮੀ ਪਾਰਟੀ ਵਿਚ ਵੀ ਇਸ ਭਾਈਚਾਰੇ ਦੇ ਨੇਤਾਵਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਇਸ ਕਰਕੇ ਸੱਤਾ ਬਦਲਣ ਦੇ ਬਾਵਜੂਦ ਜੱਟ ਸਿੱਖਾਂ ਦੀ ਰਾਜਨੀਤਿਕ ਮੌਜੂਦਗੀ ਬਣੀ ਰਹੀ। ਉਨ੍ਹਾਂ ਦਾ ਪ੍ਰਭਾਵ ਕਿਸੇ ਇੱਕ ਪਾਰਟੀ ਦੀ ਸਫਲਤਾ ਜਾਂ ਅਸਫਲਤਾ 'ਤੇ ਨਿਰਭਰ ਨਹੀਂ ਰਿਹਾ।

## ਕੀ ਸਿਰਫ਼ ਗਿਣਤੀ ਹੀ ਕਾਰਨ ਹੈ?

ਜੇਕਰ ਸਿਰਫ਼ ਗਿਣਤੀ ਹੀ ਰਾਜਨੀਤਿਕ ਪ੍ਰਭਾਵ ਦਾ ਆਧਾਰ ਹੁੰਦੀ, ਤਾਂ ਪੰਜਾਬ ਦੇ ਹੋਰ ਵੱਡੇ ਸਮਾਜਿਕ ਵਰਗ ਵੀ ਉਸੇ ਪੱਧਰ ਦਾ ਪ੍ਰਭਾਵ ਰੱਖਦੇ। ਹਕੀਕਤ ਇਹ ਹੈ ਕਿ ਰਾਜਨੀਤਿਕ ਸਫਲਤਾ ਲਈ ਗਿਣਤੀ ਦੇ ਨਾਲ-ਨਾਲ ਸੰਗਠਨ, ਆਰਥਿਕ ਤਾਕਤ, ਲੀਡਰਸ਼ਿਪ ਅਤੇ ਸਮਾਜਿਕ ਨੈੱਟਵਰਕ ਵੀ ਲੋੜੀਂਦੇ ਹੁੰਦੇ ਹਨ।

ਜੱਟ ਸਿੱਖ ਭਾਈਚਾਰੇ ਨੇ ਇਨ੍ਹਾਂ ਸਾਰੇ ਤੱਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਜੋੜਿਆ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਦਾ ਪ੍ਰਭਾਵ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਨਾਲੋਂ ਵੱਧ ਦਿਖਾਈ ਦਿੰਦਾ ਹੈ।

## ਬਦਲਦਾ ਹੋਇਆ ਪੰਜਾਬ

ਹਾਲਾਂਕਿ ਜੱਟ ਸਿੱਖਾਂ ਦਾ ਪ੍ਰਭਾਵ ਅੱਜ ਵੀ ਕਾਇਮ ਹੈ, ਪਰ ਪੰਜਾਬ ਦਾ ਸਮਾਜਿਕ ਅਤੇ ਰਾਜਨੀਤਿਕ ਦ੍ਰਿਸ਼ ਵੀ ਬਦਲ ਰਿਹਾ ਹੈ। ਸ਼ਹਿਰੀਕਰਨ, ਵਿਦੇਸ਼ੀ ਪ੍ਰਵਾਸ, ਸਿੱਖਿਆ ਦਾ ਫੈਲਾਅ ਅਤੇ ਨਵੇਂ ਆਰਥਿਕ ਮੁੱਦੇ ਰਾਜਨੀਤੀ ਦੀ ਦਿਸ਼ਾ ਬਦਲ ਰਹੇ ਹਨ। ਰੁਜ਼ਗਾਰ, ਸਿੱਖਿਆ, ਸਿਹਤ, ਉਦਯੋਗ ਅਤੇ ਚੰਗੇ ਸ਼ਾਸਨ ਵਰਗੇ ਮੁੱਦੇ ਹੁਣ ਵੱਧ ਮਹੱਤਵਪੂਰਨ ਹੋ ਰਹੇ ਹਨ। ਇਸ ਦੇ ਨਾਲ ਹੀ ਵੱਖ-ਵੱਖ ਸਮਾਜਿਕ ਵਰਗਾਂ ਵੱਲੋਂ ਵਧੇਰੇ ਰਾਜਨੀਤਿਕ ਨੁਮਾਇੰਦਗੀ ਦੀ ਮੰਗ ਵੀ ਉੱਭਰ ਰਹੀ ਹੈ।

ਪੰਜਾਬ ਵਿਚ ਜੱਟ ਸਿੱਖਾਂ ਦਾ ਪ੍ਰਭਾਵ ਸਿਰਫ਼ ਗਿਣਤੀ ਦਾ ਨਤੀਜਾ ਨਹੀਂ ਹੈ। ਇਹ ਗਿਣਤੀ, ਜ਼ਮੀਨ, ਆਰਥਿਕ ਤਾਕਤ, ਖੇਤੀਬਾੜੀ ਦੀ ਅਗਵਾਈ, ਸਮਾਜਿਕ ਸੰਗਠਨ ਅਤੇ ਇਤਿਹਾਸਕ ਵਿਕਾਸ ਦੇ ਮਿਲੇ-ਜੁਲੇ ਪ੍ਰਭਾਵ ਦਾ ਨਤੀਜਾ ਹੈ। ਗਿਣਤੀ ਨੇ ਉਨ੍ਹਾਂ ਨੂੰ ਆਧਾਰ ਦਿੱਤਾ, ਜ਼ਮੀਨ ਨੇ ਆਰਥਿਕ ਤਾਕਤ ਦਿੱਤੀ ਅਤੇ ਲੀਡਰਸ਼ਿਪ ਨੇ ਉਨ੍ਹਾਂ ਨੂੰ ਰਾਜਨੀਤਿਕ ਪ੍ਰਭਾਵ ਪ੍ਰਦਾਨ ਕੀਤਾ। ਇਸ ਲਈ ਜੱਟ ਸਿੱਖ ਭਾਈਚਾਰਾ ਪੰਜਾਬ ਦੀ ਰਾਜਨੀਤੀ ਅਤੇ ਸਮਾਜ ਦਾ ਇੱਕ ਕੇਂਦਰੀ ਹਿੱਸਾ ਬਣਿਆ ਹੋਇਆ ਹੈ। ਭਵਿੱਖ ਵਿਚ ਭਾਵੇਂ ਰਾਜਨੀਤਿਕ ਸਮੀਕਰਨ ਬਦਲਣ, ਪਰ ਪੰਜਾਬ ਦੇ ਇਤਿਹਾਸ, ਖੇਤੀਬਾੜੀ ਅਤੇ ਲੋਕਤੰਤਰਕ ਵਿਕਾਸ ਨੂੰ ਸਮਝਣ ਲਈ ਜੱਟ ਸਿੱਖਾਂ ਦੀ ਭੂਮਿਕਾ ਦਾ ਅਧਿਐਨ ਹਮੇਸ਼ਾ ਮਹੱਤਵਪੂਰਨ ਰਹੇਗਾ।

ਸਫਾ 1 ਦਾ ਬਾਕੀ

## ਪੰਜਾਬ ਕਾਂਗਰਸ 'ਚ ਸਿਆਸੀ ਘਮਾਸਾਨ ਹੋਰ ਤੇਜ਼...

ਉਨ੍ਹਾਂ ਦਾ ਮੰਨਣਾ ਹੈ ਕਿ ਚੋਣਾਂ ਤੋਂ ਪਹਿਲਾਂ ਕਿਸੇ ਵੱਡੇ ਸੰਗਠਨਾਤਮਕ ਬਦਲਾਅ ਦੀ ਬਜਾਏ ਪਾਰਟੀ ਨੂੰ ਇੱਕਜੁੱਟ ਰੱਖਣਾ ਜ਼ਿਆਦਾ ਜ਼ਰੂਰੀ ਹੈ। ਹਾਈਕਮਾਂਡ ਦੀ ਕੋਸ਼ਿਸ਼ ਹੈ ਕਿ ਸਾਰੇ ਸੀਨੀਅਰ ਆਗੂਆਂ ਨੂੰ ਨਾਲ ਲੈ ਕੇ ਚੱਲਿਆ ਜਾਵੇ ਅਤੇ ਕਿਸੇ ਵੀ ਤਰ੍ਹਾਂ ਦੀ ਅੰਦਰੂਨੀ ਖਿੱਚੋਤਾਣ ਨੂੰ ਜਲਦੀ ਖਤਮ ਕੀਤਾ ਜਾਵੇ।

ਮੀਟਿੰਗਾਂ ਦੌਰਾਨ ਸੰਗਠਨ ਨੂੰ ਬੂਥ ਪੱਧਰ ਤੱਕ ਮਜ਼ਬੂਤ ਕਰਨ, ਵਰਕਰਾਂ ਨੂੰ ਸਰਗਰਮ ਕਰਨ, ਨੌਜਵਾਨਾਂ ਅਤੇ ਮਹਿਲਾਵਾਂ ਦੀ ਭਾਗੀਦਾਰੀ ਵਧਾਉਣ, ਜ਼ਿਲ੍ਹਾ ਅਤੇ ਬਲਾਕ ਇਕਾਈਆਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਅਤੇ ਜਨ ਸੰਪਰਕ ਮੁਹਿੰਮਾਂ ਨੂੰ ਤੇਜ਼ ਕਰਨ ਵਰਗੇ ਮੁੱਦਿਆਂ 'ਤੇ ਵੀ ਵਿਸਥਾਰ ਨਾਲ ਚਰਚਾ ਹੋਈ ਹੈ। ਪਾਰਟੀ ਦਾ ਮੰਨਣਾ ਹੈ ਕਿ ਮਜ਼ਬੂਤ ਸੰਗਠਨ ਤੋਂ ਬਿਨਾਂ 2027 ਦੀਆਂ ਚੋਣਾਂ ਵਿਚ ਸੱਤਾ ਵਿਚ ਵਾਪਸੀ ਸੰਭਵ ਨਹੀਂ ਹੋਵੇਗੀ।

ਇਸ ਦੇ ਨਾਲ ਹੀ ਪਾਰਟੀ ਅੰਦਰ ਇਹ ਵੀ ਚਰਚਾ ਚੱਲ ਰਹੀ ਹੈ ਕਿ ਆਉਣ ਵਾਲੇ ਸਮੇਂ ਵਿਚ ਸੂਬਾ ਸੰਗਠਨ ਵਿਚ ਕੁਝ ਤਬਦੀਲੀਆਂ ਕੀਤੀਆਂ ਜਾ ਸਕਦੀਆਂ ਹਨ। ਹਾਲਾਂਕਿ ਕਾਂਗਰਸ ਹਾਈਕਮਾਂਡ ਜਾਂ ਪਾਰਟੀ ਵੱਲੋਂ ਇਸ ਸਬੰਧੀ ਅਜੇ ਤੱਕ ਕੋਈ ਅਧਿਕਾਰਕ ਐਲਾਨ ਨਹੀਂ ਕੀਤਾ ਗਿਆ। ਸੂਤਰਾਂ ਦਾ ਕਹਿਣਾ ਹੈ ਕਿ ਹਾਈਕਮਾਂਡ ਪਹਿਲਾਂ ਸਾਰੇ ਆਗੂਆਂ ਨਾਲ ਵਿਚਾਰ-ਵਟਾਂਦਰਾ ਕਰਕੇ ਸਹਿਮਤੀ ਬਣਾਉਣਾ ਚਾਹੁੰਦੀ ਹੈ।

ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਹੁਣ ਕਾਂਗਰਸ ਦਾ ਪੂਰਾ ਧਿਆਨ ਪੰਜਾਬ 'ਤੇ ਕੇਂਦਰਿਤ ਹੋ ਗਿਆ ਹੈ। ਪਾਰਟੀ ਇਹ ਨਹੀਂ ਚਾਹੁੰਦੀ ਕਿ ਅੰਦਰੂਨੀ ਵਿਵਾਦਾਂ ਕਾਰਨ ਉਸ ਦੀ ਚੋਣੀ ਤਿਆਰੀ ਪ੍ਰਭਾਵਿਤ ਹੋਵੇ। ਇਸ ਲਈ ਦਿੱਲੀ ਵਿੱਚ ਹੋ ਰਹੀਆਂ ਮੀਟਿੰਗਾਂ ਨੂੰ ਸਿਰਫ਼ ਸੰਗਠਨਾਤਮਕ ਕਵਾਇਦ ਨਹੀਂ, ਸਗੋਂ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਬੁਨਿਆਦ ਮੰਨਿਆ ਜਾ ਰਿਹਾ ਹੈ। ਆਉਣ ਵਾਲੇ ਦਿਨਾਂ ਵਿੱਚ ਦਿੱਲੀ ਦਰਬਾਰ ਤੋਂ ਨਿਕਲਣ ਵਾਲੇ ਫੈਸਲੇ ਪੰਜਾਬ ਕਾਂਗਰਸ ਦੀ ਭਵਿੱਖੀ ਰਣਨੀਤੀ, ਸੰਗਠਨਾਤਮਕ ਢਾਂਚੇ ਅਤੇ ਚੋਣੀ ਮੁਹਿੰਮ ਦੀ ਦਿਸ਼ਾ ਤੈਅ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਇਸ ਵੇਲੇ ਪੂਰੀ ਸਿਆਸੀ ਨਜ਼ਰ ਕਾਂਗਰਸ ਹਾਈਕਮਾਂਡ ਦੇ ਅਗਲੇ ਕਦਮ 'ਤੇ ਟਿਕੀ ਹੋਈ ਹੈ।

ਸਫਾ 1 ਦਾ ਬਾਕੀ

## ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਤੁਰੰਤ ਖੋਲ੍ਹਣ...

ਪੱਤਰ ਵਿਚ ਇਹ ਵੀ ਯਾਦ ਕਰਵਾਇਆ ਗਿਆ ਕਿ ਲਾਂਘੇ ਨੂੰ ਮੁੜ ਖੋਲ੍ਹਣ ਦੀ ਮੰਗ ਕੋਈ ਨਵੀਂ ਨਹੀਂ ਹੈ। ਸ਼੍ਰੋਮਣੀ ਕਮੇਟੀ ਨੇ ਕਈ ਵਾਰ ਮਤੇ ਕਰਕੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਸਰਕਾਰ ਤੱਕ ਪਹੁੰਚਾਈਆਂ ਹਨ। ਇਸ ਸਬੰਧੀ ਪੰਜਾਬ ਦੇ ਰਾਜਪਾਲ ਅਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਵੀ ਯਾਦ ਪੱਤਰ ਭੇਜ ਕੇ ਇਸ ਮਾਮਲੇ ਵਿਚ ਜਲਦ ਕਾਰਵਾਈ ਦੀ ਮੰਗ ਕੀਤੀ ਗਈ ਸੀ।

ਪ੍ਰਧਾਨ ਮੰਤਰੀ ਨੂੰ ਭੇਜੇ ਪੱਤਰ ਵਿਚ ਕਿਹਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦਾ ਮੁੜ ਖੁੱਲ੍ਹਣਾ ਕੇਵਲ ਧਾਰਮਿਕ ਯਾਤਰਾ ਦੀ ਸਹੂਲਤ ਨਹੀਂ, ਸਗੋਂ ਲੱਖਾਂ ਸ਼ਰਧਾਲੂਆਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਨਮਾਨ ਹੈ। ਉਨ੍ਹਾਂ ਪੱਤਰ ਰਾਹੀਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਸ ਪਾਵਨ ਅਸਥਾਨ ਦੀ ਵਿਸ਼ੇਸ਼ ਧਾਰਮਿਕ ਮਹੱਤਤਾ ਅਤੇ ਦੁਨੀਆਂ ਭਰ ਦੇ ਕਰੋੜਾਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਇਸ ਮਾਮਲੇ ਨੂੰ ਪਹਿਲ ਦੇ ਆਧਾਰ 'ਤੇ ਵਿਚਾਰਿਆ ਜਾਵੇ ਅਤੇ ਸਬੰਧਤ ਮੰਤਰਾਲਿਆਂ ਨੂੰ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਤੁਰੰਤ ਮੁੜ ਖੋਲ੍ਹਣ ਲਈ ਲੋੜੀਂਦੇ ਕੂਟਨੀਤਕ ਅਤੇ ਪ੍ਰਸ਼ਾਸਕੀ ਕਦਮ ਚੁੱਕਣ ਦੇ ਨਿਰਦੇਸ਼ ਜਾਰੀ ਕੀਤੇ ਜਾਣ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਸ਼ਵਾਸ ਪ੍ਰਗਟਾਇਆ ਕਿ ਸਿੱਖ ਭਾਈਚਾਰੇ ਦੀ ਇਸ ਭਾਵਨਾਤਮਕ ਅਪੀਲ 'ਤੇ ਕੇਂਦਰ ਸਰਕਾਰ ਹਮਦਰਦੀ ਅਤੇ ਸੰਵੇਦਨਸ਼ੀਲਤਾ ਨਾਲ ਵਿਚਾਰ ਕਰੇਗੀ, ਤਾਂ ਜੋ ਦੁਨੀਆਂ ਭਰ ਦੇ ਸ਼ਰਧਾਲੂ ਇਕ ਵਾਰ ਫਿਰ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਨਤਮਸਤਕ ਹੋ ਸਕਣ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

ਸਫਾ 1 ਦਾ ਬਾਕੀ

## 2027 ਦੀਆਂ ਚੋਣਾਂ ਲਈ ਸਿਆਸੀ ਪਾਰਟੀਆਂ...

ਅਕਾਲੀ ਦਲ ਪੰਥਕ ਅਤੇ ਕਿਸਾਨੀ ਮੁੱਦਿਆਂ ਨੂੰ ਕੇਂਦਰ ਵਿਚ ਰੱਖ ਕੇ ਆਪਣਾ ਜਨ ਅਧਾਰ ਮੁੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਮਹੀਨਿਆਂ ਵਿਚ ਪੰਜਾਬ ਦੀ ਸਿਆਸਤ ਹੋਰ ਗਰਮ ਹੋਵੇਗੀ। ਪਾਰਟੀਆਂ ਵੱਲੋਂ ਉਮੀਦਵਾਰਾਂ ਦੀ ਤਿਆਰੀ, ਲੋਕ ਸੰਪਰਕ ਮੁਹਿੰਮਾਂ, ਰੈਲੀਆਂ ਅਤੇ ਨਵੇਂ ਸਿਆਸੀ ਗੱਠਜੋੜਾਂ ਦੀਆਂ ਸੰਭਾਵਨਾਵਾਂ ਵੀ ਵਧਣਗੀਆਂ। ਇਸ ਕਰਕੇ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਬੁਨਿਆਦ ਹੁਣ ਤੋਂ ਹੀ ਰੱਖੀ ਜਾ ਰਹੀ ਹੈ ਅਤੇ ਅਗਲੇ ਕੁਝ ਮਹੀਨੇ ਪੰਜਾਬ ਦੀ ਰਾਜਨੀਤੀ ਲਈ ਕਾਫ਼ੀ ਅਹਿਮ ਸਾਬਤ ਹੋ ਸਕਦੇ ਹਨ।

ਸਫਾ 1 ਦਾ ਬਾਕੀ


## ਅਮਰੀਕੀਆਂ ਲਈ ਪਾਸਪੋਰਟ ਬਣਵਾਉਣਾ...

ਸਿਸਟਮ ਵਿਚ ਸ਼ਾਮਲ ਆਰਟੀਫ਼ਿਸ਼ਲ ਇੰਟੈਲੀਜੈਂਸ (ਏ.ਆਈ.) ਅਤੇ ਫੇਸ਼ਲ ਰਿਕੋਗਨੀਸ਼ਨ ਤਕਨਾਲੋਜੀ ਤੁਰੰਤ ਜਾਂਚ ਕਰੇਗੀ ਕਿ ਫੋਟੋ ਸਰਕਾਰੀ ਮਾਪਦੰਡਾਂ ਅਨੁਸਾਰ ਹੈ ਜਾਂ ਨਹੀਂ। ਜੇਕਰ ਫੋਟੋ ਵਿਚ ਕੋਈ ਕਮੀ ਹੋਵੇਗੀ, ਤਾਂ ਸਿਸਟਮ ਤੁਰੰਤ ਦੱਸੇਗਾ ਕਿ ਉਸ ਨੂੰ ਕਿਵੇਂ ਠੀਕ ਕੀਤਾ ਜਾਵੇ।

ਇਸ ਤਕਨਾਲੋਜੀ ਨਾਲ ਪਾਸਪੋਰਟ ਅਰਜ਼ੀ ਦੀ ਪ੍ਰਕਿਰਿਆ ਹੋਰ ਤੇਜ਼ ਅਤੇ ਸੁਚਾਰੂ ਹੋਣ ਦੀ ਉਮੀਦ ਹੈ। ਸਰਕਾਰ ਦਾ ਮੰਨਣਾ ਹੈ ਕਿ ਇਸ ਨਾਲ ਲੱਖਾਂ ਅਮਰੀਕੀ ਨਾਗਰਿਕਾਂ ਦਾ ਸਮਾਂ ਅਤੇ ਪੈਸਾ ਦੋਵੇਂ ਬਚਣਗੇ, ਨਾਲ ਹੀ ਪਾਸਪੋਰਟ ਅਰਜ਼ੀਆਂ ਵਿਚ ਫੋਟੋ ਨਾਲ ਜੁੜੀਆਂ ਗਲਤੀਆਂ ਵੀ ਕਾਫ਼ੀ ਘੱਟ ਹੋਣਗੀਆਂ।

ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬਿਓ ਨੇ ਕਿਹਾ ਹੈ ਕਿ ਸਰਕਾਰ ਦਾ ਟੀਚਾ ਵੱਧ ਤੋਂ ਵੱਧ ਸਰਕਾਰੀ ਸੇਵਾਵਾਂ ਨੂੰ ਡਿਜ਼ੀਟਲ ਬਣਾਉਣਾ ਹੈ, ਤਾਂ ਜੋ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਦੇ ਘੱਟ ਚੱਕਰ ਲਗਾਉਣੇ ਪੈਣ। ਉਨ੍ਹਾਂ ਕਿਹਾ ਕਿ ਪਾਸਪੋਰਟ ਅਰਜ਼ੀ ਪ੍ਰਕਿਰਿਆ ਨੂੰ ਆਧੁਨਿਕ ਅਤੇ ਆਸਾਨ ਬਣਾਉਣ ਲਈ ਨਵੀਆਂ ਤਕਨੀਕਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਨਵੇਂ ਸਿਸਟਮ ਵਿਚ ਸੁਰੱਖਿਆ ਨੂੰ ਵੀ ਖਾਸ ਤਰਜੀਹ ਦਿੱਤੀ ਗਈ ਹੈ। ਫੇਸ਼ਲ ਰਿਕੋਗਨੀਸ਼ਨ ਤਕਨਾਲੋਜੀ ਰਾਹੀਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਅਰਜ਼ੀ ਦੇਣ ਵਾਲੇ ਦੀ ਪਛਾਣ ਸਹੀ ਹੈ ਅਤੇ ਕਿਸੇ ਹੋਰ ਵਿਅਕਤੀ ਦੀ ਫੋਟੋ ਦੀ ਵਰਤੋਂ ਨਾ ਹੋ ਸਕੇ। ਇਸ ਨਾਲ ਧੋਖਾਧੜੀ ਅਤੇ ਜਾਅਲੀ ਦਸਤਾਵੇਜ਼ਾਂ ਦੇ ਮਾਮਲੇ ਘਟਣ ਦੀ ਉਮੀਦ ਵੀ ਜਤਾਈ ਜਾ ਰਹੀ ਹੈ। ਹਾਲਾਂਕਿ ਇਹ ਸਿਸਟਮ ਅਜੇ ਟੈਸਟਿੰਗ ਅਤੇ ਵਿਕਾਸ ਦੇ ਪੜਾਅ ਵਿਚ ਹੈ। ਅਮਰੀਕੀ ਸਰਕਾਰ ਨੇ ਅਜੇ ਤੱਕ ਇਹ ਐਲਾਨ ਨਹੀਂ ਕੀਤਾ ਕਿ ਇਹ ਸੇਵਾ ਕਦੋਂ ਦੇਸ਼ ਭਰ ਵਿਚ ਲਾਗੂ ਕੀਤੀ ਜਾਵੇਗੀ। ਇਸ ਲਈ ਇਸ ਵੇਲੇ ਪਾਸਪੋਰਟ ਲਈ ਅਰਜ਼ੀ ਦੇਣ ਵਾਲੇ ਲੋਕਾਂ ਨੂੰ ਮੌਜੂਦਾ ਨਿਯਮਾਂ ਅਨੁਸਾਰ ਹੀ ਫੋਟੋ ਜਮ੍ਹਾਂ ਕਰਵਾਉਣੀ ਪਵੇਗੀ। ਜੇਕਰ ਇਹ ਯੋਜਨਾ ਸਫਲ ਰਹਿੰਦੀ ਹੈ, ਤਾਂ ਅਮਰੀਕਾ ਵਿਚ ਪਾਸਪੋਰਟ ਬਣਵਾਉਣ ਦੀ ਪ੍ਰਕਿਰਿਆ ਪਹਿਲਾਂ ਨਾਲੋਂ ਕਾਫ਼ੀ ਆਸਾਨ, ਤੇਜ਼ ਅਤੇ ਡਿਜ਼ੀਟਲ ਹੋ ਜਾਵੇਗੀ, ਜਿਸ ਦਾ ਲਾਭ ਹਰ ਸਾਲ ਪਾਸਪੋਰਟ ਲਈ ਅਰਜ਼ੀ ਦੇਣ ਵਾਲੇ ਲੱਖਾਂ ਅਮਰੀਕੀ ਨਾਗਰਿਕਾਂ ਨੂੰ ਮਿਲੇਗਾ।

# ਲੂ ਲੱਗਣਾ ਜਾਂ ਸਨ-ਸਟਰੋਕ






ਡਾ. ਮਨਜੀਤ ਸਿੰਘ ਬੱਲ
9872843491
balmanjit1953@yahoo.co.in
ਪੰਜਾਬ ਮੇਲ USA

ਤਬਦੀਲੀ ਕੁਦਰਤ ਦਾ ਨਿਯਮ ਹੈ। ਜਿਵੇਂ ਦਿਨ ਤੋਂ ਬਾਦ ਰਾਤ ਆਉਂਦੀ ਹੈ, ਇਵੇਂ ਹੀ ਸਰਦੀ ਤੋਂ ਬਾਅਦ ਗਰਮੀ ਅਤੇ ਬਰਸਾਤ ਆਦਿ ਮੌਸਮ ਆਉਂਦੇ ਹਨ। ਹਰ ਸਾਲ ਗਰਮੀ ਦੇ ਮੌਸਮ 'ਚ ਲੂ ਲੱਗਣ ਦੇ ਕੇਸਾਂ ਬਾਰੇ ਖ਼ਬਰਾਂ ਸੁਣੀਂਦੀਆਂ ਹਨ। ਇਸ ਵਾਰ ਵੀ ਤਾਪਮਾਨ ਕਾਫੀ ਚੜ੍ਹ ਗਿਆ ਹੈ।

ਤਪਦਾ ਸੂਰਜ ਜਦ ਅੱਗ ਵਰ੍ਹਾਉਂਦਾ ਹੈ, ਤਾਂ ਮਜ਼ਦੂਰ, ਕਾਮੇ, ਯਾਤਰੂ, ਭਿਖਾਰੀ ਆਦਿ ਲੂ ਦੀ ਲਪੇਟ ਵਿਚ ਆ ਜਾਂਦੇ ਹਨ। ਪਸੀਨੇ ਰਾਹੀਂ ਸਰੀਰ 'ਚੋਂ ਕਾਫੀ ਪਾਣੀ ਬਾਹਰ ਨਿਕਲ ਜਾਂਦਾ ਹੈ। ਪਾਣੀ ਦੀ ਕਮੀ ਨੂੰ ਪੂਰਾ ਕਰਨ ਲਈ ਜੇਕਰ ਪਾਣੀ ਅਤੇ ਪੀਣ ਵਾਲੇ ਤਰਲ ਉਪਲਭਦ ਨਾ ਹੋਣ ਜਾਂ ਕੰਮ ਦੇ ਰੁਝੇਵੇਂ ਵਿਚ ਤ੍ਰੇਹ ਦਾ ਖ਼ਿਆਲ ਹੀ ਨਾ ਕੀਤਾ ਜਾਵੇ, ਤਾਂ ਨਿਰਜਲੀਕਰਣ (ਡੀ ਹਾਈਡ੍ਰੇਸ਼ਨ) ਹੋ ਜਾਂਦੀ ਹੈ ਤੇ ਵਿਅਕਤੀ ਨੂੰ ਲੂ ਲੱਗ ਜਾਂਦੀ ਹੈ, ਜਿਹਦੇ ਨਾਲ ਮੌਤ ਹੋ ਸਕਦੀ ਹੈ। ਜਦ ਮੁੜ੍ਹਕਾ ਆਉਣਾ ਬੰਦ ਹੋ ਜਾਵੇ ਤੇ ਸਰੀਰ ਦਾ ਤਾਪਮਾਨ 1040 ਫਾਰਨਹੀਟ ਤੋਂ ਉਪਰ ਹੋ ਜਾਵੇ, ਤਾਂ ਸਮਝੋ ਕਿ ਵਿਅਕਤੀ ਨੂੰ ਲੂ ਲੱਗ ਗਈ ਹੈ।

ਆਮ ਕਰਕੇ ਬਜ਼ੁਰਗ, ਬੱਚੇ ਮਜ਼ਦੂਰ ਤੇ ਯਾਤਰੂ ਇਸ ਦਾ ਸ਼ਿਕਾਰ ਹੁੰਦੇ ਹਨ। ਅਗਰ ਬੱਚਾ ਬਾਰ੍ਹਾਂ ਦਿਨਾਂ ਤੋਂ ਛੋਟਾ ਹੋਵੇ, ਤਾਂ ਉਹਦੇ ਪਸੀਨੇ ਦਾ ਪਤਾ ਹੀ ਨਹੀਂ ਲੱਗਦਾ। ਇਸ ਕਰਕੇ ਗਰਮੀਆਂ ਵਿਚ ਮਾਵਾਂ ਨੂੰ ਚਾਹੀਦਾ ਹੈ ਕਿ ਛੋਟੇ ਬੱਚਿਆਂ ਦੀ ਚਮੜੀ ਨੂੰ ਹੱਥ ਲਗਾ ਕੇ ਵੇਖਦੀਆਂ ਰਹਿਣ ਕਿ ਪਸੀਨਾ ਆ ਰਿਹਾ ਹੈ ..? ਸਰੀਰ ਜ਼ਿਆਦਾ ਗਰਮ ਤਾਂ ਨਹੀਂ...? ਗਰਮੀ ਦੇ ਮੌਸਮ ਵਿਚ, ਜੇ ਕਿਸੇ ਹੋਰ ਕਾਰਣ ਕਰਕੇ ਪਹਿਲਾਂ ਹੀ ਬੁਖ਼ਾਰ ਚੜ੍ਹਿਆ ਹੋਵੇ, ਤਾਂ ਲੂ ਲੱਗਣ ਕਾਰਣ ਮੌਤ ਦਾ ਖ਼ਤਰਾ ਹੋਰ ਵੀ ਵਧ ਜਾਂਦਾ ਹੈ। ਐਸੇ ਵਿਅਕਤੀਆਂ ਨੂੰ ਤੰਦਰੁਸਤਾਂ ਨਾਲੋਂ ਵੀ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ। ਗਰਮੀਆਂ ਵਿਚ ਮਲੇਰੀਆ, ਟਾਇਫਾਇਡ ਜਾਂ ਕਿਸੇ ਹੋਰ ਰੋਗ ਕਾਰਣ ਬੁਖ਼ਾਰ ਚੜ੍ਹ ਜਾਵੇ, ਤਾਂ ਪਾਣੀ ਦੀ ਘਾਟ ਯਾਨੀ ਕਿ ਨਿਰਜਲੀਕਰਣ (ਡੀ ਹਾਈਡ੍ਰੇਸ਼ਨ), ਸੱਨ-ਸਟਰੋਕ' ਦਾ ਕਾਰਣ ਬਣਦੀ ਹੈ।

ਲੂ ਲੱਗਣ ਵਾਲੇ ਵਿਅਕਤੀ ਦੀ ਚਮੜੀ ਬਿਲਕੁਲ ਖ਼ੁਸ਼ਕ (ਮੁੜ੍ਹਕੇ ਤੋਂ ਬਗ਼ੈਰ) ਅਤੇ ਸਰੀਰ ਗਰਮ ਹੁੰਦਾ ਹੈ। ਲੂ ਦੀ ਪੱਕੀ-ਪਛਾਣ ਕਰਨ ਲਈ ਪਹਿਲਾਂ ਕੱਛ ਵਿਚ ਤੇ ਫੇਰ ਜੀਭ ਦੇ ਹੇਠਾਂ ਮੂੰਹ ਵਿਚ ਥਰਮਾਮੀਟਰ ਲਗਾ ਕੇ ਵੇਖੋ। ਜੇਕਰ ਕੱਛ ਦਾ ਤਾਪਮਾਨ, ਮੂੰਹ ਦੇ ਤਾਪਮਾਨ ਨਾਲੋਂ ਵੱਧ ਹੋਵੇ, ਤਾਂ ਲੂ ਲੱਗਣ ਦਾ ਕੇਸ ਹੁੰਦਾ ਹੈ। ਐਸੇ ਕੇਸਾਂ ਵਿਚ ਆਮ ਕਰਕੇ 1040 ਫਾਰਨਹੀਟ ਤੋਂ ਵੀ ਵੱਧ ਬੁਖ਼ਾਰ ਹੁੰਦਾ ਹੈ। ਸਰੀਰ ਅੰਦਰ ਪਾਣੀ ਦੀ ਕਮੀ ਹੋ ਚੁੱਕੀ ਹੁੰਦੀ ਹੈ। ਇਸ ਲਈ ਚਮੜੀ ਖੁਸ਼ਕ ਹੁੰਦੀ ਹੈ। ਬੁਖ਼ਾਰ ਲਾਹੁਣ ਵਾਲੀਆਂ ਦਵਾਈਆਂ, ਜਿਵੇਂ ਪੈਰਾਸਿਟਾਮੋਲ ਵੀ ਬੇਅਸਰ ਰਹਿੰਦੀਆਂ ਹਨ। ਇਹ ਦਵਾਈਆਂ ਤਾਂ ਮੁੜ੍ਹਕਾ ਲਿਆ ਕੇ ਬੁਖ਼ਾਰ ਲਾਹੁੰਦੀਆਂ ਹਨ ਪਰ ਲੂ ਵਾਲੇ ਰੋਗੀ ਅੰਦਰ ਤਾਂ ਮੁੜ੍ਹਕਾ ਲਿਆਉਣ ਜੋਗਾ ਪਾਣੀ ਹੀ ਨਹੀਂ ਹੁੰਦਾ, ਇਸ ਲਈ ਇਨ੍ਹਾਂ ਦਵਾਈਆਂ ਨਾਲ ਬੁਖ਼ਾਰ ਨਹੀਂ ਉਤਰਦਾ।

ਲੂ ਲੱਗਣ ਦੀ ਸੂਰਤ 'ਚ ਮੂੰਹ ਰਸਤੇ ਵੱਧ ਤੋਂ ਵੱਧ ਤਰਲ ਦੇਣੇ ਚਾਹੀਦੇ ਹਨ (ਜੇਕਰ ਰੋਗੀ ਲੈ ਸਕਦਾ ਹੋਵੇ), ਨਹੀਂ ਤਾਂ ਫ਼ੌਰੀ ਤੌਰ 'ਤੇ ਹਸਪਤਾਲ ਦਾਖ਼ਲ ਕਰਵਾ ਦੇਣਾ ਚਾਹੀਦਾ ਹੈ, ਤਾਂ ਕਿ ਗੁਲੂਕੋਜ਼ ਤੇ ਹੋਰ ਤਰਲਾਂ ਦੀਆਂ ਬੋਤਲਾਂ ਚੜ੍ਹਾਈਆਂ ਜਾ ਸਕਣ। ਚਮੜੀ ਨੂੰ ਠੰਢਾ ਕਰਨ ਲਈ ਠੰਢੀਆਂ ਪੱਟੀਆਂ ਰੱਖਣੀਆਂ ਜਾਂ ਬਰਫ਼ ਦੀ ਵਰਤੋਂ ਕਰਨੀ ਚਾਹੀਦੀ ਹੈ। ਮੂੰਹ ਰਸਤੇ ਦੇਣ ਵਾਲੇ ਪਾਣੀ 'ਚ ਲੂਣ ਅਤੇ ਖੰਡ ਮਿਲਾ ਕੇ ਦੇਣੀ ਚਾਹੀਦੀ ਹੈ ਕਿਉਂਕਿ ਇਕੱਲਾ ਪਾਣੀ ਅੰਤੜੀਆਂ ਵਿਚ ਚੰਗੀ ਤਰ੍ਹਾਂ ਜਜ਼ਬ ਨਹੀਂ ਹੁੰਦਾ। ਉਂਜ ਵੀ, ਐਸੇ ਵਿਅਕਤੀਆਂ ਵਿਚ ਇਹ ਦੋਵੇਂ ਤੱਤ (ਲੂਣ ਅਤੇ ਗੁਲੂਕੋਜ਼) ਘੱਟ ਚੁੱਕੇ ਹੁੰਦੇ ਹਨ।

ਖੁਸ਼ਕ ਗਰਮੀ ਦੇ ਮੌਸਮ ਤੋਂ ਤੰਗ ਆਕੇ ਮਨੁੱਖ, ਬਰਸਾਤ ਦੀ ਉਤਸੁਕਤਾ ਨਾਲ ਉਡੀਕ ਕਰਦਾ ਹੈ। ਗਰਮੀ ਵਿਚ ਮੀਂਹ ਦੀਆਂ ਕਣੀਆਂ ਠੰਢ ਪਾਉਂਦੀਆਂ ਹਨ ਪਰ ਛਿੱਟਾਂ ਪੈਣ ਤੋਂ ਬਾਅਦ ਜਦ ਹਵਾ ਬੰਦ ਹੋ ਜਾਵੇ, ਤਾਂ ਸਿਲ੍ਹ, ਐਸਾ ਹੁੰਮਸ ਤੇ ਤਵਾੜ ਲਾਉਂਦੀ ਹੈ ਕਿ ਜੀਅ ਘਬਰਾਉਣ ਲੱਗਦਾ ਹੈ। ਮੁੜ੍ਹਕੇ ਦੀ ਕੋਈ ਹੱਦ ਨਹੀਂ ਰਹਿੰਦੀ, ਨਹਾ ਕੇ ਹਟੋ ਤਾਂ ਗੁਸਲਖਾਨੇ ਦੇ ਅੰਦਰ, ਕੱਪੜੇ ਪਾਉਂਦਿਆਂ ਹੀ ਫੇਰ ਪਸੀਨਾ ਆ ਜਾਂਦਾ ਹੈ। ਜਦ ਕਦੀ ਸੂਰਜ ਅੱਗੋਂ ਬੱਦਲ ਪਰ੍ਹਾਂ ਹੋ ਜਾਣ, ਤਾਂ ਤਿੱਖੀ ਗਰਮੀ ਜਰੀ ਨਹੀਂ ਜਾਂਦੀ। ਇਸ ਮੁੜ੍ਹਕੇ ਵਾਲੇ ਮੌਸਮ ਵਿਚ, ਵਰਜ਼ਿਸ਼ ਜਾਂ ਜ਼ੋਰ ਵਾਲੇ ਕੰਮ ਤੋਂ ਬਾਅਦ, ਨਮਕ ਵਾਲਾ ਨਿੰਬੂ ਪਾਣੀ ਰੱਜ ਕੇ ਪੀਣਾ ਚਾਹੀਦਾ ਹੈ, ਤਾਂ ਕਿ ਪਾਣੀ ਦੇ ਨਾਲ-ਨਾਲ ਖਣਿਜਾਂ ਦੀ ਕਮੀ ਵੀ ਪੂਰੀ ਹੁੰਦੀ ਰਹੇ।

ਲੂ ਲੱਗਣ ਦੀ ਸੂਰਤ 'ਚ ਮੂੰਹ ਰਸਤੇ ਵੱਧ ਤੋਂ ਵੱਧ ਤਰਲ ਦੇਣੇ ਚਾਹੀਦੇ ਹਨ (ਜੇਕਰ ਰੋਗੀ ਲੈ ਸਕਦਾ ਹੋਵੇ), ਨਹੀਂ ਤਾਂ ਫ਼ੌਰੀ ਤੌਰ 'ਤੇ ਹਸਪਤਾਲ ਦਾਖ਼ਲ ਕਰਵਾ ਦੇਣਾ ਚਾਹੀਦਾ ਹੈ, ਤਾਂ ਕਿ ਗੁਲੂਕੋਜ਼ ਤੇ ਹੋਰ ਤਰਲਾਂ ਦੀਆਂ ਬੋਤਲਾਂ ਚੜ੍ਹਾਈਆਂ ਜਾ ਸਕਣ। ਚਮੜੀ ਨੂੰ ਠੰਢਾ ਕਰਨ ਲਈ ਠੰਢੀਆਂ ਪੱਟੀਆਂ ਰੱਖਣੀਆਂ ਜਾਂ ਬਰਫ਼ ਦੀ ਵਰਤੋਂ ਕਰਨੀ ਚਾਹੀਦੀ ਹੈ। ਮੂੰਹ ਰਸਤੇ ਦੇਣ ਵਾਲੇ ਪਾਣੀ 'ਚ ਲੂਣ ਅਤੇ ਖੰਡ ਮਿਲਾ ਕੇ ਦੇਣੀ ਚਾਹੀਦੀ ਹੈ ਕਿਉਂਕਿ ਇਕੱਲਾ ਪਾਣੀ ਅੰਤੜੀਆਂ ਵਿਚ ਚੰਗੀ ਤਰ੍ਹਾਂ ਜਜ਼ਬ ਨਹੀਂ ਹੁੰਦਾ। ਉਂਜ ਵੀ, ਐਸੇ ਵਿਅਕਤੀਆਂ ਵਿਚ ਇਹ ਦੋਵੇਂ ਤੱਤ (ਲੂਣ ਅਤੇ ਗੁਲੂਕੋਜ਼) ਘੱਟ ਚੁੱਕੇ ਹੁੰਦੇ ਹਨ।



ਵੈਸੇ ਜ਼ਿਆਦਾ ਮੁੜ੍ਹਕਾ ਆਉਣ ਦੀ ਇਕ ਬੀਮਾਰੀ ਵੀ ਹੁੰਦੀ ਹੈ, ਜਿਸ ਨੂੰ ਹਾਈਪਰ-ਹਿਡਰੋਸਿਸ ਆਖਦੇ ਹਨ। ਇਸ ਦੇ ਕਾਰਣਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ, ਕਹਿੰਦੇ ਹਨ ਕਿ ਪਸੀਨਾ ਪੈਦਾ ਕਰਨ ਵਾਲੀਆਂ ਗ੍ਰੰਥੀਆਂ ਜ਼ਿਆਦਾ ਕਿਰਿਆਸ਼ੀਲ ਹੋ ਜਾਂਦੀਆਂ ਹਨ। ਇਸ ਬੀਮਾਰੀ ਦੀ ਇਕ ਸਥਾਈ ਕਿਸਮ ਹੈ, ਜਿਸ ਵਿਚ ਸਿਰਫ ਕੱਛਾਂ, ਨਲਾਂ, ਹਥੇਲੀਆਂ ਅਤੇ ਪੈਰਾਂ ਦੀਆਂ ਤਲੀਆਂ 'ਤੇ ਹੀ ਪਸੀਨਾ ਆਉਂਦਾ ਹੈ। ਕਈਆਂ ਮਾਹਿਰਾਂ ਦਾ ਵਿਚਾਰ ਹੈ ਕਿ ਘਬਰਾਹਟ, ਤਨਾਅ ਅਤੇ ਜਜ਼ਬਾਤੀ ਹੋਣ ਨਾਲ ਹਥੇਲੀਆਂ ਅਤੇ ਪੈਰਾਂ ਦੀਆਂ ਤਲੀਆਂ 'ਤੇ ਜ਼ਿਆਦਾ ਪਸੀਨਾ ਆਉਂਦਾ ਹੈ, ਇਸ ਨੂੰ 'ਸਾਇਕੋਟਿਕ ਸਵੈਟਿੰਗ" ਕਿਹਾ ਜਾਂਦਾ ਹੈ। ਥਾਇਰਾਇਡ ਗ੍ਰੰਥੀ ਦੇ ਵਧੇਰੇ ਕਿਰਿਆਸ਼ੀਲ ਹੋਣ (ਹਾਇਪਰਥਾਇਰਾਇਡਜ਼ਮ) ਨਾਲ ਵੀ ਹਥੇਲੀਆਂ ਗਿੱਲੀਆਂ ਰਹਿੰਦੀਆਂ ਹਨ।

ਇਕ ਹੋਰ ਪ੍ਰਸਥਿਤੀ ਜੋ ਬੱਚਿਆਂ 'ਚ ਪਾਈ ਜਾਂਦੀ ਹੈ, ਵਿਚ ਜੁਰਾਬਾਂ ਦੇ ਅੰਦਰ ਪੈਰਾਂ 'ਤੇ ਬਹੁਤ ਪਸੀਨਾ ਆਉਂਦਾ ਹੈ। ਇਸ ਨੂੰ "ਸਵੈਟਿੰਗ ਸੌਕ ਡਰਮੇਟਾਇਟਿਸ" ਆਖਦੇ ਹਨ। ਐਸੇ ਬੱਚਿਆਂ ਦੇ ਪੈਰ, ਬੂਟਾਂ ਦੇ ਅੰਦਰ ਵੀ ਗਿੱਲੇ ਰਹਿੰਦੇ ਹਨ। ਐਗਜ਼ੀਮਾ ਦੀ ਪਿੱਠ-ਭੂਮੀ ਵਾਲੇ ਪਰਿਵਾਰਾਂ ਦੇ ਬੱਚਿਆਂ 'ਚ ਇਹ ਸਮੱਸਿਆ ਵਧੇਰੇ ਹੁੰਦੀ ਹੈ। ਪੈਰਾਂ 'ਤੇ ਖ਼ੁਰਕ ਅਤੇ ਪਸੀਨੇ ਨਾਲ ਜੁਰਾਬਾਂ ਗਿੱਲੀਆਂ ਰਹਿਣ ਨਾਲ, ਪੈਰਾਂ ਤੇ ਜੁਰਾਬਾਂ 'ਚੋਂ ਬੋਅ ਆਉਂਦੀ ਰਹਿੰਦੀ ਹੈ। ਐਸੇ ਬੱਚਿਆਂ ਨੂੰ ਸੂਤੀ ਜੁਰਾਬਾਂ ਅਤੇ ਖੁੱਲ੍ਹੇ ਬੂਟ ਪਹਿਨਣੇ ਚਾਹੀਦੇ ਹਨ। ਵਿਹਲ ਵੇਲੇ ਬੂਟ-ਜੁਰਾਬਾਂ ਲਾਹ ਕੇ ਪੈਰਾਂ ਨੂੰ ਹਵਾ ਲਵਾਉਣੀ ਚਾਹੀਦੀ ਹੈ, ਹੋ ਸਕੇ ਤਾਂ ਇਸ ਮੌਸਮ ਵਿਚ, ਬੂਟ-ਜੁਰਾਬਾਂ ਤੋਂ ਪ੍ਰਹੇਜ਼ ਹੀ ਕਰਨਾ ਚਾਹੀਦਾ ਹੈ।

ਆਮ ਲੋਕਾਂ ਨੂੰ ਪਸੀਨੇ ਦੀ ਸਮੱਸਿਆ ਹੱਲ ਕਰਨ ਲਈ ਠੰਢੇ ਤੇ ਖੁੱਲ੍ਹੇ ਪਾਣੀ ਨਾਲ ਇਸ਼ਨਾਨ ਕਰਨਾ ਚਾਹੀਦਾ ਹੈ। ਪਿੰਡਾਂ ਵਿਚ ਬੰਬੀਆਂ (ਟਿਊਬਵੈਲਾਂ) ਦੇ ਚਬੱਚਿਆਂ ਵਿਚ ਜਾਂ ਆਧੁਨਿਕ ਘਰਾਂ ਵਿਚ ਨਹਾਉਣ ਵਾਲੇ ਟੱਬਾਂ ਜਾਂ ਫੁਹਾਰਿਆਂ ਹੇਠਾਂ ਕੁਝ ਵਕਤ ਲਗਾ ਕੇ ਨਹਾਉਣਾ ਚਾਹੀਦਾ ਹੈ। ਐਸਾ ਕਰਨ ਨਾਲ ਚਮੜੀ ਨੂੰ ਤਾਜ਼ਗੀ ਅਤੇ ਮਨ ਨੂੰ ਸ਼ਾਂਤੀ ਮਿਲਦੀ ਹੈ। ਨਹਾਉਣ ਤੋਂ ਬਾਦ ਸਰੀਰ ਨੂੰ ਚੰਗੀ ਤਰ੍ਹਾਂ ਤੌਲੀਏ ਨਾਲ ਸਾਫ ਕਰਕੇ, ਸੁਕਾ ਕੇ, ਟੈਲਕਮ ਪਾਊਡਰ ਦੀ ਵਰਤੋਂ ਕਰੋ। ਅਗਰ ਫਿਰ ਵੀ ਪਸੀਨੇ ਦੀ ਬੋਅ ਨਾ ਜਾਵੇ, ਤਾਂ ਇਸ਼ਨਾਨ ਵਾਲੇ ਪਾਣੀ 'ਚ ਥੋੜ੍ਹਾ ਜਿਹਾ ਬੋਰਿਕ ਐਸਿਡ ਜਾਂ ਅਲਮੀਨੀਅਮ ਕਲੋਰਾਇਡ ਦਾ ਘੋਲ ਵਰਤਿਆ ਜਾ ਸਕਦੈ। ਅੱਜਕੱਲ੍ਹ ਬਾਜ਼ਾਰ 'ਚ ਕਈ ਤਰ੍ਹਾਂ ਦੇ ਡਿਓਡਰੈਂਟ ਉਪਲਬੱਧ ਹਨ, ਜੋ ਪਸੀਨੇ ਦੀ ਬੋਅ ਨੂੰ ਦੂਰ ਕਰਨ ਲਈ ਵਰਤੇ ਜਾ ਸਕਦੇ ਹਨ। ਬੀਬੀਆਂ ਨੂੰ ਚਾਹੀਦਾ ਹੈ ਕਿ ਗਰਮੀਆਂ 'ਚ, ਉਹ ਕੇਸਾਂ ਨੂੰ ਕੱਸ ਬੰਨ੍ਹਣ ਤੇ ਗੁੱਤ ਉੱਚੀ ਕਰਨ ਜਾਂ ਜੂੜਾ ਕਰਨ। ਜ਼ਿਆਦਾ ਚੂੜੀਆਂ ਅਤੇ ਗਹਿਣੇ, ਇਸ ਮੌਸਮ ਵਿਚ ਘੱਟ ਪਾਓ ਜਾਂ ਨਾ ਹੀ ਪਾਓ ਤਾਂ ਚੰਗਾ ਰਹੇਗਾ, ਇਕ ਅੱਧੀ ਚੂੜੀ ਹੀ ਕਾਫੀ ਹੁੰਦੀ ਹੈ। ਇਸ ਮੌਸਮ ਵਿਚ ਸੂਤੀ ਤੇ ਹਲਕੇ ਰੰਗ ਦੇ ਕੱਪੜੇ ਪਾਓ ਠੀਕ ਰਹਿੰਦੇ ਹਨ। ਇਸ਼ਨਾਨ ਕਰਨ ਤੋਂ ਪਿੱਛੋਂ ਪਸੀਨੇ ਵਾਲੇ ਅੰਦਰੂਨੀ ਕੱਪੜੇ, ਹਰ ਰੋਜ਼ ਬਦਲਨੇ ਚਾਹੀਦੇ ਹਨ। ਪਿੱਤ ਅਤੇ ਫੁਰਣੀਆਂ ਤੋਂ ਬਚਣ ਲਈ ਕਾਫੀ ਸਾਰਾ ਪਾਣੀ ਪੀਣਾ, ਲਾਹੇਵੰਦ ਰਹਿੰਦਾ ਹੈ।

## ਗੀਤ

ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ।
ਤਪਦੀ ਨੂੰ ਹੋਰ ਨੀਂ ਤਪਾਉਣ ਆ ਗਿਆ।

ਮਾਹੀ ਮੈਥੋਂ ਦੂਰ ਅਤੇ ਮੈਂ ਘਰੇ ਕੱਲੀ।
ਜਿੰਦ ਏਦਾਂ ਮੇਰੀ ਹੋਈ ਜਿਉਂ ਭੱਠੀ ਵਿਚ ਛੱਲੀ।

ਚਾਅ ਅਤੇ ਸਧਰਾਂ ਰੁਲਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਗਿਆ।

ਨਿੱਕੀ ਨਿੱਕੀ ਰਿਮਝਿਮ ਤਨ ਮਨ ਨੂੰ ਹੈ ਸਾੜੇ।
ਬਾਗ਼ੀ ਖਿੜ ਪਏ ਨੇ ਫੁੱਲ ਰੰਗ ਲਾਲ ਸੂਹੇ ਗਾੜੇ।

ਅੱਗ ਉਤੇ ਹੋਰ ਤੇਲ ਪਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ।

ਰਾਤ ਸਾਰੀ ਕੱਢਾਂ ਗਿਣਗਿਣ ਤਾਰੇ।
ਜਿੰਦ ਮੇਰੀ ਹੀ ਜਾਏਂ ਦਿਨ ਜਿੰਦਾਂ ਮੈਂ ਗੁਜ਼ਾਰੇ।

ਸਰਗੋਸ਼ੀਆਂ ਦੇ ਮਿੱਠੇ ਗੀਤ ਗਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾਂ ਸਾਉਣ ਆ ਗਿਆ।

ਤੀਆਂ ਵਿਚ ਜਦ ਗਈ ਮੈਨੂੰ ਕਹਿਣ ਸਖੀਆਂ।
ਤੇਰੇ ਚਿਹਰੇ ਦੇ ਉਤੇ ਰੌਣਕਾਂ ਨਾ ਤੱਕੀਆਂ।

ਨਿੱਕੇ-ਨਿੱਕੇ ਮੀਂਹ ਦੇ ਵਿਚ ਕੀ ਗਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ।

ਲੈ ਕੇ ਮੀਂਹ ਦੀ ਬੌਛਾਰ ਪਾਣੀ ਪਾਣੀ ਕਰ ਦਿੱਤਾ।
ਮੇਰੇ ਮਨ ਵਾਲਾ ਖੂਹ ਨੱਕੋ-ਨਕ ਭਰ ਦਿੱਤਾ।

ਕੱਖਾਂ ਵਿਚਲੀ ਚਿੰਗਾਰੀ ਨੂੰ ਛੁਪਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ।

ਆਇਆ ਮਾਹੀ ਦਾ ਸੁਨੇਹਾ ਚਾਅ ਅੰਬਰਾਂ ਨੂੰ ਲੱਗੇ।
ਗਏ ਸੂਹੇ ਸੂਹੇ ਫੁੱਲ ਮੇਰੇ ਜੂੜੇ ਵਿਚ ਫੱਬੇ।

ਮਨ ਬਾਲਮ ਦਾ ਹੋਰ ਵੀ ਲੁਭਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ।

-ਬਲਵਿੰਦਰ ਬਾਲਮ ਗੁਰਦਾਸਪੁਰ
ਓਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਵਟਸਐਪ : 98156-25409



ਪੰਜਾਬ ਮੇਲ USA

## ਐ ਸੋਨ ਚਿੜੀਏ !

ਤੈਨੂੰ ਲੁੱਟਣ ਕਦੀਂ ਸਿਕੰਦਰ ਕਦੇ ਚੰਗੇਜ਼ ਆਏ,
ਮੁਹੰਮਦ ਗੌਰੀ ਜੇਹੇ ਲਹੂ ਨਾਲ਼ ਲਬਰੇਜ਼ ਆਏ।
ਕਦੇ ਤੈਮੂਰ ਵਰਗੇ ਤੱਕ ਜ਼ਮੀਨ ਜ਼ਰਖੇਜ਼ ਆਏ,
ਕਦੇ ਲੋਧੀ, ਗੁਲਾਮ, ਮੁਗ਼ਲ ਮਾਨਣ ਸੇਜ਼ ਆਏ।

ਔਰੰਗਜ਼ੇਬ, ਫਰਖ਼ਸੀਅਰ ਕਰ ਧਾਰ ਤੇਜ਼ ਆਏ,
ਗਜ਼ਨਵੀ, ਅਬਦਾਲੀ, ਨਾਦਰ ਤੇ ਅੰਗਰੇਜ਼ ਆਏ।
ਕੁਰਬਾਨੀਆਂ ਦੀ ਦਾਸਤਾਨ, ਫਾਂਸੀ ਦੇ ਹੇਜ਼ ਆਏ,
ਵਾਹ ਤਕਦੀਰੇ! ਗੋਰੇ ਗਏ ਕਾਲ਼ੇ ਅੰਗਰੇਜ਼ ਆਏ।

ਉਣਾਸੀ ਸਾਲ ਤੋਂ ਲੁੱਟਦੇ ਰਹੇ ਬਦਲਕੇ ਭੇਸ ਆਏ,
ਚੱਲ ਰਹੀ ਹਾਲੇ, ਪਾ ਦੇਸ਼ ਭਗਤੀ ਦਾ ਖੇਸ ਆਏ।
ਰੱਖਦੇ ਖਿਆਲ ਆਪਣਾ, ਮਤਾਂ ਕੋਈ ਠੇਸ ਆਏ,
ਸਵਿੱਸ ਬੈਂਕ ਜਾ ਭਰੇ ਉਨ੍ਹਾਂ, ਦੱਸਦੇ ਪਰਦੇਸ ਆਏ।

ਜਤਾਕੇ ਗਰੀਬ ਖੁਦ ਨੂੰ, ਵੋਟਾਂ ਦੇ ਹੱਕਦਾਰ ਆਏ,
ਲੋਕਰਾਜ ਦਾ ਮੁਖੌਟਾ, ਨੇਤਾ ਬਣ ਸਰਕਾਰ ਆਏ।
ਭੁੱਲੇ ਵਾਅਦੇ ਜੰਤਾ ਨਾਲ਼, ਉੱਝ ਖੁਦ-ਦਾਰ ਕਹਾਏ,
ਕੱਠਪੁਤਲੀ ਨਚਾਂਦੇ, *ਮਗਰ ਸਰਮਾਏਦਾਰ ਆਏ।

"ਐ ਸੋਨ ਚਿੜੀਏ! ਇਹ ਰਲੇ ਨੇ ਲੁਟੇਰੇ,
ਫੜ ਕੇ ਨੀਂ ਤੈਨੂੰ, ਇਨ੍ਹਾਂ ਖੰਭ ਨੋਚਣੇ ਤੇਰੇ।

ਪਾ ਕੇ ਨੀਂ ਪਿੰਜਰੇ, ਲਾਉਣੇ ਚੁੰਝਾਂ ਨੂੰ ਜੰਦੇ,
ਝੂਠਿਆਂ ਲਈ ਰੱਬ, ਸੱਚਿਆਂ ਲਈ ਫੰਧੇ।

ਨੀਰਵ, ਮਾਲੀਏ ਜੇਹੇ, ਵਿਦੇਸ਼ੀਂ ਜਾ ਵੱਸਦੇ,
ਪਾ ਕਨੂੰਨਾਂ ਦਾ ਘੇਰਾ, ਬੇਵਸੀ ਉੱਤੇ ਹੱਸਦੇ।

ਫੜਫੜਾ ਕੇ ਚਿੜੀਏ, ਤੂੰ ਚੁੱਪ ਕਰ ਜਾਣਾ,
ਜ਼ੁਲਮ ਸਹਿ ਕੇ ਵੀ, ਤੂੰ ਮੰਨ ਲੈਣਾ ਭਾਣਾ।

ਤੇਰੀ ਇਹ ਫ਼ਿਤਰਤ, ਹੈ ਜਾਣਦਾ ਮਦਾਰੀ,
ਵਜਾਉਂਦਾ ਡੁੱਗਡੁਗੀ, ਹੈ ਤੇਰੀ ਮੱਤ ਮਾਰੀ।

ਹਾਲਤ ਚੰਦਰੀਏ ਨੀਂ, ਉਸ ਮੁਰਗੀ ਵਰਗੀ,
ਸੋਨ-ਆਂਡਿਆਂ ਦੀ, ਝੋਲ ਜਿਸਦੀ ਭਰਗੀ।

ਲਾਲਚੀ ਨੇ ਹਾਕਮ, ਹੁਣ ਖੈਰ ਨਹੀਂ ਤੇਰੀ,
ਇਸੇ ਲਈ ਬੁੱਚੜਾਂ, ਤੈਨੂੰ ਪਾਈ ਹੈ ਘੇਰੀ।"

ਸੇਵਾ ਸਿੰਘ "ਨੂਰਪੁਰੀ"

* ਮਗਰ ਦਾ ਅਰਥ ਪਿੱਛੇ ਪਿੱਛੇ



ਪੰਜਾਬ ਮੇਲ USA

## ਮੈਂ-ਕਾਲ: ਤ੍ਰੈਕਾਲ

ਦਰ ਸਾਡੇ 'ਤੇ ਆ ਗਏ,
ਦਰਿਆਵਾਂ ਦੇ ਵਹਿਣ!

"ਬਣ ਤੂੰ ਵੀ ਦਰਿਆ",
ਇਹ ਲਹਿਰਾਂ ਕਹਿਣ!!!

ਸ਼ਬਦਾਂ ਵਿਚ ਜੁ ਵੱਗਦੇ,
ਕੰਢੀਂ ਕਦੇ ਨਾ ਰਹਿਣ।

ਮੇਰਾ ਇਕ, ਇਕ ਸ਼ਬਦ ਹੀ,
ਹੈ ਵਗਦਾ "ਦਰਿਆ"।
ਸੋਚ ਮੇਰੀ 'ਚੋਂ ਜਨਮਿਆ,
ਇਹ ਸ਼ਬਦ: "ਖੁਦਾ"।

ਕੰਢਿਆਂ ਵਿਚ ਨਾ ਬੱਝਦਾ,
ਅਰਥਾਂ ਦਾ ਬਹਾਅ।
ਫਲਸਫੇ ਵਿਚੋਂ ਫਲਸਫਾ,
ਇੰਞ ਹੀ ਰਹਿੰਦਾ ਮੌਲਦਾ।

॥ ਰਹਾਓ ॥

ਈਸਾ ਬੁੱਧ ਤੇ ਨਾਨਕ ਵੀ,
ਅਰਥਾਂ ਦੇ ਹੀ ਨਾਮ।

1.ਨਿਤਸ਼ੇ, 2.ਮਾਰਕਸ ਤੇ 3.ਸਾਰਤ ਵੀ,
4.ਸੂਤਰ ਬਣੇ 5.ਪੈਗ਼ਾਮ।

ਆਦਿ-ਕਾਲ ਤੋਂ ਜਾਰੀ ਹੈ,
ਚਿੰਤਨ ਦਾ ਇਹ ਸਿਲਸਿਲਾ।
ਤ੍ਰੈਕਾਲੀ ਦ੍ਰਿਸ਼ਟੀ ਦੇ ਅੰਦਰ,
ਸਮਾਂ ਨਿਰੰਤਰ ਚੱਲ ਰਿਹਾ!!!

-----------------

1. ਨਿਤਸ਼ੇ : ਫਰੈਡਰਿਕ ਨਿਤਸ਼ੇ (ਜਰਮਨ ਫਿਲਾਸਫਰ)
2. ਮਾਰਕਸ : ਕਾਰਲ ਮਾਰਕਸ (ਜਰਮਨ ਫਿਲਾਸਫਰ)
3. ਸਾਰਤ : ਜਾਂ ਪਾਲ ਸਾਰਤ (ਫਰਾਂਸੀਸੀ ਫਿਲਾਸਫਰ)
4. ਸੂਤਰ : ਫਾਰਮੂਲਾ, ਮੂਲ ਅਰਥ, ਤੱਤ ਸਾਰ
5. ਪੈਗਾਮ : ਸੰਦੇਸ਼, ਸੁਨੇਹਾ

-ਰਵਿੰਦਰ ਰਵੀ, ਕੈਨੇਡਾ
250-635-4455



ਪੰਜਾਬ ਮੇਲ USA

## ਮਿਲਣ ਚੱਲੀਏ

ਇੰਨੀ ਵਾਰ ਜੇ ਰੱਬ ਨੂੰ ਯਾਦ ਕਰਦਾ,
ਬੂਹੇ ਆਏ ਕੇ ਰੱਬ ਖਲੋ ਜਾਂਦਾ।
ਧੂਣੀ ਲਾਏ ਬਹਿੰਦਾ ਜੇ ਕਿਸੇ ਪਹਾੜ ਪੈਰੀਂ,
ਪਾਣੀ ਪੱਥਰਾਂ ਵਿਚੋਂ ਵੀ ਚੋ ਜਾਂਦਾ।
ਕੀ ਕਰਨਾ ਏ ਯਾਰੀ ਤੇ ਯਾਰ ਉਸ ਦਾ,
ਜਿੰਦ ਜਾਨ, ਮੁਹੱਬਤ ਜੋ ਖੋਹ ਜਾਂਦਾ!!
ਮਾਰਸ ਪਰਖ ਲਿਐ, ਸਿਰਫ ਰੱਬ ਯਾਰ ਸੱਚਾ
ਖਿਆਲ ਆਉਣ ਤੋਂ ਪਹਿਲਾਂ ਹੀ ਆ ਜਾਂਦੈ।
ਲੱਖ ਪਿੰਜਰਿਆਂ ਭਾਵੇਂ ਹੋਏ ਕੈਦ ਸੱਜਣ,
ਖੁਦਾ ਆਪਣੀ ਖੁਦਾਈ ਵਿਖਾ ਜਾਂਦੈ।
ਬੋਝ ਚੁਕਦਾ ਆਪਣੇ ਮੋਢਿਆਂ 'ਤੇ
ਨਾਲ ਯਾਰ ਉਡਾਰੀਆਂ ਲਾ ਜਾਂਦੈ!
ਕਾਫ਼ਰ ਕਹਿਰ ਦਾ ਜੋ ਯਾਰ ਤੋਂ ਫਿਰੇ ਲੁਕਦਾ,
ਨਾਲ ਰੱਬ ਦੇ ਦਗਾ ਕਮਾਈ ਜਾਂਦੈ।

ਯਾਦ ਆਉਣ 'ਤੇ ਜੋ ਯਾਰ ਨੂੰ ਨਹੀਂ ਮਿਲਦਾ,
ਜੜੋਂ ਮੁਹੱਬਤ ਨੂੰ ਟੱਕੂਏ ਲਾਈ ਜਾਂਦੈ।
ਪੁੱਟੇ ਯਾਰ ਤੇ ਪਿਆਰ ਨੂੰ ਜੜੋਂ ਜਿਹੜਾ
ਕੱਬਰ ਆਪਣੀ ਜਿਊਂਦਾ ਬਣਾਈ ਜਾਂਦੈ!
ਉੱਠ ਮਾਰਸਾ ਯਾਰ ਨੂੰ ਮਿਲਣ ਚੱਲੀਏ।
ਯਾਰ ਮੇਰਾ, ਤੇ ਨਾ ਰੱਬ ਨਾਰਾਜ਼ ਹੋਵੇ।
ਰਹਿਣਾ ਜੱਗ 'ਤੇ, ਰੱਬ ਦੀ ਛਤਰ ਛਾਇਆ।
ਸੱਚੇ ਰੱਬ, 'ਤੇ ਯਾਰ ਨੂੰ ਨਾਜ ਹੋਵੇ।
ਸੂਲੀ ਚੜ੍ਹ ਪੈਸਾ, ਰੱਬ ਤੇ ਯਾਰ ਖਾਤਰ।
ਮੇਰੇ ਗਿਆਂ ਜੇ ਯਾਰ ਆਬਾਦ ਹੋਵੇ!!

-ਮਾਈਕਲ ਬੱਠਲਾ,
ਯੂ.ਐੱਸ.ਏ.



ਪੰਜਾਬ ਮੇਲ USA

# PUNJAB MAIL USA

TV Channel, Newspaper, Radio

24 Hours
7 Days

All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

For any Information & Advertisement Call at

**+1-916-320-9444**








FOR SALE & PURCHASE OF ANY KIND OF PROPERTY



RE/MAX

RE/MAX®
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**